ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 128| 19 to 25 June , 2024 | Ph.: (510) 240-5949 | Email: asrtimes@gmail.com

## ਸਾਕਾ ਨੀਲਾ ਤਾਰਾ 'ਚ ਇੰਗਲੈਂਡ ਸਰਕਾਰ ਦੀ ਭੂਮਿਕਾ ਦੀ ਜਾਂਚ ਹੋਵੇ : ਲੇਬਰ ਪਾਰਟੀ



ਲੰਡਨ/ਏ.ਟੀ.ਨਿਊਜ਼: ਯੂ. ਕੇ. ਦੀ ਲੇਬਰ ਪਾਰਟੀ ਨੇ ਜੂਨ 1984 'ਚ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਵਿੱਚ ਇੰਗਲੈਂਡ ਦੀ ਭੂਮਿਕਾ ਦੀ ਜਾਂਚ ਮੰਗੀ ਹੈ। ਪਾਰਟੀ ਦੇ ਆਗੂ ਐਂਜਲਾ ਰੇਅਨਰ ਅਤੇ ਕਾਵੈਂਟਰੀ-ਦਖਣੀ ਤੋਂ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਜ਼ਾਰਾਹ ਸੁਲਤਾਨਾ ਨੇ 'ਬਲੂ-ਸਟਾਰ' ਆਪਰੇਸ਼ਨ ਦੌਰਾਨ ਸ਼ਹੀਦ ਹੋਏ ਸੈਂਕੜੇ ਸਿੰਘਾਂ-ਸਿੰਘਣੀਆਂ ਦੀ 40ਵੀਂ ਬਰਸੀ ਮੌਕੇ ਕਿਹਾ ਹੈ ਕਿ ਜਦੋਂ ਲੇਬਰ ਪਾਰਟੀ ਦੀ ਸਰਕਾਰ ਬਣੇਗੀ, ਤਾਂ ਉਹ ਇਸ ਮਾਮਲੇ ਦਾ ਸੱਚ ਜ਼ਰੂਰ ਸਾਹਮਣੇ ਲੈ ਕੇ ਆਉਣਗੇ।

ਐਂਜਲਾ ਰੇਅਨਰ ਨੇ ਬੀਤੀ ਦੋ ਜੂਨ ਨੂੰ 'ਐਕਸ' (ਜਿਸ ਨੂੰ ਪਹਿਲਾਂ 'ਟਵਿਟਰ' ਕਿਹਾ ਜਾਂਦਾ ਸੀ) 'ਤੇ ਅਪਣਾ ਬਿਆਨ ਜਾਰੀ ਕਰਦਿਆਂ ਐਲਾਨ ਕੀਤਾ ਸੀ - "ਹੁਣ ਜਦੋਂ ਅਸੀਂ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ 40ਵੀਂ ਬਰਸੀ ਮਨਾ ਰਹੇ ਹਾਂ। ਸਾਡੀ ਲੇਬਰ ਪਾਰਟੀ ਇਸ ਮੌਕੇ ਸਿੱਖ ਕੌਮ ਨਾਲ ਖੜੀ ਹੈ ਤੇ ਉਸ ਹਮਲੇ 'ਚ ਬ੍ਰਿਟੇਨ ਦੀ ਭੂਮਿਕਾ ਦੀ ਜਾਂਚ ਮੰਗਦੀ ਹੈ। ਸਾਡੀ ਲੇਬਰ ਸਰਕਾਰ ਇਸ ਮਾਮਲੇ ਦੇ ਸਾਰੇ ਸੱਚ ਜੱਗ ਜ਼ਾਹਰ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਰਹੇਗੀ।"

ਇਸ ਦੌਰਾਨ ਜ਼ਾਰਾਹ ਸੁਲਤਾਨਾ ਨੇ ਵੀ ਸ੍ਰੀਮਤੀ ਰੇਅਨਰ ਵਾਂਗ ਹੀ 'ਐਕਸ' 'ਤੇ ਅਪਣੇ ਜਜ਼ਬਾਤ ਕੁੱਝ ਇੰਝ ਪ੍ਰਗਟਾਏ ਹਨ,'40 ਵਰ੍ਹੇ ਪਹਿਲਾਂ ਅੰਮ੍ਰਿਤਸਰ ਸਥਿਤ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਹੋਇਆ ਸੀ।

(ਬਾਕੀ ਸਫ਼ਾ 30 'ਤੇ)

## ਬਲਦੇ ਸਿਵਿਆਂ 'ਤੇ ਸਿਆਸਤਦਾਨ ਮਿਹਣੋ-ਮਿਹਣੀ

# ਨਸ਼ਿਆਂ ਨੇ ਪੱਟ ਦਿੱਤੇ ਪੰਜਾਬੀ ਗੱਭਰੂ

## ਕੋਈ ਵੀ ਸਰਕਾਰ ਹੱਲ ਨਾ ਕਰ ਸਕੀ ਨਸ਼ੇ ਦੀ ਸਮੱਸਿਆ

ਪਟਿਆਲਾ/ਏ.ਟੀ.ਨਿਊਜ਼ : ਸਾਡੇ ਰੰਗਲੇ ਪੰਜਾਬ ਦੀ ਸ਼ਾਨ ਜਿੱਥੇ ਸੋਹਣੇ ਸੁਨੱਖੇ ਤੇ ਉੱਚੇ ਲੰਬੇ ਪੰਜਾਬੀ ਗੱਭਰੂ ਹਨ, ਜਿਨ੍ਹਾਂ ਦੀ ਸੂਰਬੀਰਤਾ, ਸਾਹਸ, ਦਲੇਰੀ ਅਤੇ ਹੌਂਸਲੇ ਦੀਆਂ ਗੱਲਾਂ ਪੂਰੀ ਦੁਨੀਆਂ ਵਿੱਚ ਹੁੰਦੀਆਂ ਹਨ, ਪਰ ਇਸੇ ਪੰਜਾਬ ਵਿੱਚ ਅਨੇਕਾਂ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਵੀ ਫਸੇ ਹੋਏ ਹਨ ਜੋ ਕਿ ਪੰਜਾਬ ਦੀ ਵੱਖਰੀ ਹੀ ਤਸਵੀਰ ਪੇਸ਼ ਕਰ ਰਹੇ ਹਨ। ਅੱਜ ਸਾਡੇ ਰੰਗਲੇ ਪੰਜਾਬ ਨੂੰ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ। ਅੱਜ ਦੇ ਅਨੇਕਾਂ ਗੱਭਰੂਆਂ ਨੂੰ ਨਸ਼ਿਆਂ ਨੇ ਪੱਟ ਦਿੱਤਾ ਹੈ।ਮੀਡੀਆ ਰਿਪੋਰਟਾਂ ਤਾਂ ਇਹ ਕਹਿ ਰਹੀਆਂ ਹਨ ਕਿ ਪਿਛਲੇ ਪੰਦਰਾਂ ਦਿਨਾਂ ਦੌਰਾਨ ਨਸ਼ੇ ਕਾਰਨ ਪੰਜਾਬ ਵਿੱਚ 14 ਨੌਜਵਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ ਭਾਵੇਂ ਕਿ ਬਾਅਦ ਵਿੱਚ ਪੰਜਾਬ ਪੁਲਿਸ ਨੇ ਦਾਅਵਾ ਕੀਤਾ ਕਿ ਕੁਝ ਨੌਜਵਾਨਾਂ ਦੀਆਂ ਮੌਤਾਂ ਦਾ ਕਾਰਨ ਨਸ਼ਾ ਨਹੀਂ ਸੀ। ਅਸਲੀਅਤ ਭਾਵੇਂ ਕੁਝ ਵੀ ਹੋਵੇ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ੇ ਕਾਰਨ ਪੰਜਾਬ ਦੇ ਗੱਭਰੂਆਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਹਨ। ਇਹੋ ਅੱਜ ਦੇ ਪੰਜਾਬ ਦੀ ਸੱਚਾਈ ਹੈ, ਜਿਸ ਤੋਂ ਕੋਈ ਮੂੰਹ ਨਹੀਂ ਮੋੜ ਸਕਦਾ।



ਇਸ ਤੋਂ ਵੀ ਮਾੜੀ ਗੱਲ ਇਹ ਹੋ ਰਹੀ ਹੈ ਕਿ ਨਸ਼ੇ ਕਾਰਨ ਪੰਜਾਬੀ ਗੱਭਰੂਆਂ ਦੇ ਬਲਦੇ ਸਿਵਿਆਂ 'ਤੇ ਸਿਆਸਤਦਾਨ ਆਪਸ ਵਿੱਚ ਹੀ ਮਿਹਣੋ-ਮਿਹਣੀ ਹੋ ਰਹੇ ਹਨ ਪਰ ਇਹਨਾਂ ਵਿਚੋਂ ਕਿਸੇ ਵੀ ਸਿਆਸਤਦਾਨ ਵੱਲੋਂ ਨਸ਼ੇ ਦੀ ਸਮੱਸਿਆ ਹੱਲ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ, ਸਾਰੇ ਸਿਆਸੀ ਆਗੂ ਬਲਦੇ ਸਿਵਿਆਂ ਦੀਆਂ ਲਾਟਾਂ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਸਿਆਸੀ ਆਗੂਆਂ ਦੀ ਤਾਂ ਗੱਲ ਹੀ ਛੱਡੋ, ਪੰਜਾਬ ਵਿਚੋਂ ਨਸ਼ੇ ਦੀ ਸਮੱਸਿਆ ਹੱਲ ਕਰਨ ਲਈ ਸਮੇਂ ਦੀਆਂ ਸਾਰੀਆਂ ਸਰਕਾਰਾਂ ਫੇਲ੍ਹ ਹੋ ਗਈਆਂ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ ਵਿਚੋਂ ਨਸ਼ੇ ਨੂੰ ਸਮਾਪਤ ਕੀਤਾ ਜਾਵੇਗਾ ਪਰ ਇਹ ਸਰਕਾਰ ਅਜੇ ਤੱਕ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਕਾਮਯਾਬ ਨਹੀਂ ਹੋਈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ੇ ਦੇ ਸੌਦਾਗਰਾਂ, ਕੁਝ ਪੁਲਿਸ ਅਧਿਕਾਰੀਆਂ ਅਤੇ ਕੁਝ ਸਿਆਸੀ ਆਗੂਆਂ ਦਾ ਮਜ਼ਬੂਤ ਗਠਜੋੜ ਹੈ, ਜਿਸ ਕਾਰਨ ਇਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ। ਪੰਜਾਬ ਪੁਲਿਸ ਨਸ਼ਿਆਂ ਖ਼ਿਲਾਫ਼ ਕਾਰਵਾਈ ਦੇ ਨਾਮ 'ਤੇ ਨਸ਼ਾ ਵਪਾਰ ਦੀਆਂ ਛੋਟੀਆਂ ਮੱਛੀਆਂ ਨੂੰ ਕਾਬੂ ਕਰ ਲੈਂਦੀ ਹੈ ਪਰ ਨਸ਼ੇ ਦੇ ਵੱਡੇ ਮਗਰਮੱਛ ਪੁਲਿਸ ਦੀ ਕਾਰਵਾਈ ਤੋਂ ਬਚੇ ਰਹਿੰਦੇ ਹਨ। ਵਿਰੋਧੀ ਆਗੂ ਤਾਂ ਇਹ ਦੋਸ਼ ਲਗਾ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨਸ਼ਾ ਪਹਿਲਾਂ ਨਾਲੋਂ ਵੀ ਵਧ ਗਿਆ ਹੈ।

ਕੀ ਕਿਸੇ ਨੇ ਉਹਨਾਂ ਮਾਪਿਆਂ ਬਾਰੇ ਵੀ ਸੋਚਿਆ ਹੈ ? ਜਿਨ੍ਹਾਂ ਦੇ ਜਵਾਨ ਪੁੱਤਰ ਨਸ਼ੇ ਕਾਰਨ ਇਸ ਜਹਾਨੋਂ ਤੁਰ ਗਏ ਸਨ, ਲਾਡਾਂ ਨਾਲ ਪਾਲੇ ਜਿਹੜੇ ਪੁੱਤਰਾਂ ਨੇ ਮਾਪਿਆਂ ਦੀ ਬੁਢਾਪੇ ਦੀ ਡੰਗੋਰੀ ਬਣਨਾ ਸੀ, ਉਹਨਾਂ ਪੁੱਤਰਾਂ ਦੀਆਂ ਅਰਥੀਆਂ ਹੀ ਬੁੱਢੇ ਬਾਪੂਆਂ ਨੂੰ ਆਪਣੇ ਮੋਢਿਆਂ 'ਤੇ ਚੁੱਕਣੀਆਂ ਪੈ ਰਹੀਆਂ ਹਨ। ਜਿਹੜੀਆਂ ਭੈਣਾਂ ਨੇ ਆਪਣੇ ਭਰਾਵਾਂ ਦੇ ਸਿਰ 'ਤੇ ਸਿਹਰੇ ਬੰਨ੍ਹਣੇ ਸਨ, ਉਨ੍ਹਾਂ ਭਰਾਵਾਂ ਦੀਆਂ ਲਾਸ਼ਾਂ ਵੇਖ ਕੇ ਭੈਣਾਂ ਵੱਲੋਂ ਪਾਏ ਜਾਂਦੇ ਕੀਰਨੇ ਸੁਣ ਕੇ ਕੰਧਾਂ ਵੀ ਰੋਣ ਲੱਗ ਜਾਂਦੀਆਂ ਹਨ। ਹਰ ਦਿਨ ਵੱਡੀ ਗਿਣਤੀ ਪਿੰਡਾਂ ਵਿੱਚ ਚਿੱਟੀਆਂ ਚੁੰਨੀਆਂ ਵਾਲੀਆਂ ਬੀਬੀਆਂ ਮਕਾਨ ਜਾਂਦੀਆਂ ਦਿਖਾਈ ਦਿੰਦੀਆਂ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਉਥੇ ਕਿਸੇ ਗੱਭਰੂ ਦੀ ਮੌਤ ਹੋਈ ਹੈ।

ਅਨੇਕਾਂ ਹੋਰ ਵੱਡੀਆਂ ਸਮੱਸਿਆਵਾਂ ਵਿੱਚ ਘਿਰੇ ਹੋਏ ਪੰਜਾਬ ਨੂੰ ਨਸ਼ੇ ਦੀ ਸਮੱਸਿਆ ਨੇ ਪੂਰੀ ਤਰ੍ਹਾਂ ਆਪਣੇ ਘੇਰੇ ਵਿੱਚ ਲਿਆ ਹੋਇਆ ਹੈ। ਅਜੇ ਤੱਕ ਕੋਈ ਵੀ ਸਰਕਾਰ ਨਸ਼ੇ ਦੀ ਸਮੱਸਿਆ ਨੂੰ ਹੱਲ ਨਹੀਂ ਕਰ ਸਕੀ। ਸਿਆਸਤਦਾਨਾਂ ਨੂੰ ਤਾਂ ਸਿਰਫ਼ ਆਪਣੀਆਂ ਵੋਟਾਂ ਦੀ ਚਿੰਤਾ ਹੁੰਦੀ ਹੈ ਅਤੇ ਉਹ ਵੋਟਾਂ ਦੇ ਚੱਕਰਵਿਊ ਵਿਚੋਂ ਬਾਹਰ ਨਹੀਂ ਨਿਕਲ ਰਹੇ। ਪੰਜਾਬ ਦੀ ਮੌਜੂਦਾ ਸਰਕਾਰ ਪਤਾ ਨਹੀਂ ਅਜਿਹੇ ਕਿਹੜੇ ਜ਼ਰੂਰੀ ਕੰਮਾਂ ਵਿੱਚ ਉਲਝੀ ਹੋਈ ਹੈ ਕਿ ਉਸ ਨੂੰ ਨਸ਼ੇ ਕਾਰਨ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਪੈ ਰਹੇ ਵੈਣ ਸੁਣਾਈ ਨਹੀਂ ਦੇ ਰਹੇ।

ਪੰਜਾਬ ਵਿਚੋਂ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਮੌਜੂਦਾ ਸਰਕਾਰ ਨੂੰ ਵੱਡੇ ਉਪਰਾਲੇ ਕਰਨੇ ਚਾਹੀਦੇ ਹਨ। ਸਿਆਸੀ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਿਆਸਤ ਚਮਕਾਉਣ ਦੀ ਥਾਂ ਨਸ਼ੇ ਦੀ ਸਮਾਪਤੀ ਦੇ ਲਈ ਸਰਕਾਰ ਨੂੰ ਸਹਿਯੋਗ ਦੇਣ। ਇਸ ਤੋਂ ਇਲਾਵਾ ਵੱਖ ਵੱਖ ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਮਜ਼ਦੂਰ ਯੂਨੀਅਨਾਂ ਅਤੇ ਹੋਰ ਸੰਸਥਾਵਾਂ ਨੂੰ ਨਸ਼ੇ ਦੀ ਸਮੱਸਿਆ ਦੇ ਹੱਲ ਲਈ ਸਾਂਝੇ ਰੂਪ ਵਿੱਚ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਕਿ ਨਸ਼ੇ ਕਾਰਨ ਮੌਤ ਦੇ ਮੂੰਹ ਜਾ ਰਹੇ ਪੰਜਾਬ ਦੇ ਗੱਭਰੂਆਂ ਨੂੰ ਬਚਾਇਆ ਜਾ ਸਕੇ। ਪੰਜਾਬ ਦੇ ਜਿਹੜੇ ਗੱਭਰੂ ਨਸ਼ੇ ਤੋਂ ਦੂਰ ਹਨ ਅਤੇ ਪੰਜਾਬ ਦੀ ਸ਼ਾਨ ਹਨ, ਉਹਨਾਂ ਤੋਂ ਪੰਜਾਬ ਦੇ ਸਾਰੇ ਨੌਜਵਾਨਾਂ ਨੂੰ ਪ੍ਰੇਰਨਾ ਲੈ ਕੇ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ।

# ਗੁਰਪਤਵੰਤ ਸਿੰਘ ਪੰਨੂ ਮਾਮਲਾ: ਅਮਰੀਕਾ ਚੱਕ ਲਿਆਇਆ ਨਿਖਲ ਗੁਪਤੇ ਨੂੰ

## ਸਾਡੇ ਨਾਗਰਿਕ ਨੂੰ ਨੁਕਸਾਨ ਪਹੁੰਚਾਉਣਾ ਬਰਦਾਸ਼ਤ ਨਹੀਂ ਕਰਾਂਗੇ : ਅਟਾਰਨੀ ਜਨਰਲ

ਵਾਸ਼ਿੰਗਟਨ/ਏ.ਟੀ.ਨਿਊਜ਼: ਚੈੱਕ ਗਣਰਾਜ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ (52) ਨੂੰ ਅਮਰੀਕਾ ਦੇ ਸਪੁਰਦ ਕਰ ਦਿੱਤਾ ਹੈ। ਗੁਪਤਾ ਉੱਤੇ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕੀ ਧਰਤੀ 'ਤੇ ਕਤਲ ਕਰਨ ਦੀ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ। ਪੰਨੂ ਕੋਲ ਅਮਰੀਕਾ ਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਗੁਪਤਾ ਨੂੰ ਅਮਰੀਕੀ ਸਰਕਾਰ ਦੀ ਗੁਜ਼ਾਰਿਸ਼ 'ਤੇ ਪਿਛਲੇ ਸਾਲ ਚੈੱਕ ਗਣਰਾਜ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਚੈੱਕ ਗਣਰਾਜ ਦੀ ਸੰਵਿਧਾਨਕ ਕੋਰਟ ਨੇ ਗੁਪਤਾ ਦੀ ਅਮਰੀਕਾ ਨੂੰ ਹਵਾਲਗੀ ਖ਼ਿਲਾਫ਼ ਦਾਇਰ ਪਟੀਸ਼ਨ ਪਿਛਲੇ ਮਹੀਨੇ ਰੱਦ ਕਰ ਦਿੱਤੀ ਸੀ। ਅਮਰੀਕੀ ਸੰਘੀ ਵਕੀਲਾਂ ਨੇ ਕੋਰਟ ਵਿੱਚ ਦਾਅਵਾ ਕੀਤਾ ਸੀ ਕਿ ਗੁਪਤਾ ਇੱਕ ਭਾਰਤੀ ਅਧਿਕਾਰੀ ਦੀਆਂ ਹਦਾਇਤਾਂ ਮੁਤਾਬਕ ਕੰਮ ਕਰ ਰਿਹਾ ਸੀ। ਉਧਰ ਭਾਰਤ ਨੇ ਅਜਿਹੇ ਕਿਸੇ ਕੇਸ ਵਿੱਚ ਸ਼ਮੂਲੀਅਤ ਤੋਂ ਇਨਕਾਰ ਕਰਦਿਆਂ ਦੋਸ਼ਾਂ ਦੀ ਜਾਂਚ ਲਈ ਉੱਚ ਪੱਧਰੀ ਜਾਂਚ ਕਮੇਟੀ ਬਣਾਈ ਸੀ। ਗੁਪਤਾ ਨੂੰ ਹਾਲ ਦੀ ਘੜੀ ਬਰੁਕਲਿਨ ਦੇ ਸੰਘੀ ਮੈਟਰੋਪਾਲਿਟਨ ਡਿਟੈਨਸ਼ਨ ਸੈਂਟਰ ਵਿੱਚ ਰੱਖਿਆ ਗਿਆ ਹੈ ਤੇ ਉਸ ਨੂੰ ਨਿਊਯਾਰਕ ਦੀ ਫੈਡਰਲ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਰੋਜ਼ਨਾਮਚਾ 'ਦਿ ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਗੁਪਤਾ ਨੂੰ ਸ਼ਨਿੱਚਰਵਾਰ/ਐਤਵਾਰ ਨੂੰ ਨਿਊਯਾਰਕ ਲਿਆਂਦਾ ਗਿਆ ਹੈ ਤੇ ਕਾਨੂੰਨ ਮੁਤਾਬਕ ਮੁਲਜ਼ਮ ਦੀ ਕਿਸੇ ਦੂਜੇ ਮੁਲਕ ਤੋਂ ਸਪੁਰਦਗੀ ਹਾਸਲ ਕਰਨ ਮਗਰੋਂ ਦੇਸ਼ ਵਿੱਚ ਆਮਦ ਦੇ 24 ਘੰਟਿਆਂ ਅੰਦਰ ਉਸ ਨੂੰ ਕੋਰਟ ਵਿੱਚ ਪੇਸ਼ ਕਰਨਾ ਹੁੰਦਾ ਹੈ। ਸੰਘੀ ਵਕੀਲਾਂ ਨੇ ਚੈੱਕ ਗਣਰਾਜ ਦੀ ਕੋਰਟ ਵਿੱਚ ਦਾਅਵਾ ਕੀਤਾ ਸੀ ਕਿ ਗੁਪਤਾ ਨੇ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਲਈ ਇੱਕ ਪੇਸ਼ੇਵਰ ਦੀ ਮਦਦ ਲਈ ਸੀ ਤੇ ਉਸ ਨੂੰ ਐਡਵਾਂਸ 15000 ਡਾਲਰ ਦੀ ਅਦਾਇਗੀ ਕੀਤੀ ਸੀ। ਗੁਪਤਾ ਨੇ ਹਾਲਾਂਕਿ ਆਪਣੇ ਅਟਾਰਨੀ ਜ਼ਰੀਏ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਉਸ 'ਤੇ 'ਪੱਖਪਾਤੀ ਢੰਗ ਨਾਲ ਦੋਸ਼' ਲਾਏ ਗਏ ਹਨ। ਦਿ ਵਾਸ਼ਿੰਗਟਨ ਪੋਸਟ ਨੇ ਕਿਹਾ, "ਗੁਪਤਾ ਦੀ ਅਟਾਰਨੀ ਰੋਹਿਨੀ ਮੂਸਾ ਨੇ ਭਾਰਤ ਦੀ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਲਿਖਿਆ ਸੀ ਕਿ ਉਸ ਦੇ ਮੁਵੱਕਿਲ ਤੋਂ ਕੀਤੀ ਜਾ ਰਹੀ ਪੁੱਛ-ਪੜਤਾਲ ਗੈਰਵਾਜਬ ਹੈ ਕਿਉਂਕਿ ਪਟੀਸ਼ਨਕਰਤਾ ਨੂੰ ਪੀੜਤ (ਪੰਨੂ) ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਨਾਲ ਜੋੜਨ ਲਈ ਰਿਕਾਰਡ 'ਤੇ ਕੁਝ ਨਹੀਂ ਹੈ।"



(ਬਾਕੀ ਸਫ਼ਾ 30 'ਤੇ)

## ਨਿਖਲ ਗੁਪਤਾ ਨੇ ਖ਼ੁਦ ਨੂੰ ਦੱਸਿਆ ਬੇਗੁਨਾਹ

ਨਿਊਯਾਰਕ/ਏ.ਟੀ.ਨਿਊਜ਼ : ਸਿੱਖਸ ਫਾਰ ਜਸਟਿਸ ਦੇ ਆਗੂ ਅਤੇ ਖ਼ਾਲਿਸਤਾਨ ਦੇ ਸਮਰਥਕ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲੇ ਭਾਰਤੀ ਨਾਗਰਿਕ ਨਿਖਲ ਗੁਪਤਾ ਨੂੰ ਬੀਤੇ ਦਿਨ ਨਿਊਯਾਰਕ/ ਅਮਰੀਕਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਦੌਰਾਨ ਨਿਖਲ ਗੁਪਤਾ ਨੇ ਖੁਦ ਨੂੰ ਬੇਗੁਨਾਹ ਦੱਸਿਆ। ਅਦਾਲਤ ਨੇ ਉਸ ਨੂੰ 28 ਜੂਨ ਤੱਕ ਹਿਰਾਸਤ ਵਿਚ ਰੱਖਣ ਦੇ ਹੁਕਮ ਦਿੱਤੇ ਹਨ। ਨਿਖਲ ਗੁਪਤਾ ਦੇ ਵਕੀਲ ਨੇ ਕਿਹਾ,'ਉਸ ਦੇ ਮੁਵੱਕਿਲ ਨੂੰ ਬੀਤੇਂ ਦਿਨ ਸੋਮਵਾਰ ਨੂੰ ਨਿਊਯਾਰਕ ਦੀ ਸੰਘੀ ਅਦਾਲਤ 'ਚ ਪੇਸ਼ ਕੀਤਾ ਗਿਆ,

(ਬਾਕੀ ਸਫ਼ਾ 30 'ਤੇ)

ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT

# Call for concepts

# June 1984 Sikh Holocaust Memorial Design

June 2024 marks the 40th anniversary of Sikh massacre. In commemoration of these events and as a tribute to those who sacrificed their lives for justice, Gurdwara Sahib Fremont, Californina is undertaking the creation of a 1984 Memorial. Our aim is to honor the courage and resilience of the Sikh community while fostering remembrance and awareness.



**We are calling upon Sikhs from across the globe to submit their creative ideas.**

**US$3100** for the winning idea/concept (1st prize)

**US$2100** or the runner-up idea/concept (2nd prize)

**US$1500** for the 3rd runner-up idea/concept (3rd prize)

Deadline to submit concepts is **July 31, 2024**

Awards for the most compelling concepts

For more info, please scan or visit
**www.acesse.dev/June1984**

IMPRESSION AWARENESS CHARDI KALA

# ਪੰਜਾਬ ਦੇ ਕਰਵਟ ਲੈਂਦੇ ਹਾਲਾਤ ਸਿਆਸਤਦਾਨਾਂ ਦੀ ਸਮਝ ਤੋਂ ਬਾਹਰ

ਬਲਰਾਜ ਪੰਨੂੰ







ਪੰਜਾਬ ਦੇ ਵਿੱਚ ਲੋਕ ਸਭਾ ਚੋਣਾਂ ਦੇ ਨਤੀਜੇ ਸਿਆਸਤਦਾਨਾਂ ਦੀ ਸੋਚ ਤੋਂ ਬੜੇ ਅਲੱਗ ਨਿਕਲੇ ਤੇ ਪੰਜਾਬ ਦੀ ਸਿਆਸਤ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿ ਉਹ ਲੋਕਾਂ ਦੀ ਰਾਜਨੀਤੀ ਨੂੰ ਨਹੀਂ ਸਮਝ ਸਕੇ। ਡਾ.ਧਰਮਵੀਰ ਗਾਂਧੀ ਨੂੰ ਪਟਿਆਲੇ ਦੇ ਵਿੱਚ ਲੋਕਾਂ ਨੇ ਪੂਰਾ ਆਦਰ ਸਤਿਕਾਰ ਦਿੱਤਾ ਪਰ ਬਾਕੀ ਸਿਆਸੀ ਫਸਲੀ ਬਟੇਰਿਆਂ ਨੂੰ ਲੋਕਾਂ ਨੇ ਤਵੱਜੋ ਨਹੀਂ ਦਿੱਤੀ। ਦੋ ਆਜ਼ਾਦ ਉਮੀਦਵਾਰਾਂ ਦਾ ਭਾਰੀ ਬਹੁਮਤ ਨਾਲ ਜਿੱਤਣਾ ਜਿਥੇ ਪੰਜਾਬ ਦੀ ਸਿਆਸਤ ਦੇ ਲਈ ਚਿੰਤਾ ਵਾਲੀ ਗੱਲ ਹੈ, ਉਥੇ ਗੈਰ ਪੰਜਾਬੀਆਂ ਨੂੰ ਬੇਮਤਲਬ ਦੀ ਚਿੰਤਾ ਵੱਢ ਵੱਢ ਖਾ ਰਹੀ ਹੈ। ਡਿਬਰੂਗੜ੍ਹ ਜੇਲ੍ਹ ਦੇ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਦੋ ਲੱਖ ਵੋਟਾਂ ਨਾਲ ਜਿੱਤਦਾ ਹੈ ਤੇ ਉਧਰ ਭਾਈ ਸਰਬਜੀਤ ਸਿੰਘ ਖ਼ਾਲਸਾ ਫਰੀਦਕੋਟ ਤੋਂ ਸੱਤਰ ਹਜ਼ਾਰ ਵੋਟਾਂ ਨਾਲ ਜਿੱਤ ਹਾਸਲ ਕਰਦਾ ਹੈ। ਅੰਮ੍ਰਿਤਪਾਲ ਨੂੰ ਕੁਲ ਚਾਰ ਲੱਖ ਵੋਟ ਮਿਲੇ ਤੇ ਸਰਬਜੀਤ ਨੂੰ ਕੁਲ ਤਿੰਨ ਲੱਖ ਵੋਟ ਮਿਲੇ। ਇਹਨਾਂ ਦੋਵਾਂ ਨੂੰ ਮਿਲਾ ਕੇ ਵੱਡਾ ਹਿਸਾ ਪੰਜਾਬੀਆਂ ਦਾ ਉਹਨਾਂ ਦੇ ਹੱਕ ਦੇ ਵਿੱਚ ਭੁਗਤਿਆ ਤੇ ਚਰਚਾ ਇਹ ਸ਼ੁਰੂ ਹੋ ਗਈ ਹੈ ਕਿ ਪੰਜਾਬ ਦੁਬਾਰਾ ਕਾਲੇ ਦੌਰ ਵੱਲ ਵਧੇਗਾ।

ਇੱਥੇ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਿਨ੍ਹਾਂ ਨੇ ਵਾਰ ਵਾਰ ਕਾਲਾ ਦੌਰ ਆਪਣੇ ਪਿੰਡੇ 'ਤੇ ਹੰਢਾਇਆ ਹੋਵੇ, ਜਿਹਨਾਂ ਦੀਆਂ ਅਗਲੀਆਂ ਪੀੜੀਆਂ ਇਸ ਦੌਰ ਨੇ ਖਤਮ ਕੀਤੀਆਂ ਹੋਣ, ਜੋ ਜਿਉਂਦੇ ਲਾਸ਼ਾਂ ਬਣ ਗਏ ਨੇ ਕਾਲੇ ਦੌਰ ਕਰਕੇ, ਉਹ ਕਦੇ ਵੀ ਨਹੀਂ ਚਾਹੁਣਗੇ ਕਿ ਪੰਜਾਬ ਦੇ ਵਿੱਚ ਕਦੇ ਐਸਾ ਦੌਰ ਆਏ। ਜਿਥੋਂ ਤੱਕ ਸਰਬਜੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਦੀ ਗੱਲ ਹੈ ਤਾਂ ਜੇ ਪੁਰਾਣੀ ਪੀੜੀ ਨੂੰ ਭੁਲਾ ਕੇ ਅੱਗੇ ਤੁਰੀਏ ਤਾਂ ਏਹਨਾ ਦਾ ਕੋਈ ਵੀ ਮਾੜਾ ਰਿਕਾਰਡ ਨਹੀਂ ਹੈ। ਜਿਸ ਨੂੰ ਕਿ ਕਾਲੇ ਦੌਰ ਦੇ ਨਾਲ ਜੋੜਿਆ ਜਾਵੇ। ਭੇਖਾਧਾਰੀ ਬੁੱਧੀਜੀਵੀ ਤਾਂ ਇਹ ਵੀ ਕਹਿ ਰਹੇ ਨੇ ਕਿ ਸਰਬਜੀਤ ਪਹਿਲਾਂ ਤਿੰਨ ਵਾਰ ਚੋਣਾਂ ਵਿੱਚ ਅਸਫਲ ਰਿਹਾ ਹੁਣ ਉਸ ਨੂੰ ਸਮਰਥਨ ਕਿਉਂ ਮਿਲਿਆ? ਅਸਲ ਵਿੱਚ ਪੰਜਾਬ ਦੋ ਅਲੱਗ ਅਲੱਗ ਦਿਸ਼ਾਵਾਂ ਦੇ ਵੱਲ ਜਾ ਰਿਹਾ ਹੈ। ਇੱਕ ਪਾਸੇ ਓਸ ਕਾਂਗਰਸ ਨੂੰ ਲੋਕ ਸਭਾ ਦੀਆਂ 7 ਸੀਟਾਂ ਦੇ ਕੇ ਪੰਜਾਬ ਦੇ ਲੋਕ ਸਮਰਥਨ ਦੇ ਰਹੇ ਨੇ, ਜਿਹਨਾਂ ਨੇ ਸਾਕਾ ਨੀਲਾ ਤਾਰਾ ਨੂੰ ਅੰਜਾਮ ਦਿੱਤਾ ਸੀ। ਇਸ ਜਿੱਤ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਕਾਂਗਰਸ ਦੀ ਨਵੀਂ ਪੀੜੀ ਓਸ ਨਸਲਕੁਸ਼ੀ ਵਾਲੀ ਘਟਨਾ ਦੇ ਉੱਤੇ ਵਾਰ ਵਾਰ ਮਾਫੀਆਂ ਮੰਗ ਚੁੱਕੀ ਹੈ। ਜਿਹੜੀਆਂ 'ਕੇਸਰੀ ਪੱਗਾਂ' ਨੂੰ ਖਤਮ ਕਰਨ ਲਈ ਇੰਦਰਾ ਗਾਂਧੀ ਨੇ ਸਾਰਾ ਜੋਰ ਲਗਾ ਦਿੱਤਾ ਸੀ, ਉਹੀ 'ਕੇਸਰੀ ਪੱਗ' ਬੰਨ ਕੇ ਉਸ ਦਾ ਪੋਤਾ ਰਾਹੁਲ ਗਾਂਧੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਹੱਥ ਬੰਨ ਕੇ ਖਲੋਂਦਾ ਹੈ। ਇਸ ਦਾ ਵੀ ਪੰਜਾਬੀਆਂ 'ਤੇ ਚੰਗਾ ਪ੍ਰਭਾਵ ਪਿਆ ਦੱਸਿਆ ਜਾਂਦਾ ਹੈ।

ਪੰਜਾਬ ਦੇ ਵਿੱਚ ਇਸ ਸਮੇਂ ਨਾ ਤਾਂ ਕੋਈ ਅੱਤਵਾਦ ਦੀ ਲਹਿਰ ਹੈ ਤੇ ਨਾ ਹੀ ਖ਼ਾਲਿਸਤਾਨ ਦੀ, ਇਹ ਤਾਂ ਸਿਰਫ ਪੰਜਾਬ ਦੀਆਂ ਦੋਖੀ ਤਾਕਤਾਂ ਭਾਵ ਵਿਦੇਸ਼ੀ ਏਜੰਸੀਆਂ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਲਈ ਸਮੇਂ ਸਮੇਂ ਇਸ ਲਹਿਰ ਨੂੰ ਹਵਾ ਦਿੰਦੀਆਂ ਨੇ। ਜਿਵੇਂ ਲੰਘੇ ਦਿਨੀਂ ਕੰਗਨਾ ਰਣੌਤ ਨੇ ਸਿੱਧਾ ਇਲਜਾਮ ਲਗਾ ਦਿੱਤਾ ਕਿ ਪੰਜਾਬ ਦੇ ਵਿੱਚ ਅੱਤਵਾਦ ਹੈ, ਵੱਖਵਾਦ ਹੈ। ਇੱਕ ਸਾਂਸਦ ਦਾ ਅਜਿਹਾ ਬਿਆਨ ਦੇਣਾ ਗੈਰਇਖਲਾਕੀ ਹੈ। ਦੂਜੇ ਪਾਸੇ ਅਸੀਂ ਸੁੱਰਖਿਆ ਕਰਮੀ ਕੁਲਵਿੰਦਰ ਕੌਰ ਨੂੰ ਵੀ ਹੱਲਾਸ਼ੇਰੀ ਨਹੀਂ ਦੇਵਾਂਗੇ,ਕਿਉਂਕਿ ਸੁੱਰਖਿਆ ਕਰਮਚਾਰੀ ਦਾ ਮਤਲਬ ਸੁੱਰਖਿਆ ਦੇਣਾ ਹੁੰਦਾ ਹੈ। ਹਾਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦੇ ਮਸਲੇ ਵਾਰ ਵਾਰ ਉਭਰਦੇ ਹਨ ਅਤੇ ਫਿਰ ਠੰਡੇ ਵੀ ਹੋ ਜਾਂਦੇ ਹਨ। ਪ੍ਰਕਾਸ਼ ਸਿੰਘ ਬਾਦਲ ਦੀ ਗੱਲ ਕਰੀਏ ਤਾਂ ਉਹਨਾਂ ਦੇ ਰਾਜ ਦੌਰਾਨ ਪੰਜਾਬ ਸਹੀ ਰਸਤੇ 'ਤੇ ਤੁਰ ਪਿਆ ਸੀ। ਜੇ ਪਰਿਵਾਰਵਾਦ ਨੂੰ ਵਧਾਵਾ ਪ੍ਰਕਾਸ਼ ਸਿੰਘ ਬਾਦਲ ਨਾ ਦਿੰਦੇ ਤੇ ਭ੍ਰਿਸ਼ਟਾਚਾਰ ਦੇ ਆਰੋਪ ਨਾ ਲੱਗਦੇ ਤਾਂ ਅਕਾਲੀ ਪਾਰਟੀ ਅੱਜ ਵੀ ਸਿਆਸਤ ਦੀ ਮਹੱਤਵਪੂਰਨ ਖਿਡਾਰੀ ਮੰਨੀ ਜਾਂਦੀ। ਇਸ ਵਾਰ ਅਕਾਲੀ ਦਲ 10 ਉਮੀਦਵਾਰਾਂ ਦੀ ਜ਼ਮਾਨਤ ਨਹੀਂ ਬਚਾ ਸਕਿਆ। ਇਸ ਲੋਕ ਸਭਾ ਚੋਣਾਂ ਦੇ ਵਿੱਚ ਲੰਬਾ ਚੱਲਿਆ ਕਿਸਾਨ ਅੰਦੋਲਨ, ਜਿਸ ਵਿੱਚ 700 ਦੇ ਕਰੀਬ ਕਿਸਾਨ ਮਾਰੇ ਗਏ ਸਨ, ਨੇ ਵੀ ਸਿਆਸਤਦਾਨਾਂ ਦੇ ਲਈ ਵਿਰੋਧ ਵਾਲਾ ਮਾਹੌਲ ਸਿਰਜ ਦਿੱਤਾ। ਪੰਜਾਬ ਤੇ ਪੰਜਾਬੀਆਂ ਨੂੰ ਸਮਝਣ ਵਾਲਾ ਸੰਵੇਦਨਸ਼ੀਲ ਚਿਹਰਾ ਅੱਜ ਕੋਈ ਵੀ ਨਜ਼ਰ ਨਹੀਂ ਆ ਰਿਹਾ। ਖੇਤੀ ਸੰਕਟ ਦਾ ਕੋਈ ਵੀ ਹੱਲ ਨਜ਼ਰ ਨਹੀਂ ਆ ਰਿਹਾ। ਕੇਂਦਰ ਸਰਕਾਰ ਤੇ ਕਿਸਾਨ ਸੰਗਠਨਾਂ ਦੇ ਵਿੱਚ ਗੱਲਬਾਤ ਦਾ ਸਿਲਸਿਲਾ ਟੁੱਟ ਗਿਆ ਹੈ। ਦੋਵੇਂ ਪਾਸੇ ਜਿੱਦ 'ਤੇ ਗੱਲ ਅੜੀ ਹੋਈ ਹੈ, ਪੰਜਾਬ ਦੇ ਵਿੱਚ ਬੰਦੀ ਸਿੰਘਾਂ ਦੀ ਰਿਹਾਈ, ਬਰਗਾੜੀ ਬੇਅਦਬੀ, ਬਹਿਬਲ ਕਲਾਂ ਗੋਲੀਕਾਂਡ ਪੰਜਾਬੀਆਂ ਦੇ ਲਈ ਵੱਡਾ ਮਸਲਾ ਬਣ ਚੁੱਕਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਧਰਮ ਦੇ ਲੋਕਾਂ ਨੂੰ ਕਦੀ ਦਸਤਾਰ ਸਜਾ ਕੇ, ਕਦੇ ਲੰਗਰ ਵਿੱਚ ਸੇਵਾ ਕਰਕੇ, ਕਦੇ ਗੁਰੂ ਘਰ ਦੀ ਹਜ਼ੂਰੀ ਦੇ ਵਿੱਚ ਮੱਥਾ ਟੇਕ ਕੇ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਸਫਲਤਾ ਨਹੀਂ ਮਿਲੀ। ਕਿਸਾਨ ਅੰਦੋਲਨ ਦੇ ਕਰਕੇ ਹੀ ਭਾਜਪਾ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਜਾਣ ਦੀ ਪਾਬੰਦੀ ਲਗਾ ਦਿੱਤੀ ਗਈ। ਭਾਵੇਂ ਕਿ ਭਾਜਪਾ ਦਾ ਵੋਟ ਪ੍ਰਤੀਸ਼ਤ ਵਧਿਆ ਹੈ। ਕਾਂਗਰਸ ਨੂੰ 37 ਫੀਸਦੀ ਤੇ ਆਪ ਨੂੰ 33 ਫੀਸਦੀ ਏਸ ਵਾਰੀ ਵਾਧਾ ਦੱਸਿਆ ਜਾ ਰਿਹਾ ਹੈ। ਅਕਾਲੀਆਂ ਦੀ ਹਾਲਤ ਗਰੀਬੀ 'ਤੇ ਆ ਕੇ ਅਟਕ ਗਈ ਹੈ। ਉਹਨਾਂ ਦਾ ਵਾਧਾ 9 ਫੀਸਦੀ ਦੱਸਿਆ ਜਾ ਰਿਹਾ ਹੈ। ਸੋਚਿਆ ਜਾਵੇ ਤਾਂ ਅਕਾਲੀ ਭਾਜਪਾ ਤੋਂ ਵੀ ਹੇਠਲੀ ਪੌੜੀ 'ਤੇ ਹੋ ਗਏ ਹਨ। ਲੋਕ ਸਭਾ ਦੇ ਨਤੀਜਿਆਂ ਤੋਂ 'ਆਪ' ਸਰਕਾਰ ਨੂੰ ਸੰਭਲ ਜਾਣਾ ਚਾਹੀਦਾ ਹੈ। ਲੋਕਾਂ ਨੇ ਦਸ ਦਿੱਤਾ ਕਿ ਉਹ ਆਪ ਸਰਕਾਰ ਤੋਂ ਅਸਤੁੰਸ਼ਟ ਹਨ। ਆਮ ਆਦਮੀ ਪਾਰਟੀ ਆਪਣਾ ਭ੍ਰਿਸ਼ਟਾਚਾਰ ਵਿਰੋਧ ਵਾਲਾ ਮੁੱਦਾ ਗੁਆ ਚੁੱਕੀ ਹੈ। ਆਮ ਆਦਮੀ ਪਾਰਟੀ ਵਿੱਚ ਲੋਕਾਂ ਦਾ ਅਵਿਸ਼ਵਾਸ਼ ਹੀ ਕਾਂਗਰਸ ਨੂੰ ਫਾਇਦਾ ਦੇ ਗਿਆ। ਕਾਂਗਰਸ ਦਾ ਪ੍ਰਦਰਸ਼ਨ ਉਸ ਵੇਲੇ ਵਧੀਆ ਰਿਹਾ, ਜਦੋਂ ਕਈ ਵੱਡੇ ਨੇਤਾ ਦਲ ਬਦਲ ਗਏ। ਪ੍ਰਨੀਤ ਕੌਰ ਨੂੰ ਤੀਜੇ ਨੰਬਰ 'ਤੇ ਰੱਖ ਕੇ ਲੋਕਾਂ ਨੇ ਦਸ ਦਿੱਤਾ ਕਿ ਦਲ ਬਦਲੂਆਂ ਦੀ ਇੱਜ਼ਤ ਕਿਵੇਂ ਦੀ ਹੁੰਦੀ ਹੈ। ਅਕਾਲੀ ਦਲ ਦੀ ਆਬਰੂ ਨੂੰ ਹੁਣ ਨੁਕਸਾਨ ਹੋ ਰਿਹਾ ਹੈ, ਕਿਉਂਕਿ ਇਹਨਾਂ ਦੀ ਜਗ੍ਹਾ, ਜਿਨ੍ਹਾਂ ਨੂੰ ਗਰਮ ਖਿਆਲੀ ਕਿਹਾ ਜਾਂਦਾ ਹੈ, ਉਹ ਲੈ ਰਹੇ ਨੇ। ਖਡੂਰ ਸਾਹਿਬ ਤੇ ਫਰੀਦਕੋਟ ਦੋਵੇਂ ਅਕਾਲੀ ਦਲ ਦਾ ਗੜ੍ਹ ਰਹੇ ਹਨ ਤੇ ਹੁਣ ਇਹਨਾਂ ਦੋਵਾਂ ਗੜ੍ਹਾਂ ਦਾ ਸਰਦਾਰ ਕੋਈ ਹੋਰ ਹੈ। ਜਿਥੋਂ ਤੱਕ ਇਹਨਾਂ ਦੋ ਸੀਟਾਂ ਦੀ ਚਰਚਾ ਹੈ, ਇਹ ਕੋਈ ਪਹਿਲੀ ਵਾਰ ਨਹੀਂ ਹੈ, 1989 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਇਸੇ ਸੋਚ ਦੇ 9 ਲੋਕ ਚੋਣ ਜਿੱਤੇ ਸਨ, ਜਿਹਨਾਂ ਦੇ ਵਿੱਚ ਸਰਬਜੀਤ ਸਿੰਘ ਦੀ ਮਾਤਾ ਬੀਬੀ ਬਿਮਲ ਕੌਰ ਵੀ ਸ਼ਾਮਲ ਸਨ। ਸੋ ਦੋ ਬੰਦਿਆਂ ਦੀ ਜਿੱਤ ਨੂੰ ਹਾਂਪੱਖੀ ਸਿਆਸਤ ਵਜੋਂ ਲੈਣਾ ਚਾਹੀਦਾ ਹੈ। ਪੰਜਾਬ ਦੇ ਹਾਲਾਤ ਬਹੁਤ ਜਲਦੀ ਕਰਵਟ ਲੈਂਦੇ ਨੇ, ਸੋ ਰਾਜ ਸਰਕਾਰ ਨੂੰ ਜਨਤਾ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ। ਨਸ਼ਿਆਂ ਦੇ ਵਿਰੋਧ ਦੇ ਵਿੱਚ ਸਖਤ ਕਦਮ ਉਠਾਉਣੇ ਚਾਹੀਦੇ ਹਨ। ਇਸ ਸਮੇਂ ਨੌਜਵਾਨਾਂ ਦੇ ਵਿੱਚ ਜੋ ਬੇਚੈਨੀ, ਜੋ ਬੇਰੁਖੀ ਹੈ ਉਸ ਨੂੰ ਘੱਟ ਕਰਨ ਦੀ ਬਹੁਤ ਜਰੂਰਤ ਹੈ ਤੇ ਕੇਂਦਰ ਸਰਕਾਰ ਨੂੰ ਵੀ ਪੰਜਾਬ ਦੀਆਂ ਲੋੜਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੇਂਦਰ ਸਰਕਾਰ ਪੰਜਾਬ ਦੇ ਲਈ ਗੂੰਗੀ ਬਹਿਰੀ ਹੋ ਕੇ ਨਹੀਂ ਬੈਠ ਸਕਦੀ। ਪੰਜਾਬ ਦੇ ਪ੍ਰਤੀ ਬੇਰੁਖੀ ਦੀ ਨੀਤੀ ਤਿਆਗਣੀ ਚਾਹੀਦੀ ਹੈ ਨਹੀਂ ਤਾਂ ਅੱਗੇ ਚੱਲ ਕੇ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ ਪੰਜਾਬ ਦੇ ਨਾਲ ਗੱਲ ਕਰਨ ਦਾ ਹੁਣ ਸਮਾਂ ਹੈ, ਇਹ ਸਮਝ ਲੈਣਾ ਚਾਹੀਦਾ ਹੈ।

# ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਈ.ਵੀ.ਐੱਮ.ਕੀਤੀ ਜਾ ਸਕਦੀ ਹੈ ਹੈਕ

## ਐਲੋਨ ਮਸਕ ਨੇ ਕੀਤਾ ਦਾਅਵਾ ਕਿ ਇਸ ਮਸ਼ੀਨ ਨੂੰ ਖ਼ਤਮ ਕਰ ਦੇਵੋ



ਨਵੀਂ ਦਿੱਲੀ/ ਏ.ਟੀ.ਨਿਊਜ਼: ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ 'ਚੋਂ ਇੱਕ ਅਤੇ ਸਪੇਸਐਕਸ ਦੇ ਸੀ.ਈ.ਓ. ਐਲੋਨ ਮਸਕ ਨੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮਸਕ ਨੇ ਬੀਤੇ ਦਿਨੀਂ ਈ.ਵੀ.ਐੱਮ. ਹਟਾਉਣ ਦੀ ਮੰਗ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਇਸ ਨੂੰ ਮਸ਼ੀਨਾਂ ਜਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਹੈਕ ਕੀਤਾ ਜਾ ਸਕਦਾ ਹੈ। ਇਹ ਗੱਲ ਉਨ੍ਹਾਂ ਨੇ ਐਕਸ ਪਲੇਟਫਾਰਮ 'ਤੇ ਸ਼ੇਅਰ ਕੀਤੀ।

ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਰਾਬਰਟ ਐੱਫ. ਕੈਨੇਡੀ ਜੂਨੀਅਰ ਦੀ ਪੋਸਟ ਨੂੰ ਸ਼ੇਅਰ ਕਰਦੇ ਹੋਏ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਸਾਨੂੰ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਨਸਾਨ ਅਤੇ ਏ.ਆਈ. ਦੀ ਮਦਦ ਨਾਲ ਹੈਕ ਹੋਣ ਦਾ ਖਤਰਾ ਹੈ।

ਪੋਸਟ ਵਿੱਚ ਈ.ਵੀ.ਐੱਮ ਵਿੱਚ ਗੜਬੜ ਹੋਣ ਦਾ ਹਵਾਲਾ ਦਿਤਾ

ਰਾਬਰਟ ਐੱਫ ਕੈਨੇਡੀ ਨੇ ਆਪਣੀ ਪੋਸਟ ਵਿੱਚ ਪਿਓਰਤੋ ਰਿਕੋ ਵਿੱਚ ਚੋਣਾਂ ਦੌਰਾਨ ਈ.ਵੀ.ਐੱਮ. 'ਚ ਗੜਬੜੀਆਂ ਬਾਰੇ ਲਿਖਿਆ ਸੀ। ਦਰਅਸਲ, ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਰਾਬਰਟ ਐੱਫ ਕੈਨੇਡੀ ਜੂਨੀਅਰ ਨੇ ਐਸੋਸੀਏਟਿਡ ਪ੍ਰੈੱਸ ਦਾ ਹਵਾਲਾ ਦਿੰਦੇ ਹੋਏ ਪੋਸਟ ਵਿੱਚ ਲਿਖਿਆ ਕਿ ਪਿਓਰਤੋ ਰਿਕੋ ਦੀਆਂ ਪ੍ਰਾਈਮਰੀ ਚੋਣਾਂ 'ਚ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨਾਲ ਜੁੜੀ ਵੋਟਿੰਗ 'ਚ ਕਈ ਖਾਮੀਆਂ ਸਾਹਮਣੇ ਆਈਆਂ ਹਨ। ਚੰਗਾ ਹੈ, ਇੱਕ ਪੇਪਰ ਟ੍ਰੇਲ ਸੀ, ਇਸ ਲਈ ਇਸ ਸਮੱਸਿਆ ਨੂੰ ਫੜਿਆ ਗਿਆ ਅਤੇ ਵੋਟਾਂ ਦੀ ਗਿਣਤੀ ਨੂੰ ਸਹੀ ਕੀਤਾ ਗਿਆ।

ਚੋਣਾਂ ਨੂੰ ਹੈਕ ਕਰਨ ਦਾ ਡਰ

ਉਨ੍ਹਾਂ ਪੋਸਟ ਵਿੱਚ ਕਿਹਾ ਕਿ ਉਨ੍ਹਾਂ ਇਲਾਕਿਆਂ ਵਿੱਚ ਕੀ ਹੋਵੇਗਾ, ਜਿੱਥੇ ਕੋਈ ਪੇਪਰ ਟ੍ਰੇਲ ਨਹੀਂ ਹੈ? ਅਮਰੀਕੀ ਨਾਗਰਿਕਾਂ ਨੂੰ ਇਹ ਪਤਾ ਕਰਨਾ ਹੋਵੇਗਾ ਕਿ ਉਨ੍ਹਾਂ ਦੀਆਂ ਸਾਰੀਆਂ ਵੋਟਾਂ ਗਿਣੀਆਂ ਗਈਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਨੂੰ ਹੈਕ ਨਹੀਂ ਕੀਤਾ ਜਾ ਸਕਦਾ। ਚੋਣਾਂ 'ਚ ਇਲੈਕਟ੍ਰੋਨਿਕ ਦਖਲ-ਅੰਦਾਜ਼ੀ ਨੂੰ ਬਚਾਉਣ ਲਈ ਸਾਨੂੰ ਬੈਲਟ ਪੇਪਰ ਵੱਲ ਪਰਤਣਾ ਪਵੇਗਾ।

# ਕੈਨੇਡਾ ਦੀ ਸੰਸਦ ਨੇ ਨਿੱਝਰ ਨੂੰ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਦਿੱਤੀ ਤੇ ਇੱਕ ਮਿੰਟ ਦਾ ਮੌਨ ਰੱਖਿਆ

## ਕਨਿਸ਼ਕ ਕਾਂਡ ਯਾਦ ਕਰਾਉਣ ਲਈ ਭਾਰਤੀ ਕੌਂਸਲਖਾਨਾ 23 ਨੂੰ ਕਰਵਾਏਗਾ ਸਮਾਗਮ



ਨਵੀਂ ਦਿੱਲੀ/ਏ.ਟੀ.ਨਿਊਜ਼ :- ਕੈਨੇਡਾ ਦੀ ਸੰਸਦ ਦੇ ਹਾਊਸ ਆਫ ਕਾਮਨਜ਼ 'ਚ ਖ਼ਾਲਿਸਤਾਨੀ ਅਤਿਵਾਦੀ ਹਰਦੀਪ ਸਿੰਘ ਨਿੱਝਰ ਨੂੰ ਪਹਿਲੀ ਬਰਸੀ ਮੌਕੇ ਸ਼ਰਧਾਜਲੀ ਦਿੱਤੀ ਗਈ ਤੇ ਇਕ ਮਿੰਟ ਦਾ ਮੌਨ ਰੱਖਿਆ ਗਿਆ, ਜਦੋਂ ਕੈਨੇਡੀਅਨ ਪਾਰਲੀਮੈਂਟ ਵਿੱਚ ਭਾਰਤ ਵੱਲੋਂ ਅਤਿਵਾਦੀ ਨਿੱਝਰ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਸੀ ਐਨ ਉਸੇ ਸਮੇਂ ਖ਼ਾਲਿਸਤਾਨ ਪੱਖੀ ਵੱਖਵਾਦੀਆਂ ਨੇ ਵੈਨਕੂਵਰ ਵਿੱਚ ਭਾਰਤੀ ਵਣਜ ਦੂਤਘਰ ਦੇ ਬਾਹਰ ਮੌਕ ਕੋਰਟ ਸਥਾਪਤ ਕੀਤੀ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਪੁਤਲਾ ਫੂਕਿਆ ਗਿਆ। ਕੈਨੇਡਾ ਦੀ ਸੰਸਦ 'ਚ ਅਤਿਵਾਦੀਆਂ ਦੀ ਵਡਿਆਈ 'ਤੇ ਭਾਰਤ ਨੇ ਕੈਨੇਡਾ ਨੂੰ ਕਰਾਰਾ ਜਵਾਬ ਦਿੱਤਾ ਹੈ। ਭਾਰਤ ਨੇ ਏਅਰ ਇੰਡੀਆ ਦੇ ਜਹਾਜ਼ ਕਨਿਸ਼ਕ 'ਤੇ ਹੋਏ ਬੰਬ ਧਮਾਕੇ ਦੀ ਬਰਸੀ ਨੂੰ ਯਾਦ ਕਰਵਾ ਕੇ ਕੈਨੇਡਾ 'ਚ ਸਾਲਾਂ ਤੋਂ ਵਧ ਰਹੇ ਅਤਿਵਾਦ ਨੂੰ ਨਿਸ਼ਾਨਾ ਬਣਾਇਆ ਹੈ। ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਨੇ 23 ਜੂਨ ਨੂੰ ਕਨਿਸ਼ਕ ਜਹਾਜ਼ ਹਾਦਸੇ ਦੀ ਯਾਦ ਵਿੱਚ ਯਾਦਗਾਰੀ ਸਮਾਗਮ ਕਰਾਉਣ ਦੀ ਯੋਜਨਾ ਬਣਾਈ ਹੈ। ਕੌਂਸਲੇਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ, 'ਅਤਿਵਾਦ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਭਾਰਤ ਸਭ ਤੋਂ ਅੱਗੇ ਹੈ ਅਤੇ ਇਸ ਵਿਸ਼ਵਵਿਆਪੀ ਖਤਰੇ ਨਾਲ ਨਜਿੱਠਣ ਲਈ ਸਾਰੇ ਦੇਸ਼ਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ।'

# ਅਮਰੀਕਾ ਖ਼ਬਰਨਾਮਾ

## ਅਮਰੀਕਾ ਨੇ ਰੂਸ ’ਤੇ ਲਗਾਈਆਂ 300 ਤੋਂ ਵੱਧ ਨਵੀਆਂ ਪਾਬੰਦੀਆਂ




ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਨੇ ਰੂਸ ’ਤੇ ਲਗਾਈਆਂ ਪਾਬੰਦੀਆਂ ਦਾ ਦਾਇਰਾ ਵਧਾਉਂਦੇ ਹੋਏ 300 ਤੋਂ ਵੱਧ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਚੀਨ, ਸੰਯੁਕਤ ਅਰਬ ਅਮੀਰਾਤ ਅਤੇ ਤੁਰਕੀ ਸਮੇਤ ਵੱਖ-ਵੱਖ ਦੇਸ਼ਾਂ ਦੇ ਵਿਅਕਤੀਆਂ ਅਤੇ ਕੰਪਨੀਆਂ ਨੂੰ ਰੂਸ ਦੀ ਮਦਦ ਕਰਨ ਤੋਂ ਰੋਕਣਾ ਹੈ।

ਬੀਤੇ ਦਿਨੀਂ ਲਗਾਈਆਂ ਗਈਆਂ ਪਾਬੰਦੀਆਂ ਵਿੱਚ ਚੀਨੀ ਕੰਪਨੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜੋ ਯੁੱਧ ਵਿੱਚ ਰੂਸ ਦੀ ਮਦਦ ਕਰ ਰਹੀਆਂ ਹਨ। ਅਮਰੀਕਾ ਯੁੱਧ ਸ਼ੁਰੂ ਹੋਣ ਦੇ ਬਾਅਦ ਤੋਂ ਚਾਰ ਹਜ਼ਾਰ ਰੂਸੀ ਕੰਪਨੀਆਂ ਅਤੇ ਵਿਅਕਤੀਆਂ ’ਤੇ ਪਾਬੰਦੀਆਂ ਲੱਗਾ ਚੁੱਕਾ ਹੈ, ਜਿਸ ਦਾ ਮਕਸਦ ਰੂਸ ਤੋਂ ਮਿਲਣ ਵਾਲੇ ਧਨ ਅਤੇ ਹਥਿਆਰਾਂ ’ਤੇ ਰੋਕ ਲਗਾਉਣਾ ਹੈ। ਵਿਦੇਸ਼ ਵਿਭਾਗ ਦੇ ਆਰਥਿਕ ਪਾਬੰਦੀਆਂ ਦੀ ਨੀਤੀ ਅਤੇ ਲਾਗੂ ਕਰਨ ਦੇ ਸਟੇਟ ਡਿਪਾਰਟਮੈਂਟ ਦੇ ਡਾਇਰੈਕਟਰ ਨੇ ਐਸੋਸੀਏਟਡ ਪ੍ਰੈਸ ਨੂੰ ਦੱਸਿਆ ਕਿ ਪੁਤਿਨ ਇੱਕ ਬਹੁਤ ਹੀ ਸਮਰੱਥ ਵਿਰੋਧੀ ਹੈ, ਜੋ ਸਹਿਯੋਗੀ ਲੱਭਣ ਲਈ ਤਿਆਰ ਹੈ।

ਉਨ੍ਹਾਂ ਨੇ ਕਿਹਾ ਕਿ ਰੂਸ ਵਿਰੁੱਧ ਪਾਬੰਦੀਆਂ ਨਿਰੰਤਰ ਚੱਲਣ ਵਾਲੀ ਇੱਕ ਪ੍ਰਕਿਰਿਆ ਹੈ। ਲਗਾਈਆਂ ਗਈਆਂ ਪਾਬੰਦੀਆਂ ਵਿੱਚ ਰੂਸ ਅਤੇ ਉਸਦੇ ਯੁੱਧ ਸਪਲਾਇਰਾਂ ਵਿਚਕਾਰ 10 ਕਰੋੜ ਅਮਰੀਕੀ ਡਾਲਰ ਤੋਂ ਵੱਧ ਦੇ ਵਪਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ 300 ਤੋਂ ਵੱਧ ਨਵੀਆਂ ਪਾਬੰਦੀਆਂ ਦਾ ਮੁੱਖ ਉਦੇਸ਼ ਚੀਨ, ਸੰਯੁਕਤ ਅਰਬ ਅਮੀਰਾਤ ਅਤੇ ਤੁਰਕੀ ਸਮੇਤ ਵੱਖ-ਵੱਖ ਦੇਸ਼ਾਂ ਦੇ ਵਿਅਕਤੀਆਂ ਅਤੇ ਕੰਪਨੀਆਂ ਨੂੰ ਰੂਸ ਦੀ ਮਦਦ ਕਰਨ ਤੋਂ ਰੋਕਣਾ ਹੈ।

## ਸ਼ਹੀਦਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਉਪਰਾਲਾ

ਗੁਰ ਪਿਆਰੀ ਸਾਧ ਸੰਗਤ ਜੀਓ

40 ਸਾਲ ਹੋ ਗਏ ਹਨ ਜਦੋਂ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅਤੇ ਪੰਜਾਬ ਭਰ ਦੇ ਕਈ ਹੋਰ ਗੁਰਦੁਆਰਿਆਂ ’ਤੇ ਹਮਲਾ ਕੀਤਾ, ਜਿਸ ਨੂੰ ਤੀਜੇ ਘੱਲੂਘਾਰੇ ਵਜੋਂ ਵੀ ਜਾਣਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਫ਼ਰੀਮਾਂਟ ਉਨ੍ਹਾਂ ਦਲੇਰ ਸਿੱਖਾਂ ਦੀ ਯਾਦ ਵਿੱਚ ਇੱਕ ਯਾਦਗਾਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਜਿਨ੍ਹਾਂ ਨੇ ਸਾਡੇ ਭਾਈਚਾਰੇ ਨਾਲ ਹੋਈ ਬੇਇਨਸਾਫ਼ੀ ਦਾ ਵਿਰੋਧ ਕੀਤਾ। ਅਸੀਂ ਜੁਲਾਈ ਦੇ ਅੰਤ ਤੱਕ ਰੂਪ ਰੇਖਾ ਲਈ ਤੁਹਾਨੂੰ ਕੀਮਤੀ ਰਾਏ ਦੇਣ ਦੀ ਬੇਨਤੀ ਕਰ ਰਹੇ ਹਾਂ। ਜਦੋਂ ਕਿ ਅਸੀਂ ਸੇਵਾ ਦੇ ਤੌਰ ’ਤੇ ਆਪਣੇ ਰਚਨਾਤਮਕ ਵਿਚਾਰਾਂ ਦਾ ਯੋਗਦਾਨ ਪਾਉਣ ਲਈ ਬਹੁਤ ਸਾਰੇ ਲੋਕਾਂ ਦੀ ਇੱਛਾ ਦੀ ਸ਼ਲਾਘਾ ਕਰਦੇ ਹਾਂ, ਅਸੀਂ ਜੇਤੂਆਂ ਲਈ ਚੰਗੇ ਨਕਦ ਇਨਾਮਾਂ ਦਾ ਐਲਾਨ ਕਰਦੇ ਹੋਏ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। ਕਿਰਪਾ ਕਰਕੇ ਜਮਾਂ ਕੀਤੇ ਵੇਰਵਿਆਂ ਤੇ ਦਿਸ਼ਾ-ਨਿਰਦੇਸ਼ਾਂ ਲਈ ਦਿੱਤੇ ਗਏ ਲਿੰਕ www.acesse.dev/June1984 ’ਤੇ ਜਾਓ।

# ਅਮਰੀਕਾ ਨੇ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਰਿਕਾਰਡ ਵੀਜ਼ੇ

## ਅਮਰੀਕੀ ਦੂਤਾਵਾਸ ਨੂੰ ਇਸ ਸਾਲ ਵੀਜ਼ਿਆਂ ਦੀ ਗਿਣਤੀ ਵਧਣ ਦਾ ਅਨੁਮਾਨ

ਨਵੀਂ ਦਿਲੀ/ਏ.ਟੀ.ਨਿਊਜ਼ : ਪਿਛਲੇ ਸਾਲ ਰਿਕਾਰਡ 1,40,000 ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਮਗਰੋਂ ਭਾਰਤ ਸਥਿਤ ਅਮਰੀਕੀ ਕੌਂਸੁਲੇਟ ਇਸ ਸਾਲ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ’ਚ ਸੰਭਾਵੀ ਵਾਧੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਦੂਤਾਵਾਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਾਲ ਵੀਜ਼ਿਆਂ ਦੀ ਅਨੁਮਾਨਤ ਕੁੱਲ ਗਿਣਤੀ ਪਿਛਲੇ ਸਾਲ ਦੇ ਬਰਾਬਰ ਜਾਂ ਉਸ ਤੋਂ ਵੱਧ ਹੋਵੇਗੀ। ਭਾਰਤ ’ਚ ਅਮਰੀਕੀ ਮਿਸ਼ਨ ਨੇ ਬੀਤੇ ਦਿਨੀਂ ਦੇਸ਼ ਭਰ ’ਚ ਆਪਣਾ 8ਵਾਂ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਤਹਿਤ ਨਵੀਂ ਦਿੱਲੀ, ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚਲੇ ਕੌਂਸੁਲੇਟ ਦੂਤਾਵਾਸ ਅਧਿਕਾਰੀਆਂ ਨੇ ਵਿਦਿਆਰਥੀ ਵੀਜ਼ੇ ਦੇ ਅਰਜ਼ੀਕਾਰਾਂ ਨਾਲ ਇੰਟਰਵਿਊਜ਼ ਕੀਤੀਆਂ। ਦਿੱਲੀ ਸਥਿਤ ਅਮਰੀਕੀ ਦੂਤਾਵਾਸ ’ਚ ਸਵੇਰ ਤੋਂ ਹੀ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ।




ਅਮਰੀਕੀ ਯੂਨੀਵਰਸਿਟੀਆਂ ’ਚ ਵੱਡੀ ਗਿਣਤੀ ’ਚ ਭਾਰਤੀ ਵਿਦਿਆਰਥੀ ਪੜ੍ਹਦੇ ਹਨ ਅਤੇ ਪਿਛਲੇ ਸਾਲ ਭਾਰਤ ’ਚ ਅਮਰੀਕੀ ਕੌਂਸੁਲੇਟ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਜੋ ਕਿਸੇ ਵੀ ਹੋਰ ਮੁਲਕ ਮੁਕਾਬਲੇ ਵੱਧ ਸਨ।

ਅਮਰੀਕੀ ਦੂਤਾਵਾਸ ਦੇ ਕਾਰਜਕਾਰੀ ਕੌਂਸੁਲ ਜਨਰਲ ਸਯਦ ਮੁਜਤਬਾ ਅੰਦਰਾਬੀ ਨੇ ਦੱਸਿਆ ਕਿ ਵਿਦਿਆਰਥੀ ਵੀਜ਼ੇ ਉਨ੍ਹਾਂ ਦੀਆਂ ਤਰਜੀਹਾਂ ’ਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਿੱਦਿਅਕ ਆਦਾਨ-ਪ੍ਰਦਾਨ ਇਸ ਪ੍ਰਸ਼ਾਸਨ ਤੇ ਉਨ੍ਹਾਂ ਦੇ ਮਿਸ਼ਨ ਦੀ ਸਭ ਤੋਂ ਵੱਡੀਆਂ ਤਰਜੀਹਾਂ ’ਚੋਂ ਇੱਕ ਹੈ।

## ਇੱਕ ਸਿੱਖ ਬਾਰੇ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ ਵਿੱਚ ਸੰਘੀ ਨ਼ਫਰਤੀ ਅਪਰਾਧ ਤਹਿਤ ਦੋਸ਼ ਆਇਦ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਭੂਸ਼ਨ ਅਠਾਲੇ (48) ਨਾਮੀ ਵਿਅਕਤੀ ਵਿਰੁੱਧ ਇੱਕ ਨਾਨ ਪ੍ਰਾਫਿਟ ਸੰਸਥਾ ਵਿੱਚ ਕੰਮ ਕਰਦੇ ਇੱਕ ਸਿੱਖ ਨੂੰ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ ਵਿੱਚ ਸੰਘੀ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਨਿਆਂ ਵਿਭਾਗ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ 17 ਸਤੰਬਰ 2022 ਨੂੰ ਕੀਤੀ ਸ਼ਿਕਾਇਤ ਅਨੁਸਾਰ ਅਠਾਲੇ ਨੇ ਅਮਰੀਕਾ ਵਿੱਚ ਸਿੱਖਾਂ ਦੇ ਮਨੁੱਖੀ ਹੱਕਾਂ ਲਈ ਕੰਮ ਕਰਦੀ ਇੱਕ ਸੰਸਥਾ ਨੂੰ ਕਥਿਤ ਤੌਰ ’ਤੇ ਫੋਨ ਕੀਤਾ ਤੇ ਵਾਇਸ ਮੇਲ ਭੇਜੀਆਂ ਜਿਨਾਂ ਵਿੱਚ ਸੰਸਥਾ ਵਿੱਚ ਕੰਮ ਕਰਦੇ ਇੱਕ ਸਿੱਖ ਵਿਅਕਤੀ ਲਈ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਧਮਕੀ ਦਿੱਤੀ ਕਿ ਉਹ ਉਸ ਨੂੰ ਮਾਰ ਦੇਵੇਗਾ। ਨਿਆਂ ਵਿਭਾਗ ਅਨੁਸਾਰ ਕੀਤੀ ਗਈ ਜਾਂਚ ਵਿੱਚ ਪਤਾ ਲੱਗਾ ਕਿ ਅਠਾਲੇ ਦਾ ਧਾਰਮਿੱਕ ਆਧਾਰ ’ਤੇ ਟਿਪਣੀਆਂ ਕਰਨ ਤੇ ਧਮਕੀਆਂ ਦੇਣ ਦਾ ਲੰਬਾ ਇਤਿਹਾਸ ਹੈ। ਉਸ ਨੇ ਇਸ ਤੋਂ ਪਹਿਲਾਂ ਪਾਕਿਸਤਾਨ ਤੇ ਮੁਸਲਮਾਨਾਂ ਪ੍ਰਤੀ ਨਫ਼ਰਤੀ ਬਿਆਨ ਦਿੱਤੇ ਸਨ। ਨਿਆਂ ਵਿਭਾਗ ਅਨੁਸਾਰ ਅਠਾਲੇ ਨੂੰ ਉਸ ਵਿਰੁੱਧ ਆਇਦ ਦੋਸ਼ਾਂ ਲਈ ਵਧ ਤੋਂ ਵਧ 10 ਸਾਲ ਤੱਕ ਕੈਦ ਤੇ 2,50,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ।

## ਸਾਬਕਾ ਪ੍ਰੇਮਿਕਾ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਦਿੱਤੀ ਮੌਤ ਦੀ ਸਜ਼ਾ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਮਿਸੂਰੀ ਰਾਜ ਵਿਚ ਸਾਬਕਾ ਪ੍ਰੇਮਿਕਾ ਦੀ ਹੱਤਿਆ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਸੁਣਾਈ ਮੌਤ ਦੀ ਸਜ਼ਾ ’ਤੇ ਅਮਲ ਕਰਦਿਆਂ ਦੋਸ਼ੀ ਡੇਵਿਡ ਹੋਸੀਰ ਨੂੰ ਜ਼ਹਿਰ ਦਾ ਟੀਕਾ ਲਾਇਆ ਗਿਆ ਜਿਸ ਦੇ ਕੁਝ ਹੀ ਮਿੰਟਾਂ ਬਾਅਦ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

## ਅਮਰੀਕਾ: ਲੇਕ ਚੈਂਪਲੇਨ ’ਚ ਮਿਲਿਆ 1971 ਤੋਂ ਲਾਪਤਾ ਜਹਾਜ਼ ਦਾ ਮਲਬਾ

ਵਰਮਾਂਟ/ਏ.ਟੀ.ਨਿਊਜ਼ : ਵਰਮੌਂਟ ਵਿੱਚ 53 ਸਾਲ ਪਹਿਲਾਂ ਪੰਜ ਲੋਕਾਂ ਨੂੰ ਲੈ ਕੇ ਜਾ ਰਿਹਾ ਇੱਕ ਨਿੱਜੀ ਜਹਾਜ਼ ਲਾਪਤਾ ਹੋ ਗਿਆ ਸੀ, ਜਿਸ ਦਾ ਮਲਬਾ ਚੈਂਪਲੇਨ ਝੀਲ ਤੋਂ ਬਰਾਮਦ ਕੀਤਾ ਗਿਆ ਹੈ। ਮਾਹਿਰਾਂ ਨੇ ਇਹ ਜਾਣਕਾਰੀ ਦਿੱਤੀ। ਇਹ ਵਪਾਰਕ ਹਵਾਈ ਜਹਾਜ਼ 27 ਜਨਵਰੀ, 1971 ਨੂੰ ਬਰਲਿੰਗਟਨ ਹਵਾਈ ਅੱਡੇ ਤੋਂ ਪ੍ਰੋਵੀਡੈਂਸ, ਰ੍ਹੋਡ ਆਈਲੈਂਡ ਤੱਕ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਲਾਪਤਾ ਹੋ ਗਿਆ ਸੀ। ਜਹਾਜ਼ ਵਿੱਚ ਜਾਰਜੀਆ ਦੀ ਵਿਕਾਸ ਕੰਪਨੀ ਕਜ਼ਨ ਪ੍ਰਾਪਰਟੀਜ਼ ਦੇ ਤਿੰਨ ਕਰਮਚਾਰੀ ਅਤੇ ਚਾਲਕ ਦਲ ਦੇ ਦੋ ਮੈਂਬਰ ਸਵਾਰ ਸਨ। ਕੰਪਨੀ ਦੇ ਕਰਮਚਾਰੀ ਬਰਲਿੰਗਟਨ ਵਿੱਚ ਇੱਕ ਵਿਕਾਸ ਪ੍ਰੋਜੈਕਟ ’ਤੇ ਕੰਮ ਕਰ ਰਹੇ ਸਨ। ਜਦੋਂ ਸ਼ੁਰੂਆਤੀ ਖੋਜ ਕੀਤੀ ਗਈ ਤਾਂ ਇਸ 10 ਸੀਟਾਂ ਵਾਲੇ ਜਹਾਜ਼ ਦਾ ਮਲਬਾ ਨਹੀਂ ਮਿਲਿਆ ਅਤੇ ਜਹਾਜ਼ ਦੇ ਲਾਪਤਾ ਹੋਣ ਤੋਂ ਬਾਅਦ ਚਾਰ ਦਿਨ ਤੱਕ ਝੀਲ ਜੰਮੀ ਰਹੀ। ਜਹਾਜ਼ ਨੂੰ ਲੱਭਣ ਲਈ ਘੱਟੋ-ਘੱਟ 17 ਵਾਰ ਖੋਜ ਮੁਹਿੰਮ ਚਲਾਈ ਗਈ। ਖੋਜੀ ਗੈਰੀ ਕੋਜ਼ਾਕ ਅਤੇ ਇੱਕ ਟੀਮ ਨੇ ਪਿਛਲੇ ਮਹੀਨੇ ਝੀਲ ਵਿੱਚ ਜਹਾਜ਼ ਦੇ ਮਲਬੇ ਨੂੰ ਉਸੇ ਸਥਾਨ ’ਤੇ ਲੱਭਣ ਲਈ ਇੱਕ ਰਿਮੋਟਲੀ ਸੰਚਾਲਿਤ ਅੰਡਰਵਾਟਰ ਵਾਹਨ ਦੀ ਵਰਤੋਂ ਕੀਤੀ ਸੀ ਜਿੱਥੇ ਇੱਕ ਰੇਡੀਓ ਕੰਟਰੋਲ ਟਾਵਰ ਨੇ ਜਹਾਜ਼ ਦੇ ਗਾਇਬ ਹੋਣ ਤੋਂ ਪਹਿਲਾਂ ਆਖਰੀ ਵਾਰ ਟਰੈਕ ਕੀਤਾ ਸੀ।




ਸੋਨਾਰ ਦੀਆਂ ਤਸਵੀਰਾਂ ਜੂਨੀਪਰ ਟਾਪੂ ਨੇੜੇ 200 ਫੁੱਟ (60 ਮੀਟਰ) ਪਾਣੀ ਵਿੱਚ ਮਿਲੇ ਜਹਾਜ਼ ਦੇ ਮਲਬੇ ਤੋਂ ਲਈਆਂ ਗਈਆਂ ਸਨ। ਕੋਜ਼ਾਕ ਨੇ ਕਿਹਾ, ‘ਇਨ੍ਹਾਂ ਸਾਰੇ ਸਬੂਤ ਦੇ ਨਾਲ ਸਾਨੂੰ 99 ਪ੍ਰਤੀਸ਼ਤ ਭਰੋਸਾ ਹੈ।’ ਉਸਨੇ ਕਿਹਾ ਕਿ ਜਹਾਜ਼ ਦੇ ਮਲਬੇ ਦੀ ਖੋਜ ਪੀੜ੍ਹਤਾਂ ਦੇ ਪਰਿਵਾਰਾਂ ਨੂੰ ਕੁਝ ਰਾਹਤ ਪ੍ਰਦਾਨ ਕਰੇਗੀ ਅਤੇ ਉਨ੍ਹਾਂ ਦੇ ਕਈ ਸਵਾਲਾਂ ਦੇ ਜਵਾਬ ਦੇਵੇਗੀ। ਪਾਇਲਟ ਜਾਰਜ ਨਿਕਿਤਾ ਦੀ ਰਿਸ਼ਤੇਦਾਰ ਬਾਰਬਰਾ ਨਿਕਿਤਾ ਨੇ ਪ੍ਰੈਸ ਨਾਲ ਇੱਕ ਇੰਟਰਵਿਊ ਵਿੱਚ ਕਿਹਾ, ‘ਜਹਾਜ਼ ਦੇ ਮਲਬੇ ਨੂੰ ਲੱਭਣਾ ਇੱਕ ਸ਼ਾਨਦਾਰ ਅਹਿਸਾਸ ਹੈ, ਪਰ ਇਹ ਇੱਕ ਦਿਲ ਨੂੰ ਛੂਹਣ ਵਾਲਾ ਅਹਿਸਾਸ ਵੀ ਹੈ।’ ਅਸੀਂ ਜਾਣਦੇ ਹਾਂ ਕਿ ਕੀ ਹੋਇਆ। ਅਸੀਂ ਕੁਝ ਤਸਵੀਰਾਂ ਦੇਖੀਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ ਦੀ ਨਵੀਂ ਸਰਕਾਰ ਨਾਲ ਗੱਲਬਾਤ ਕਰਨ ਦਾ ਵਧੀਆ ਮੌਕਾ: ਟਰੂਡੋ

ਓਟਵਾ/ਏ.ਟੀ.ਨਿਊਜ਼ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ 'ਚ ਪੈਦਾ ਹੋਏ ਤਣਾਅ ਦਰਮਿਆਨ ਇਟਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਗੱਲਬਾਤ ਦੇ ਕੁਝ ਦਿਨਾਂ ਬਾਅਦ ਆਖਿਆ ਹੈ ਕਿ ਉਹ ਭਾਰਤ ਦੀ ਨਵੀਂ ਸਰਕਾਰ ਨਾਲ ਆਰਥਿਕ ਸਬੰਧਾਂ ਅਤੇ ਕੌਮੀ ਸੁਰੱਖਿਆ ਸਮੇਤ ਵੱਖ ਵੱਖ ਮੁੱਦਿਆਂ 'ਤੇ ਗੱਲਬਾਤ ਕਰਨ ਦਾ ਮੌਕਾ ਦੇਖਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ 'ਤੇ ਦੋਵੇਂ ਆਗੂਆਂ ਦੇ ਹੱਥ ਮਿਲਾਉਂਦਿਆਂ ਦੀ ਇੱਕ ਤਸਵੀਰ ਪੋਸਟ ਕੀਤੀ ਸੀ ਜਿਸ 'ਚ ਇੱਕ ਲਾਈਨ 'ਚ ਕਿਹਾ ਗਿਆ ਸੀ ਕਿ ਜੀ-7 ਸਿਖਰ ਸੰਮੇਲਨ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਹੋਈ।




ਦੋਵੇਂ ਮੁਲਕਾਂ ਦੇ ਕੂਟਨੀਤਕ ਸਬੰਧਾਂ 'ਚ ਉਸ ਸਮੇਂ ਤਣਾਅ ਆ ਗਿਆ ਸੀ ਜਦੋਂ ਟਰੂਡੋ ਨੇ ਪਿਛਲੇ ਸਾਲ ਸਤੰਬਰ 'ਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟ ਦੀ ਸੰਭਾਵਿਤ ਸ਼ਮੂਲੀਅਤ ਦਾ ਦੋਸ਼ ਲਾਇਆ ਸੀ।

ਓਟਵਾ ਤੋਂ ਪਰਤਣ ਮਗਰੋਂ ਟਰੂਡੋ ਨੇ ਦੱਸਿਆ ਕਿ ਸਿਖਰ ਸੰਮੇਲਨ ਬਾਰੇ ਸਭ ਤੋਂ ਵਧੀਆ ਗੱਲ ਇਹ ਰਹੀ ਕਿ ਤੁਹਾਨੂੰ ਵੱਖ ਵੱਖ ਆਗੂਆਂ ਨਾਲ ਸਿੱਧੇ ਗੱਲਬਾਤ ਕਰਨ ਦਾ ਮੌਕਾ ਮਿਲਿਆ। 'ਯਕੀਨੀ ਤੌਰ 'ਤੇ ਭਾਰਤ ਨਾਲ ਦੋਵੇਂ ਮੁਲਕਾਂ ਦੇ ਲੋਕਾਂ ਵਿਚਕਾਰ ਸਬੰਧਾਂ ਦੇ ਨਾਲ ਹੀ ਆਰਥਿਕ ਸਬੰਧ ਵੀ ਅਹਿਮ ਹਨ।' ਉਨ੍ਹਾਂ ਕਿਹਾ ਕਿ ਕਈ ਵੱਡੇ ਮੁੱਦਿਆਂ 'ਤੇ ਸਹਿਮਤੀ ਹੈ ਜਿਨ੍ਹਾਂ 'ਤੇ ਸਾਨੂੰ ਕੰਮ ਕਰਨ ਦੀ ਲੋੜ ਹੈ। 'ਹੁਣ ਜਦੋਂ ਉਹ (ਮੋਦੀ) ਚੋਣ ਜਿੱਤ ਚੁੱਕੇ ਹਨ ਤਾਂ ਮੈਨੂੰ ਲਗਦਾ ਹੈ ਕਿ ਸਾਡੇ ਲਈ ਗੱਲਬਾਤ ਕਰਨ ਦਾ ਮੌਕਾ ਹੈ ਜਿਸ 'ਚ ਕੌਮੀ ਸੁਰੱਖਿਆ ਅਤੇ ਕੈਨੇਡਾ ਦੇ ਲੋਕਾਂ ਨੂੰ ਸੁਰੱਖਿਅਤ ਰੱਖਣ ਅਤੇ ਕਾਨੂੰਨ ਦੇ ਸ਼ਾਸਨ ਨਾਲ ਜੁੜੇ ਕੁਝ ਬਹੁਤ ਗੰਭੀਰ ਮੁੱਦੇ ਸ਼ਾਮਲ ਹਨ ਜਿਨ੍ਹਾਂ ਬਾਰੇ ਅਸੀਂ ਗੱਲਬਾਤ ਕਰਾਂਗੇ।'

ਨਿੱਝਰ ਦੀ ਹੱਤਿਆ ਬਾਰੇ ਕੈਨੇਡਾ ਦੀ ਜਾਂਚ 'ਚ ਭਾਰਤ ਨਾਲ ਸਹਿਯੋਗ 'ਚ ਸੁਧਾਰ ਦਿਖਣ ਬਾਰੇ ਪੁੱਛੇ ਗਏ ਸਵਾਲ 'ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਇਸ 'ਤੇ ਬਹੁਤ ਕੰਮ ਚੱਲ ਰਿਹਾ ਹੈ।

# ਬਾਇਡਨ ਦੀ ਨਵੀਂ ਯੋਜਨਾ: ਪੰਜ ਲੱਖ ਪਰਵਾਸੀਆਂ ਨੂੰ ਮਿਲ ਸਕਦੀ ਹੈ ਅਮਰੀਕੀ ਨਾਗਰਿਕਤਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਚੋਣ ਸਾਲ ਵਿੱਚ ਇੱਕ ਵਿਆਪਕ ਕਦਮ ਚੁੱਕ ਰਹੇ ਹਨ, ਜਿਸ ਨਾਲ ਹੁਣ ਤੱਕ ਦੇਸ਼ ਵਿੱਚ ਰਹਿ ਰਹੇ ਲੱਖਾਂ ਗੈਰਕਾਨੂੰਨੀ ਪਰਵਾਸੀਆਂ ਨੂੰ ਰਾਹਤ ਮਿਲ ਸਕਦੀ ਹੈ ਤੇ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲਣ ਦਾ ਰਾਹ ਸਾਫ਼ ਹੋ ਸਕਦਾ ਹੈ। ਬਾਇਡਨ ਦੀ ਇਸ ਪੇਸ਼ਕਦਮੀ ਨੂੰ ਮਹੀਨੇ ਦੀ ਸ਼ੁਰੂਆਤ ਵਿੱਚ ਸਰਹੱਦ 'ਤੇ ਉਨ੍ਹਾਂ ਵੱਲੋਂ ਅਪਣਾਈ ਗਈ ਹਮਲਾਵਰ ਨੀਤੀ ਨੂੰ ਸੰਤੁਲਤ ਕਰਨ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ।



ਉਨ੍ਹਾਂ ਦੇ ਹਮਲਾਵਰ ਰੁਖ਼ ਨੇ ਕਈ ਡੈਮੋਕਰੈਟਿਕ ਸੰਸਦ ਮੈਂਬਰਾਂ ਨੂੰ ਨਾਰਾਜ਼ ਕਰ ਦਿੱਤਾ ਸੀ।ਅਮਰੀਕੀ ਰਾਸ਼ਟਰਪਤੀ ਦਫ਼ਤਰ ਨੇ ਐਲਾਨ ਕੀਤਾ ਕਿ ਬਾਇਡਨ ਪ੍ਰਸ਼ਾਸਨ ਆਉਣ ਵਾਲੇ ਮਹੀਨਿਆਂ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਅਮਰੀਕੀ ਨਾਗਰਿਕਾਂ ਦੇ ਕੁਝ ਜੀਵਨ ਸਾਥੀਆਂ ਨੂੰ ਸਥਾਈ ਨਿਵਾਸ ਤੇ ਨਾਗਰਿਕਤਾ ਲਈ ਅਰਜ਼ੀ ਦਾਖ਼ਲ ਕਰਨ ਦੀ ਖੁੱਲ੍ਹ ਦੇਵੇਗਾ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਮੁਤਾਬਕ ਇਸ ਪੇਸ਼ਕਦਮੀ ਨਾਲ ਪੰਜ ਲੱਖ ਤੋਂ ਵੱਧ ਪਰਵਾਸੀਆਂ ਨੂੰ ਫਾਇਦਾ ਹੋ ਸਕਦਾ ਹੈ। ਨਾਗਰਿਕਤਾ ਹਾਸਲ ਕਰਨ ਲਈ ਇੱਕ ਪਰਵਾਸੀ ਸੋਮਵਾਰ ਨੂੰ ਪੂਰੀ ਹੋਈ ਮਿਆਦ ਤੱਕ ਘੱਟੋ ਘੱਟ 10 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਹੋਵੇ ਤੇ ਉਹ ਕਿਸੇ ਅਮਰੀਕੀ ਨਾਗਰਿਕ ਨਾਲ ਵਿਆਹਿਆ ਹੋਵੇ। ਜੇ ਕਿਸੇ ਯੋਗਤਾ ਪ੍ਰਾਪਤ ਗੈਰ-ਪਰਵਾਸੀ ਦੀ ਅਰਜ਼ੀ ਸਵੀਕਾਰ ਹੋ ਜਾਂਦੀ ਹੈ ਤਾਂ ਉਸ ਕੋਲ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਸਤੇ ਤਿੰਨ ਸਾਲ ਦਾ ਸਮਾਂ ਹੋਵੇਗਾ ਅਤੇ ਉਸ ਨੂੰ ਅਸਥਾਈ ਵਰਕ ਪਰਮਿਟ ਮਿਲੇਗਾ ਤੇ ਡਿਪੋਰਟ ਕੀਤੇ ਜਾਣ ਤੋਂ ਛੋਟ ਰਹੇਗੀ।

# ਆਸਟਰੇਲੀਆ ਦਾ ਵਿਦਿਆਰਥੀਆਂ ਨੂੰ ਝਟਕਾ, 1 ਜੁਲਾਈ ਤੋਂ ਵੀਜ਼ਾ ਲਈ ਅਰਜ਼ੀਆਂ ਨਹੀਂ ਹੋਣਗੀਆਂ ਮਨਜ਼ੂਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਆਸਟਰੇਲੀਆ ਵਿੱਚ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਨਿਯਮ ਲਾਗੂ ਕੀਤੇ ਜਾ ਰਹੇ ਹਨ, ਜਿਸ ਨਾਲ ਵਿਦਿਆਰਥੀਆਂ ਖ਼ਾਸ ਕਰ ਕੇ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਗ੍ਰਹਿ ਮੰਤਰੀ ਸਾਈਬਰ ਸੁਰੱਖਿਆ ਮੰਤਰੀ ਕਲੇਰ ਓਨੀਲ ਨੇ ਕਿਹਾ ਹੈ ਕਿ ਆਸਟਰੇਲੀਆ ਨੇ ਜੁਲਾਈ ਤੋਂ ਵਿਦਿਆਰਥੀ ਵੀਜ਼ਾ ਲਈ ਅਰਜ਼ੀਆਂ ਸਵੀਕਾਰ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਮਾਈਗ੍ਰੇਸ਼ਨ ਪ੍ਰਣਾਲੀ ਵਿੱਚ ਵੀਜ਼ਾ ਲਈ ਮੁਕਾਬਲੇ ਨੂੰ ਖ਼ਤਮ ਕਰਨ ਲਈ ਚੁੱਕਿਆ ਗਿਆ ਹੈ। ਕਲੇਰ ਨੇ ਕਿਹਾ ਕਿ ਪਿਛਲੇ ਸਾਲ ਜਾਰੀ ਕੀਤੀ ਗਈ ਮਾਈਗ੍ਰੇਸ਼ਨ ਰਣਨੀਤੀ ਦਾ ਉਦੇਸ਼ ਵੀਜ਼ਾ ਹਾਪਿੰਗ ਨੂੰ ਸੀਮਤ ਕਰਨਾ ਅਤੇ ਉਨ੍ਹਾਂ ਕਮੀਆਂ ਨੂੰ ਬੰਦ ਕਰਨਾ ਹੈ ਜੋ ਵਿਦਿਆਰਥੀਆਂ ਅਤੇ ਹੋਰ ਅਸਥਾਈ ਵੀਜ਼ਾ ਧਾਰਕਾਂ ਨੂੰ ਆਸਟਰੇਲੀਆ ਵਿੱਚ ਲਗਾਤਾਰ ਅਪਣੀ ਰਿਹਾਇਸ਼ ਨੂੰ ਅਣਮਿੱਥੇ ਸਮੇਂ ਲਈ ਵਧਾਉਣ ਦੀ ਇਜਾਜ਼ਤ ਦਿੰਦੇ ਹਨ।



ਵਿਦਿਆਰਥੀ ਵੀਜ਼ੇ 'ਤੇ ਆਸਟਰੇਲੀਆ ਵਿੱਚ ਰਹਿਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2022-23 ਵਿੱਚ 30 ਹਜ਼ਾਰ ਤੋਂ ਵੱਧ ਕੇ 150,000 ਤੋਂ ਵੱਧ ਹੋ ਗਈ ਹੈ। ਪੀਟਰ ਮੈਕਡੋਨਲਡ, ਇੱਕ ਪ੍ਰਸਿੱਧ ਆਸਟਰੇਲੀਅਨ ਜਨਸੰਖਿਆ ਵਿਗਿਆਨੀ, ਨੇ ਹਾਲ ਹੀ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਪਹਿਲਾਂ ਤੋਂ ਹੀ ਘੱਟ ਵੀਜ਼ਾ ਅਰਜ਼ੀਆਂ ਨੂੰ ਸਵੀਕਾਰ ਕਰ ਕੇ ਵੀਜ਼ਾ ਹਾਪਿੰਗ ਵਿੱਚ ਭਾਰੀ ਕਟੌਤੀ ਕਰਨ ਨਾਲ ਸਥਾਈ ਪ੍ਰਵਾਸ ਵਿੱਚ ਕਟੌਤੀ ਕਰਨ ਨਾਲੋਂ ਆਬਾਦੀ ਦੇ ਵਾਧੇ ਦਾ ਪ੍ਰਬੰਧਨ ਕੀਤਾ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਵਿਜ਼ਟਰ ਵੀਜ਼ਾ ਧਾਰਕ ਆਨਸ਼ੋਰ ਵਿਦਿਆਰਥੀ ਵੀਜ਼ਾ ਲਈ ਅਪਲਾਈ ਕਰਨ ਦੇ ਯੋਗ ਨਹੀਂ ਹੋਣਗੇ। 1 ਜੁਲਾਈ 2023 ਤੋਂ ਮਈ 2024 ਦੇ ਅੰਤ ਤੱਕ 36,000 ਤੋਂ ਵੱਧ ਅਰਜ਼ੀਆਂ ਨਾਲ ਵਿਦਿਆਰਥੀ ਮਾਰਗ 'ਤੇ ਆਉਣ ਵਾਲੇ ਵਿਜ਼ਟਰ ਵਧਦੇ ਜਾ ਰਹੇ ਹਨ। ਇਹ ਉਪਾਅ ਇੱਕ ਰੂਟ ਨੂੰ ਬੰਦ ਕਰ ਦਿੰਦਾ ਹੈ ਜਿਸ ਦੀ ਵਰਤੋਂ ਸਰਕਾਰ ਦੇ ਮਜ਼ਬੂਤ ਵਿਰੋਧੀ ਆਫਸ਼ੋਰ ਵਿਦਿਆਰਥੀ ਵੀਜ਼ਾ ਉਪਾਵਾਂ ਨੂੰ ਰੋਕਣ ਲਈ ਕੀਤੀ ਗਈ ਹੈ, ਕੋਸ਼ਿਸ਼ ਇਸ ਸਰਕਾਰੀ ਫ਼ੈਸਲੇ ਦੇ ਹਿੱਸੇ ਵਜੋਂ, ਵਿਜ਼ਟਰ ਵੀਜ਼ਾ ਅਤੇ ਅਸਥਾਈ ਗ੍ਰੈਜੂਏਟ ਵੀਜ਼ਾ ਰੱਖਣ ਵਾਲੇ ਲੋਕ ਹੁਣ ਆਨਸ਼ੋਰ ਵਿਦਿਆਰਥੀ ਵੀਜ਼ਾ ਲਈ ਅਰਜ਼ੀ ਨਹੀਂ ਦੇ ਸਕਣਗੇ। ਇਹ ਪ੍ਰਵਾਸ ਨੂੰ ਘਟਾਉਣ ਲਈ ਇਸ ਸਾਲ ਲਾਗੂ ਕੀਤੀਆਂ ਗਈਆਂ ਹੋਰ ਤਬਦੀਲੀਆਂ ਤੋਂ ਇਲਾਵਾ ਹਨ।

# ਕੀਟਾਣੂਆਂ ਵੱਲੋਂ ਫੇਫੜਿਆਂ ਨੂੰ ਖ਼ਰਾਬ ਕਰਨ ਦੀ ਪ੍ਰਕਿਰਿਆ ਦਾ ਲਾਇਆ ਪਤਾ

## ਨਵੇਂ ਅਧਿਐਨ ਵਿਚ ਕੀਤਾ ਦਾਅਵਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਖੋਜੀਆਂ ਨੇ ਇੱਕ ਨਵੇਂ ਅਧਿਐਨ ਵਿੱਚ ਕੀਟਾਣੂਆਂ ਵੱਲੋਂ ਫੇਫੜਿਆਂ ਨੂੰ ਇਨਫੈਕਟਿਡ ਕਰਨ ਦੀ ਪ੍ਰਕਿਰਿਆ ਨੂੰ ਉਜਾਗਰ ਕਰਨ ਦਾ ਦਾਅਵਾ ਕੀਤਾ ਹੈ। ਖੋਜੀਆਂ ਦੀ ਟੀਮ ਨੇ ਲੈਬ 'ਚ ਵਿਕਸਿਤ ਫੇਫੜਿਆਂ ਰਾਹੀਂ ਇਹ ਪਤਾ ਲਾਇਆ ਕਿ ਇਹ ਕੀਟਾਣੂ ਕਿਵੇਂ ਫੇਫੜਿਆਂ ਦੀ ਪਰਤ ਨੂੰ ਤੋੜ ਕੇ ਰੱਖਿਆ ਪ੍ਰਣਾਲੀ ਵਿੱਚ ਸੰਨ੍ਹ ਲਾਉਂਦੇ ਹਨ ਤੇ ਇਨਫੈਕਸ਼ਨ ਕਰ ਦਿੰਦੇ ਹਨ। ਸਵਿਟਜ਼ਰਲੈਂਡ ਦੇ ਬਾਇਓਜ਼ੈਂਟ੍ਰਮ ਆਫ ਦਿ ਯੂਨੀਵਰਸਿਟੀ ਆਫ ਬੇਸਲ ਦੀ ਖੋਜੀ ਟੀਮ ਨੇ ਆਪਣੇ ਅਧਿਐਨ ਵਿੱਚ ਡਬਲਿਊ.ਐੱਚ.ਓ. ਦੀ ਸੂਚੀ 'ਚ ਸ਼ਾਮਲ ਦੁਨੀਆ ਦੇ 12 ਸਭ ਤੋਂ ਖ਼ਤਰਨਾਕ ਬੈਕਟੀਰੀਆ ਕੀਟਾਣੂ ਦੇ ਹਿੱਸੇ ਸਿਊਡੋਮੋਨਾਸ ਐਰੂਗਿਨੋਸਾ 'ਤੇ ਧਿਆਨ ਕੇਂਦਰਿਤ ਕੀਤਾ। ਇਹ ਬੈਕਟੀਰੀਆ ਫੇਫੜਿਆਂ ਦੇ ਟਿਸ਼ੂਜ਼ 'ਤੇ ਹਮਲਾ ਕਰਦੇ ਹਨ ਤੇ ਇੱਕ ਖ਼ਾਸ ਰਣਨੀਤੀ (**ਬਾਕੀ ਸਫ਼ਾ 30 'ਤੇ**)

# ਕੈਨੇਡਾ: ਪੰਜਾਬੀਆਂ ਦੀਆਂ ਅਚਾਨਕ ਮੌਤਾਂ 'ਤੇ ਉੱਠਦੇ ਸਵਾਲਾਂ ਦੀ ਸੂਈ ਨਸ਼ੇ 'ਤੇ ਅਟਕੀ



ਵੈਨਕੂਵਰ/ਏ.ਟੀ.ਨਿਊਜ਼ : ਕੈਨੇਡਾ ਵਿੱਚ ਸਟੱਡੀ ਵੀਜ਼ੇ 'ਤੇ ਆਏ ਨੌਜਵਾਨਾਂ ਦੀਆਂ ਮੌਤਾਂ 'ਚ ਅਚਾਨਕ ਹੋਏ ਵਾਧੇ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ 'ਚੋਂ ਬਹੁਤੀਆਂ ਮੌਤਾਂ ਨਸ਼ਿਆਂ ਦੀ ਓਵਰਡੋਜ਼ ਕਾਰਨ ਹੁੰਦੀਆਂ ਹਨ ਪਰ ਪ੍ਰਸ਼ਾਸਨ ਵੱਲੋਂ ਆਪਣੀ ਗਲਤੀ ਲੁਕਾਉਣ ਅਤੇ ਮਾਪਿਆਂ ਵੱਲੋਂ ਸਮਾਜਿਕ ਨਮੋਸ਼ੀ ਦੇ ਡਰੋਂ ਇਹ ਦਿਲ ਦਾ ਦੌਰਾ ਪੈਣ ਕਾਰਨ ਹੋਈਆਂ ਮੌਤਾਂ ਦੱਸੀਆਂ ਜਾਂਦੀਆਂ ਹਨ। ਪੋਸਟਮਾਰਟਮ ਰਿਪੋਰਟ ਸਿਰਫ ਮਾਪਿਆਂ ਜਾਂ ਪਰਿਵਾਰ ਨਾਲ ਹੀ ਸਾਂਝੀ ਕੀਤੀ ਜਾਂਦੀ ਹੈ। ਬੀਤੇ ਹਫਤਿਆਂ 'ਚ 20-22 ਸਾਲਾਂ ਦੇ ਕਈ ਨੌਜਵਾਨਾਂ ਦੀ ਹੋਈਆਂ ਮੌਤਾਂ ਦੀ ਪੁਖਤਾ ਜਾਣਕਾਰੀ ਵਿੱਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਦੀ ਮੌਤ ਦਾ ਅਸਲ ਕਾਰਨ ਨਸ਼ੇ ਦੀ ਓਵਰਡੋਜ਼ ਸੀ ਪਰ ਪੰਜਾਬ ਵਿੱਚ ਉਨ੍ਹਾਂ ਦੇ ਨੇੜਲਿਆਂ ਦੇ ਹਵਾਲੇ ਨਾਲ ਲੱਗੀਆਂ ਖਬਰਾਂ ਵਿੱਚ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਗਿਆ ਹੈ। ਅਜਿਹੀਆਂ ਮੌਤਾਂ ਦੇ ਕਾਰਨਾਂ ਦੀ ਸਹੀ ਜਾਣਕਾਰੀ ਰੱਖਣ ਵਾਲੇ ਪੁਲਿਸ ਮੁਲਾਜ਼ਮ, ਡਾਕਟਰਾਂ ਅਤੇ ਸਮਾਜਸੇਵੀਆਂ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਸ ਬਾਰੇ ਕੋਈ ਵੀ ਜਨਤਕ ਤੌਰ 'ਤੇ ਬੋਲਣ ਲਈ ਤਿਆਰ ਨਹੀਂ ਹੁੰਦਾ। ਅਸਲ ਕਾਰਨ ਲੁਕਾਉਣ ਪਿੱਛੇ ਤਰਸ ਦੇ ਪਾਤਰ ਬਣੇ ਪੀੜਤ ਮਾਪਿਆਂ ਨਾਲ ਹਮਦਰਦੀ ਜੁੜੀ ਹੁੰਦੀ ਹੈ। ਇੱਕ ਪੰਜਾਬੀ ਪੁਲਿਸ ਅਫਸਰ ਨੇ ਨਸ਼ਿਆਂ ਦੀ ਭੇਟ ਚੜ੍ਹੇ ਆਪਣੇ ਪਿਤਾ ਦਾ ਦੁੱਖ ਫਰੋਲਦਿਆਂ ਕਿਹਾ ਕਿ ਮੌਤਾਂ ਦਾ ਅਸਲ ਕਾਰਨ ਮਿਲਾਵਟ ਤੋਂ ਬਿਨਾ (ਭਾਵ ਖ਼ਾਲਸ) ਨਸ਼ਾ ਤੇ ਰਸਾਇਣਾਂ ਦੀ ਵਰਤੋਂ ਹੈ। ਉਸ ਨੇ ਦੱਸਿਆ ਕਿ ਕਈ ਪੰਜਾਬੀ ਨੌਜਵਾਨਾਂ ਦੀਆਂ ਲਾਸ਼ਾਂ ਨੇੜਿਓਂ ਉਸ ਨੇ ਖੁਦ ਸੂਈਆਂ ਬਰਾਮਦ ਕੀਤੀਆਂ ਹਨ। ਇਸੇ ਤਰ੍ਹਾਂ ਡਾਕਟਰ ਪਰਗਟ ਸਿੰਘ ਭੁਰਜੀ ਨੇ ਦੱਸਿਆ ਕਿ ਹਾਥੀਆਂ ਨੂੰ ਬੇਹੋਸ਼ ਕਰਨ ਲਈ ਵਰਤੀ ਜਾਂਦੀ ਦਵਾਈ ਕਾਰਫੈਂਟਾਨਿਲ ਰਵਾਇਤੀ ਨਸ਼ਿਆਂ ਤੋਂ ਸਸਤੀ ਹੋਣ ਕਰਕੇ ਇਸ ਦੀ ਓਵਰਡੋਜ਼ ਮੌਤ ਦਾ ਕਾਰਨ ਬਣਦੀ ਹੈ।

# ਸਰਹੱਦ 'ਤੇ ਸ਼ਰਨਾਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਲਈ ਰਾਸ਼ਟਰਪਤੀ ਬਾਈਡੇਨ ਵਿਰੁੱਧ ਪਹਿਲਾ ਮਾਮਲਾ ਦਰਜ

ਵਾਸ਼ਿੰਗਟਨ/ਏ.ਟੀ.ਨਿਊਜ਼ : ਪ੍ਰਵਾਸੀ ਅਧਿਕਾਰ ਸੰਗਠਨਾਂ ਦੇ ਇੱਕ ਸਮੂਹ ਨੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਹਾਲੀਆ ਨਿਰਦੇਸ਼ 'ਤੇ ਬਾਈਡੇਨ ਪ੍ਰਸ਼ਾਸਨ 'ਤੇ ਮੁਕੱਦਮਾ ਕੀਤਾ। ਬਾਈਡੇਨ ਨੇ ਹਾਲ ਹੀ ਵਿੱਚ ਦੱਖਣੀ ਸਰਹੱਦ 'ਤੇ ਸ਼ਰਨਾਰਥੀਆਂ ਦੇ ਦਾਖਲੇ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾ ਦਿੱਤੀ ਸੀ, ਜਿਸਦਾ ਸਮੂਹ ਨੇ ਵਿਰੋਧ ਕੀਤਾ ਸੀ, ਇਹ ਦਾਅਵਾ ਕੀਤਾ ਸੀ ਕਿ ਰਾਸ਼ਟਰਪਤੀ ਦਾ ਫ਼ੈਸਲਾ ਟਰੰਪ ਪ੍ਰਸ਼ਾਸਨ ਦੌਰਾਨ ਚੁੱਕੇ ਗਏ ਕਦਮਾਂ ਤੋਂ ਬਹੁਤ ਵੱਖਰਾ ਨਹੀਂ ਹੈ, ਜਿਸ ਨੂੰ ਅਦਾਲਤਾਂ ਨੇ ਰੋਕ ਦਿੱਤਾ ਸੀ।



ਇਹ ਮੁਕੱਦਮਾ 'ਲਾਸ ਅਮਰੀਕਾ ਇਮੀਗ੍ਰੇਂਟ ਐਡਵੋਕੇਸੀ ਸੈਂਟਰ' ਅਤੇ 'ਆਰ.ਏ.ਆਈ.ਸੀ.ਈ.ਐੱਸ.' ਵੱਲੋਂ 'ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ' (ਏ.ਸੀ.ਐਲ.ਯੂ) ਅਤੇ ਹੋਰਾਂ ਵੱਲੋਂ ਦਾਇਰ ਕੀਤਾ ਗਿਆ ਹੈ। ਇਹ ਮੁਕੱਦਮਾ ਸਰਹੱਦ 'ਤੇ ਬਾਈਡੇਨ ਦੀ ਵਿਆਪਕ ਕਾਰਵਾਈ ਦੀ ਵੈਧਤਾ ਦਾ ਪਹਿਲਾ ਟੈਸਟ ਹੈ। ਸਰਹੱਦ 'ਤੇ ਸ਼ਰਨਾਰਥੀਆਂ ਦੇ ਦਾਖਲੇ ਨੂੰ ਰੋਕਣ ਦਾ ਫ਼ੈਸਲਾ ਵ੍ਹਾਈਟ ਹਾਊਸ ਦੀ ਅੰਦਰੂਨੀ ਵਿਚਾਰ-ਵਟਾਂਦਰੇ ਤੋਂ ਬਾਅਦ ਆਇਆ ਹੈ। ਇਸ ਫ਼ੈਸਲੇ ਦਾ ਉਦੇਸ਼ ਇਮੀਗ੍ਰੇਸ਼ਨ ਨਾਲ ਨਜਿੱਠਣ ਨੂੰ ਲੈ ਕੇ ਰਾਸ਼ਟਰਪਤੀ ਖ਼ਿਲਾਫ਼ ਸਿਆਸੀ ਹਮਲਿਆਂ ਨੂੰ ਰੋਕਣਾ ਹੈ।

ਏ.ਸੀ.ਐਲ.ਯੂ ਦੇ ਅਟਾਰਨੀ ਲੀ ਗੇਲਰੈਂਟ ਨੇ ਕਿਹਾ, 'ਸ਼ਰਨਾਰਥੀਆਂ 'ਤੇ ਪਾਬੰਦੀ ਤੋਂ ਬਾਅਦ, ਸਾਡੇ ਕੋਲ ਮੁਕੱਦਮਾ ਦਾਇਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਬਾਈਡੇਨ ਪ੍ਰਸ਼ਾਸਨ ਦਾ ਇਹ ਫ਼ੈਸਲਾ ਕਾਨੂੰਨੀ ਤੌਰ 'ਤੇ ਟਰੰਪ ਦੇ ਪਾਬੰਦੀ ਤੋਂ ਵੱਖਰਾ ਨਹੀਂ ਹੈ, ਜਿਸ ਨੂੰ ਅਸੀਂ ਸਫਲਤਾਪੂਰਵਕ ਰੋਕ ਦਿੱਤਾ ਹੈ।'

ਪਿਛਲੇ ਹਫਤੇ ਬਾਈਡੇਨ ਪ੍ਰਸ਼ਾਸਨ ਦੁਆਰਾ ਜਾਰੀ ਆਦੇਸ਼ ਅਨੁਸਾਰ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਪ੍ਰਤੀ ਦਿਨ 2,500 ਤੱਕ ਪਹੁੰਚਣ 'ਤੇ ਸ਼ਰਣ ਦੀ ਪ੍ਰਕਿਰਿਆ ਸੀਮਤ ਹੋ ਜਾਵੇਗੀ। ਪਰ ਨਵੇਂ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਇਹ ਗਿਣਤੀ ਚਾਰ ਹਜ਼ਾਰ ਦਾ ਅੰਕੜਾ ਪਾਰ ਕਰ ਗਈ ਹੈ, ਜਿਸ ਕਾਰਨ ਇਹ ਨਿਯਮ ਤੁਰੰਤ ਲਾਗੂ ਹੋ ਗਿਆ ਹੈ। ਇਹ ਪਾਬੰਦੀਆਂ ਦੋ ਹਫ਼ਤਿਆਂ ਤੱਕ ਲਾਗੂ ਰਹਿਣਗੀਆਂ ਜਦੋਂ ਤੱਕ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਪ੍ਰਤੀ ਦਿਨ 1,500 ਜਾਂ ਇਸ ਤੋਂ ਘੱਟ ਨਹੀਂ ਹੋ ਜਾਂਦੀ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਸੰਖਿਆ ਇੰਨੀ ਘੱਟ ਕਦੋਂ ਹੋਵੇਗੀ। ਆਖਰੀ ਵਾਰ ਅਜਿਹਾ ਜੁਲਾਈ 2020 ਵਿੱਚ ਕੋਵਿਡ-19 ਗਲੋਬਲ ਮਹਾਮਾਰੀ ਦੌਰਾਨ ਹੋਇਆ ਸੀ। ਬਾਈਡੇਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਹੁਕਮ 5 ਜੂਨ ਤੋਂ ਲਾਗੂ ਹੋ ਗਿਆ ਹੈ।

# ਬਾਦਲ ਅਕਾਲੀ ਦਲ ਵਿੱਚ ਹੋ ਸਕਦੀ ਹੈ ਵੱਡੀ ਬਗ਼ਾਵਤ

## ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਛੱਡਣ ਨੂੰ ਤਿਆਰ ਨਹੀਂ

## ਬਲਵਿੰਦਰ ਸਿੰਘ ਭੂੰਦੜ ਬਾਦਲ ਪਰਿਵਾਰ ਦੀ ਹਮਾਇਤ ਉੱਪਰ

## ਚੰਦੂਮਾਜਰਾ, ਬੀਬੀ ਜਗੀਰ ਕੌਰ, ਇਆਲੀ, ਵਡਾਲਾ, ਢੀਂਡਸਾ ਸੁਖਬੀਰ ਦੇ ਵਿਰੋਧ ਵਿੱਚ ਡਟੇ

ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਬਾਦਲ ਪਰਿਵਾਰ ਆਪਣੀ ਬਠਿੰਡਾ ਸੀਟ ਹੀ ਬਚਾ ਸਕਿਆ ਹੈ। ਪਾਰਟੀ ਦਾ ਵੋਟ ਫੀਸਦ ਵੀ ਘਟ ਕੇ 13.42 ਫ਼ੀਸਦੀ ਰਹਿ ਗਿਆ ਹੈ ਜੋ ਕਿ ਸਾਲ 2019 ਦੀਆਂ ਚੋਣਾਂ ਵਿੱਚ 27.76 ਫ਼ੀਸਦੀ ਸੀ। ਪੰਜਾਬ ਵਿਧਾਨ ਸਭਾ ਵਿੱਚ ਪਾਰਟੀ ਦੇ ਸਿਰਫ਼ ਤਿੰਨ ਵਿਧਾਇਕ ਹਨ। ਇਸ ਬਾਰੇ ਸ੍ਰੋਮਣੀ ਅਕਾਲੀ ਦਲ ਅੰਦਰ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਨੂੰ ਲੈਕੇ ਘੁਸਰ ਮੁਸਰ ਕੁੱਝ ਚਲਦੀ ਹੈ, ਪਰ ਜਨਤਾ ਨੂੰ ਕੁਝ ਹੋਰ ਦਸਿਆ ਜਾਂਦਾ ਹੈ। ਬਾਦਲ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਲਈ ਪਹਿਲਾਂ ਤਾਂ ਮਾਲਵਾ ਦੇ ਬਾਗ਼ੀ ਧੜੇ ਵਾਲੇ ਲੀਡਰਾਂ ਸੁਖਦੇਵ ਸਿੰਘ ਢੀਂਡਸਾ ਨੂੰ ਬੁਲਾਇਆ ਹੀ ਨਹੀਂ। ਜਿੰਨੇ ਕੁ ਬੁਲਾਏ ਉਨ੍ਹਾਂ ਨੇ ਲੋਕ ਸਭਾ ਚੋਣ ਦੀ ਪੜਚੋਲ ਕੀਤੀ, ਮਾੜੀ ਕਾਰਗੁਜ਼ਾਰੀ ਬਾਰੇ ਉਸਲ ਵੱਟੇ ਲਏ।

ਜੇ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਬਠਿੰਡੇ ਦੀ ਇੱਕ ਮਾਤਰ ਜਿਤੀ ਸੀਟ ਲਈ ਸ਼ਾਬਾਸ਼ ਦੀ ਉਡੀਕ ਵਿੱਚ ਸੀ ਤਾਂ ਕਮੇਟੀ ਨੇ ਕੋਈ ਅਜਿਹਾ ਮਤਾ ਪਾਸ ਨਾ ਕੀਤਾ ਪਰ ਜਨਤਾ ਅੰਦਰ ਪ੍ਰਚਾਰਿਆ ਗਿਆ ਕਿ ਕੋਰ ਕਮੇਟੀ ਨੇ ਪ੍ਰਧਾਨ ਵਜੋਂ ਸੁਖਬੀਰ ਵਿੱਚ ਪੂਰਨ ਵਿਸ਼ਵਾਸ ਪ੍ਰਗਟ ਕੀਤਾ ਸੀ।

ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਬਾਅਦ ਵਿੱਚ ਇਸ ਅਖੌਤੀ ਮਤੇ ਦੀ ਫੂਕ ਕੱਢ ਦਿਤੀ ਅਤੇ ਕਿਹਾ ਕਿ ਅਜਿਹਾ ਵਿਸ਼ਵਾਸ ਮਤਾ ਪ੍ਰਵਾਨ ਹੀ ਨਹੀਂ ਹੋਇਆ। ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਨਾਲ ਬੀਬੀ ਜਗੀਰ ਕੌਰ, ਬਲਦੇਵ ਸਿੰਘ ਮਾਨ, ਸੁਰਜੀਤ ਸਿੰਘ ਰੱਖੜਾ, ਡਾ. ਦਲਜੀਤ ਸਿੰਘ ਚੀਮਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਸਮੇਤ ਕਈ ਆਗੂਆਂ ਵੱਲੋਂ ਮੁਲਾਕਾਤਾਂ ਕੀਤੀਆਂ ਗਈਆਂ ਅਤੇ ਸਾਰੇ ਲੀਡਰਾਂ ਵਿੱਚ ਹੀ ਅਖ਼ਬਾਰਾਂ ਨੂੰ ਜਾਰੀ ਕੀਤੇ ਅਣਅਧਿਕਾਰਤ ਪ੍ਰੈੱਸ ਨੋਟ ਨੂੰ ਲੈ ਕੇ ਵੀ ਰੋਸ ਸੀ। ਚੰਦੂਮਾਜਰਾ ਨੇ ਸਪਸ਼ਟ ਕੀਤਾ ਕਿ ਇਸ ਮੀਟਿੰਗ ਵਿੱਚ ਹਰਚਰਨ ਬੈਂਸ ਵਲੋਂ ਭਰੋਸੇ ਦਾ ਮਤਾ ਪੇਸ਼ ਕਰਨ ਦੀ ਗੱਲ ਜ਼ਰੂਰ ਕੀਤੀ ਗਈ ਸੀ ਲੇਕਿਨ ਉਸ ਨੂੰ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਾਕੀ ਸਾਰੇ ਆਗੂਆਂ ਵੱਲੋਂ ਮਨ੍ਹਾਂ ਕਰ ਦਿੱਤਾ ਗਿਆ ਸੀ ਕਿ ਇਸ ਮੀਟਿੰਗ ਵਿੱਚ ਕੋਈ ਮਤਾ ਪਾਸ ਨਹੀਂ ਕੀਤਾ ਜਾਵੇਗਾ। ਲੇਕਿਨ ਇਸ ਦੇ ਬਾਵਜੂਦ ਵੀ ਪਾਰਟੀ ਦੇ ਨਾਂਅ 'ਤੇ ਪ੍ਰੈੱਸ ਨੋਟ ਜਾਰੀ ਕਰਕੇ ਜੋ ਮਤੇ ਜਾਰੀ ਕੀਤੇ ਗਏ ਉਹ ਅਣਅਧਿਕਾਰਤ ਕਾਰਵਾਈ ਸੀ ਜਿਸ ਦਾ ਸਖ਼ਤ ਨੋਟਿਸ ਲਿਆ ਜਾਣਾ ਬਣਦਾ ਹੈ। ਚੰਦੂਮਾਜਰਾ ਨੇ ਕਿਹਾ ਕਿ ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਗੱਲ ਕਰਕੇ ਇਹ ਮਾਮਲਾ ਉਠਾਉਣਗੇ ਅਤੇ ਇਸ 'ਤੇ ਬਣਦੀ ਕਾਰਵਾਈ ਕਰਨ ਲਈ ਵੀ ਕਹਿਣਗੇ।

ਹੁਣ ਪਾਰਟੀ ਦਾ ਜਨਰਲ ਸਕੱਤਰ ਇਸ ਮਤੇ ਨੂੰ ਦਫਤਰੀ ਕਲਰਕਾਂ ਦੀ ਗ਼ਲਤੀ ਦਸ ਰਿਹਾ ਹੈ।

ਮੀਟਿੰਗ ਦੌਰਾਨ ਜਦੋਂ ਕੁਝ ਆਗੂਆਂ ਵਲੋਂ ਸ. ਢੀਂਡਸਾ ਵੱਲੋਂ ਪਾਰਟੀ ਉਮੀਦਵਾਰ ਦਾ ਵਿਰੋਧ ਕਰਨ ਅਤੇ ਸ. ਮਲੂਕਾ ਵੱਲੋਂ ਭਾਜਪਾ ਨੂੰ ਸਮਰਥਨ ਦੇਣ ਦਾ ਮੁੱਦਾ ਉਠਾਇਆ ਗਿਆ ਅਤੇ ਇਨ੍ਹਾਂ ਆਗੂਆਂ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਤਾਂ ਬਹੁਤੇ ਆਗੂਆਂ ਵੱਲੋਂ ਕਿਹਾ ਗਿਆ ਕਿ ਕੋਈ ਵੀ ਕਾਰਵਾਈ ਪਾਰਟੀ ਦੇ ਵਿਧੀ ਵਿਧਾਨ ਅਨੁਸਾਰ ਹੀ ਹੋਣੀ ਚਾਹੀਦੀ ਹੈ। ਇਸ ਮੰਤਵ ਲਈ ਅਕਾਲੀ ਦਲ ਦੇ ਪ੍ਰਧਾਨ ਨਵੀਂ ਅਨੁਸ਼ਾਸਨੀ ਕਮੇਟੀ ਦਾ ਗਠਨ ਕਰਨ, ਜੋ ਅਜਿਹੇ ਮਾਮਲਿਆਂ ਸੰਬੰਧੀ ਫੈਸਲੇ ਲਵੇ। ਮੀਟਿੰਗ ਦੌਰਾਨ ਆਦੇਸ਼ ਪ੍ਰਤਾਪ ਸਿੰਘ ਨੂੰ ਅਚਾਨਕ ਬਿਨਾਂ ਕਿਸੇ ਨੋਟਿਸ ਦੇ ਪਾਰਟੀ ਵਿਚੋਂ ਕੱਢਣ ਦਾ ਮੁੱਦਾ ਵੀ



ਉਠਾਇਆ ਗਿਆ, ਪਰ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿੱਚ ਦੱਸਿਆ ਕਿ ਉਨ੍ਹਾਂ ਵਲੋਂ ਆਦੇਸ਼ ਪ੍ਰਤਾਪ ਸਿੰਘ ਨੂੰ ਪਾਰਟੀ ਦਾ ਵਿਰੋਧ ਨਾ ਕਰਨ ਸੰਬੰਧੀ ਮਨਾਉਣ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਜਦੋਂ ਸਾਡੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਵੱਲੋਂ ਆਦੇਸ਼ ਪ੍ਰਤਾਪ ਸਿੰਘ ਵਿਰੁੱਧ ਕਾਰਵਾਈ ਦੀ ਮੰਗ ਰੱਖੀ ਗਈ ਅਤੇ ਕਿਹਾ ਗਿਆ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਹ ਆਪਣੀ ਨਾਮਜ਼ਦਗੀ ਵਾਪਸ ਲੈ ਲੈਣਗੇ ਅਤੇ ਚੋਣ ਨਾ ਲੜਨ ਦਾ ਐਲਾਨ ਕਰ ਦੇਣਗੇ, ਜਿਸ ਕਾਰਨ ਕਾਹਲੀ ਵਿੱਚ ਪਾਰਟੀ ਨੂੰ ਇਹ ਫੈਸਲਾ ਲੈਣਾ ਪਿਆ।

ਮੀਟਿੰਗ ਦੌਰਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਤਿੱਖੇ ਦੋਸ਼ ਲਗਾਏ ਕਿ ਉਹ ਉਨ੍ਹਾਂ ਨਾਲ ਲਗਾਤਾਰ ਵਿਤਕਰਾ ਕਰ ਰਹੇ ਹਨ ਅਤੇ ਪਾਰਟੀ ਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਉਨ੍ਹਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ।

ਯਾਦ ਰਹੇ ਕਿ ਕੋਰ ਕਮੇਟੀ ਦੀ ਮੀਟਿੰਗ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਿਆਸੀ ਸਕੱਤਰ ਚਰਨਜੀਤ ਸਿੰਘ ਬਰਾੜ ਨੇ ਇੱਕ ਪੱਤਰ ਲਿਖਿਆ ਸੀ ਕਿ ਪਾਰਟੀ ਦੇ ਵਡੇਰੇ ਹਿੱਤਾਂ ਲਈ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਇੱਕ ਪੰਚ ਪ੍ਰਧਾਨੀ ਬਣਾ ਦਿੱਤੀ ਜਾਵੇ ਜਿਸ ਵਿੱਚ ਪ੍ਰਧਾਨ ਸ਼੍ਰੋਮਣੀ ਕਮੇਟੀ ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ, ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਅਤੇ ਐਨ.ਕੇ.ਸ਼ਰਮਾ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇ। ਡੈਲੀਗੇਟਾਂ ਦੀ ਨਵੀਂ ਭਰਤੀ ਕਰਕੇ ਪ੍ਰਧਾਨ ਦੀ ਚੋਣ ਤੱਕ ਇਹ ਕੰਮ ਕਰੇ। ਉਨ੍ਹਾਂ ਪ੍ਰਧਾਨ ਨੂੰ ਸੰਗਤਾਂ ਤੋਂ ਲਿਖਤੀ ਮੁਆਫ਼ੀ ਮੰਗਣ ਦਾ ਸੁਝਾਅ ਵੀ ਦਿੱਤਾ। ਉਨ੍ਹਾਂ ਲਿਖਿਆ ਹੈ ਕਿ ਪਾਰਟੀ ਪੰਥ ਪ੍ਰਤੀ ਜਜ਼ਬੇ ਰੱਖਣ ਵਾਲਿਆਂ ਨਾਲ ਚੱਲਦੀ ਹੈ, ਨਾ ਕਿ ਵੱਡੇ ਪੈਕੇਜ ਦੇਣ ਵਾਲੇ ਸਲਾਹਕਾਰਾਂ ਨਾਲ।

### ਮੀਟਿੰਗ ਵਿਚੋਂ ਢੀਂਡਸਾ ਤੇ ਮਲੂਕਾ ਰਹੇ ਗ਼ੈਰਹਾਜ਼ਰ

ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ 'ਚੋਂ ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ, ਪ੍ਰਕਾਸ਼ ਚੰਦ ਗਰਗ, ਪਰਮਜੀਤ ਸਿੰਘ ਸਰਨਾ, ਅਨੁਸ਼ਾਸਨੀ ਕਮੇਟੀ ਦੇ ਮੁਖੀ ਸਿਕੰਦਰ ਸਿੰਘ ਮਲੂਕਾ ਅਤੇ ਬਿਕਰਮ ਸਿੰਘ ਮਜੀਠੀਆ ਗ਼ੈਰਹਾਜ਼ਰ ਰਹੇ। ਢੀਂਡਸਾ ਨੇ ਕਿਹਾ ਕਿ ਉਨ੍ਹਾਂ ਨੂੰ ਮੀਟਿੰਗ ਲਈ ਕੋਈ ਸੱਦਾ ਹੀ ਨਹੀਂ ਦਿੱਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਮਜੀਠੀਆ ਕਿਸੇ ਰੁਝੇਵੇਂ ਵਿੱਚ ਬਾਹਰ ਹੋਣ ਕਰਕੇ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ। ਇਸੇ ਦੌਰਾਨ ਸੁਖਦੇਵ ਸਿੰਘ ਢੀਂਡਸਾ ਅਤੇ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਉਨ੍ਹਾਂ ਨੂੰ ਮੀਟਿੰਗ ਲਈ ਪਾਰਟੀ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਵੀ ਸੂਚਨਾ ਨਹੀਂ ਦਿੱਤੀ ਗਈ, ਜਿਸ ਕਾਰਨ ਉਹ ਮੀਟਿੰਗ ਵਿੱਚ ਨਹੀਂ ਪੁੱਜੇ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ ਭੂੰਦੜ, ਹਰਜਿੰਦਰ ਸਿੰਘ ਧਾਮੀ, ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਬੀਬੀ ਜਗੀਰ ਕੌਰ, ਮਨਜੀਤ ਸਿੰਘ ਜੀ.ਕੇ., ਜਨਮੇਜਾ ਸਿੰਘ ਸੇਖੋਂ, ਅਨਿਲ ਜੋਸ਼ੀ, ਗੁਲਜ਼ਾਰ ਸਿੰਘ ਰਣੀਕੇ, ਸੁਰਜੀਤ ਸਿੰਘ ਰੱਖੜਾ, ਹੀਰਾ ਸਿੰਘ ਗਾਬੜੀਆ, ਇਕਬਾਲ ਸਿੰਘ ਝੂੰਦਾਂ, ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਡਾ. ਸੁਖਵਿੰਦਰ ਸੁੱਖੀ, ਐਨ.ਕੇ. ਸ਼ਰਮਾ, ਗੁਰਪ੍ਰਤਾਪ ਸਿੰਘ ਵਡਾਲਾ, ਬਲਦੇਵ ਸਿੰਘ ਮਾਨ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਸੋਹਣ ਸਿੰਘ ਠੰਢਲ, ਬੀਬੀ ਹਰਗੋਬਿੰਦ ਕੌਰ ਤੇ ਸਰਬਜੀਤ ਸਿੰਘ ਝਿੰਜਰ ਆਦਿ ਹਾਜ਼ਰ ਸਨ।

### ਭੂੰਦੜ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਅਨੁਸ਼ਾਸਨੀ ਕਮੇਟੀ

ਪਾਰਟੀ ਨੇ ਨਵੀਂ ਅਨੁਸ਼ਾਸਨੀ ਕਮੇਟੀ ਦੇ ਗਠਨ ਅਤੇ ਕਮੇਟੀ ਦੇ ਪਹਿਲੇ ਪ੍ਰਧਾਨ ਦੀ ਛੁੱਟੀ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਅਨੁਸ਼ਾਸਨੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਗੁਲਜ਼ਾਰ ਸਿੰਘ ਰਣੀਕੇ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਮੈਂਬਰ ਹੋਣਗੇ ਜੋ ਕਿ ਸੁਖਬੀਰ ਸਿੰਘ ਬਾਦਲ ਦੇ ਵਿਸ਼ਵਾਸਯੋਗ ਸਾਥੀ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਜੰਗ ਵਿੱਚ ਜਿੱਤ ਹਾਰ ਹੁੰਦੀ ਰਹਿੰਦੀ ਹੈ ਅਤੇ ਇਸ ਮੌਕੇ ਸਭ ਨੂੰ ਜਰਨੈਲ ਨਾਲ ਖੜ੍ਹਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਕੋਈ ਆਮ ਪਾਰਟੀ ਨਹੀਂ ਹੈ, ਇਹ ਖ਼ੂਨ ਨਾਲ ਪੈਦਾ ਹੋਈ ਪਾਰਟੀ ਹੈ ਨਾ ਕਿ ਸੋਸ਼ਲ ਮੀਡੀਆ ਵਿੱਚੋਂ ਨਿਕਲੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਪਾਰਟੀ ਕੌਮ ਦੇ ਮੁੱਦਿਆਂ ਉੱਤੇ ਲੜਦੀ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਇਸ ਨੂੰ ਹਾਰ ਨਹੀਂ ਮੰਨਦੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਾਰੇ ਬੰਦੀ ਸਿੰਘਾਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਜੇਲ੍ਹਾਂ ਵਿੱਚ ਡੱਕੀ ਰੱਖਣ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਸਾਰੇ ਕਾਨੂੰਨਾਂ ਖ਼ਿਲਾਫ਼ ਆਪਣੀ ਲੜਾਈ ਜਾਰੀ ਰੱਖੇਗਾ।

ਮਨਪ੍ਰੀਤ ਇਆਲੀ ਵੱਲੋਂ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ ਤੇ ਉਨ੍ਹਾਂ ਕਿਹਾ ਕਿ ਕਿਸੇ ਨੇ ਵੀ ਜੇਕਰ ਕੋਈ ਸਲਾਹ ਦੇਣੀ ਹੈ ਤਾਂ ਉਹ ਪਾਰਟੀ ਦੇ ਅੰਦਰ ਰਹਿ ਕੇ ਸਕਦਾ ਹੈ।

### ਸੁਖਬੀਰ ਸਿੰਘ ਬਾਦਲ ਦਾ ਨਵਾਂ ਐਕਸ਼ਨ ਪਲਾਨ

ਹੁਣ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵਾਂ ਐਕਸ਼ਨ ਪਲਾਨ ਬਣਾਇਆ ਹੈ। ਦੱਸਿਆ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਮਜ਼ਬੂਤੀ ਲਈ ਸਾਰੇ ਚਿੰਤਕਾਂ, ਵਿਦਵਾਨਾਂ ਤੇ ਬੁੱਧੀਜੀਵੀਆਂ ਖ਼ਾਸ ਤੌਰ 'ਤੇ ਪੰਥਕ ਝੁਕਾਅ ਰੱਖਣ ਵਾਲਿਆਂ ਸਮਰਥਕਾਂ ਤੇ ਆਲੋਚਕਾਂ ਤੋਂ ਰਾਇ ਲੈਣਗੇ ਤਾਂ ਕਿ ਪਾਰਟੀ ਦੇ 104 ਸਾਲਾਂ ਦੇ ਅਮੀਰ ਵਿਰਸੇ ਦੀ ਸੋਚ ਤੇ ਭਵਿੱਖੀ ਟੀਚਿਆਂ ਅਨੁਸਾਰ ਸੁਧਾਰ ਕੀਤੇ ਜਾ ਸਕਣ। ਇਸ ਸਬੰਧੀ ਸੁਖਬੀਰ ਸਿੰਘ ਬਾਦਲ ਆਉਂਦੇ ਹਫਤਿਆਂ ਵਿੱਚ ਇਸ ਮਾਮਲੇ 'ਤੇ ਸਮੂਹਿਕ ਤੇ ਵਿਅਕਤੀਗਤ ਤੌਰ 'ਤੇ ਮੁਲਾਕਾਤਾਂ ਕਰਨਗੇ ਤੇ ਬੁੱਧੀਜੀਵੀਆਂ ਦੀ ਨਿੱਜੀ ਰਾਇ ਲੈਣਗੇ।

# ਮੁੱਖ ਮੰਤਰੀ ਮਾਨ ਵੱਲੋਂ ਨਸ਼ਾ ਤਸਕਰਾਂ ਤੇ ਪੁਲਿਸ ਦਾ ਗੱਠਜੋੜ ਤੋੜਨ ਦਾ ਐਲਾਨ

## ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਖ਼ਿਲਾਫ਼ ਕੀਤੀ ਜਾਵੇਗੀ ਕਾਰਵਾਈ

ਚੰਡੀਗੜ੍ਹ/ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ 'ਚੋਂ ਨਸ਼ਿਆਂ ਦੀ ਅਲਾਮਤ ਦੇ ਖ਼ਾਤਮੇ ਲਈ ਨਵੀਂ ਵਿਉਂਤਬੰਦੀ ਐਲਾਨਦੇ ਹੋਏ ਹੇਠਲੇ ਪੱਧਰ 'ਤੇ ਪੁਲਿਸ ਅਫ਼ਸਰਾਂ ਅਤੇ ਨਸ਼ਾ ਤਸਕਰਾਂ ਵਿਚਲੇ ਗੱਠਜੋੜ ਨੂੰ ਤੋੜਨ ਦਾ ਅਹਿਦ ਲਿਆ ਹੈ। ਮੁੱਖ ਮੰਤਰੀ ਨੇ ਲੋਕ ਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਸਬਕ ਲੈਂਦਿਆਂ ਲੋਕਾਂ ਦੀ ਨਾਰਾਜ਼ਗੀ ਦੂਰ ਕਰਨ ਵਾਸਤੇ ਨਵੇਂ ਕਦਮ ਚੁੱਕਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਪੁਲਿਸ ਥਾਣਿਆਂ 'ਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਅਤੇ ਪੁਲਿਸ ਨੂੰ ਲੋਕ ਪੱਖੀ ਸਰੂਪ ਦੇਣ ਲਈ ਪੁਲਿਸ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਨੇ ਦੂਜੇ ਪੜਾਅ ਤਹਿਤ ਸੂਬੇ ਦੇ ਜ਼ਿਲ੍ਹਾ ਪੁਲਿਸ ਕਪਤਾਨਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਨਵੇਂ ਪੁਲਿਸ ਸੁਧਾਰਾਂ 'ਤੇ ਚਰਚਾ ਵੀ ਕੀਤੀ। ਉਨ੍ਹਾਂ ਕਿਹਾ ਕਿ ਹੁਣ ਇਕੱਲੇ ਨਸ਼ਾ ਤਸਕਰਾਂ ਦੀ ਨਹੀਂ ਬਲਕਿ ਤਸਕਰੀ ਵਿੱਚ ਸ਼ਾਮਲ ਪਾਏ ਗਏ ਪੁਲਿਸ ਮੁਲਾਜ਼ਮਾਂ



ਦੀ ਜਾਇਦਾਦ ਵੀ ਜ਼ਬਤ ਹੋਵੇਗੀ। ਅਜਿਹੇ ਪੁਲਿਸ ਮੁਲਾਜ਼ਮਾਂ/ਅਫ਼ਸਰਾਂ ਨੂੰ ਨੌਕਰੀ ਤੋਂ ਤੁਰੰਤ ਬਰਖ਼ਾਸਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ੇ ਗੁਜਰਾਤ ਤੋਂ ਆਉਂਦੇ ਹਨ ਪ੍ਰੰਤੂ ਇਸ ਮੁੱਦੇ 'ਤੇ ਸੂਬੇ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀ ਮਿਸ਼ਨਰੀ ਭਾਵਨਾ ਨਾਲ ਨਸ਼ਿਆਂ ਖ਼ਿਲਾਫ਼ ਜੰਗ ਨੂੰ ਇੱਕ ਜਨਤਕ ਲਹਿਰ ਵਿੱਚ ਬਦਲਣ। ਉਨ੍ਹਾਂ ਦੱਸਿਆ ਕਿ ਤਸਕਰੀ ਲਈ ਡਰੋਨਾਂ ਦੀ ਵਰਤੋਂ ਕਰਨ ਵਾਲੇ ਤਸਕਰਾਂ, ਗੈਂਗਸਟਰਾਂ ਤੇ ਅਤਿਵਾਦੀਆਂ ਨਾਲ ਸਿੱਝਣ ਲਈ ਤਫ਼ਸੀਲ ਨਾਲ ਰਣਨੀਤੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਹੋਰਨਾਂ ਸੂਬਿਆਂ ਤੇ ਸਰਹੱਦ ਪਾਰੋਂ ਹੋ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੋਣ ਜ਼ਾਬਤੇ ਦੌਰਾਨ ਫੜੇ ਨਸ਼ਿਆਂ ਅਤੇ ਉਨ੍ਹਾਂ ਦੀ ਸਪਲਾਈ ਲਾਈਨ ਬਾਰੇ ਅਹਿਮ ਸੂਚਨਾਵਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਦੇ ਆਧਾਰ 'ਤੇ ਨਵੀਂ ਯੋਜਨਾਬੰਦੀ ਕੀਤੀ ਗਈ ਹੈ।

ਪੁਲਿਸ ਮੁਲਾਜ਼ਮਾਂ ਦੀ ਤਸਕਰਾਂ ਨਾਲ ਗੰਢਤੁੱਪ ਦਾ ਪਤਾ ਲੱਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਪੰਜਾਬ ਪੁਲਿਸ ਵਿੱਚ 10 ਹਜ਼ਾਰ ਨਵੇਂ ਪੁਲਿਸ ਮੁਲਾਜ਼ਮ ਭਰਤੀ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਭਰਤੀ ਜ਼ਰੀਏ ਜਿੱਥੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਉੱਥੇ ਸੂਬੇ ਵਿੱਚ ਅਪਰਾਧ ਰੋਕਣ ਵਿੱਚ ਵੀ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਪੁਲਿਸ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕੀਤਾ ਜਾ ਰਿਹਾ ਹੈ। ਸੜਕ ਸੁਰੱਖਿਆ ਫੋਰਸ ਨਾਲ ਕੀਮਤੀ ਜਾਨਾਂ ਬਚਣ ਲੱਗੀਆਂ ਹਨ। ਉਨ੍ਹਾਂ ਦੱਸਿਆ ਕਿ ਲੰਮੇ ਸਮੇਂ ਤੋਂ ਇੱਕੋ ਥਾਂ 'ਤੇ ਤਾਇਨਾਤੀ ਵਾਲੇ ਕਰੀਬ 10 ਹਜ਼ਾਰ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਗਏ ਹਨ ਅਤੇ ਪ੍ਰਕਿਰਿਆ ਜਾਰੀ ਹੈ।

# '84 ਘੱਲੂਘਾਰੇ ਦੀ 40ਵੀਂ ਸਾਲਾਨਾ ਯਾਦ ਵਿੱਚ ਸਿੰਘ ਸਭਾ ਡਰਬੀ ਵਿਖੇ ਫ਼ਤਹਿ ਦਰਵਾਜ਼ੇ ਦਾ ਉਦਘਾਟਨ 23 ਜੂਨ ਨੂੰ

ਲੰਡਨ/ਏ.ਟੀ.ਨਿਊਜ਼: ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ 40ਵੀਂ ਸਾਲਾਨਾ ਯਾਦ ਵਿੱਚ ਸ਼ਹੀਦੀ ਯਾਦਗਾਰ (ਫ਼ਤਹਿ ਦਰਵਾਜ਼ਾ), ਨਵੀਂ ਰੈਫ਼ਰੈਂਸ ਲਾਇਬ੍ਰੇਰੀ ਅਤੇ 1947 ਤੋਂ ਲੈ ਕੇ ਜੂਨ 1984 ਦੇ ਸ਼ਹੀਦੀ ਸਾਕੇ ਅਤੇ ਹੁਣ ਤੱਕ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਥਾਪਿਤ ਵਿਸ਼ੇਸ਼ ਪ੍ਰਦਰਸ਼ਨੀ ਦਾ ਉਦਘਾਟਨ 23 ਜੂਨ ਨੂੰ ਪੰਥ ਦੀਆਂ ਅਹਿਮ ਸੰਸਥਾਵਾਂ ਦੇ ਪੰਜ ਸਿੰਘ ਸਾਹਿਬਾਨ ਵਲੋਂ ਕੀਤਾ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ. ਰਘਬੀਰ ਸਿੰਘ ਅਤੇ ਜਨਰਲ ਸਕੱਤਰ ਤੇ ਅਜਾਇਬਘਰ ਦੇ ਚੇਅਰਮੈਨ ਸ. ਰਾਜਿੰਦਰ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਸ ਫ਼ਤਹਿ ਦਰਵਾਜ਼ੇ ਦੀਆਂ ਦੀਵਾਰਾਂ 'ਤੇ ਵਿਸਾਖੀ 1978, ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਅਤੇ ਫ਼ੌਜ ਦੇ ਹਮਲੇ ਵਿਰੁੱਧ ਭਾਰਤੀ ਫ਼ੌਜ ਵਿਚੋਂ ਬਗ਼ਾਵਤ ਕਰਕੇ ਬੈਰਕਾਂ ਛੱਡਣ ਵਾਲੇ ਸਿੱਖ ਫ਼ੌਜੀਆਂ ਦੇ ਨਾਂ ਦਰਜ ਹਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ ਹੋਰ ਪੰਥਕ ਆਗੂ, ਵਿਦਵਾਨ ਤੇ ਬੁੱਧੀਜੀਵੀ ਪੰਥ ਦੇ ਮੌਜੂਦਾ ਹਾਲਾਤ, ਸਿੱਖ ਪੰਥ ਲਈ ਚੁਣੌਤੀਆਂ ਅਤੇ ਪੰਥ ਨੂੰ ਚੜ੍ਹਦੀਕਲਾ ਵੱਲ ਲਿਜਾਣ ਲਈ ਉਸਾਰੂ ਰਣਨੀਤੀ ਅਤੇ ਇਤਿਹਾਸ ਬਾਰੇ ਚਾਨਣਾ ਪਾਉਣਗੇ। ਇਸ ਮੌਕੇ ਪੰਜ ਸਿੰਘ ਸਾਹਿਬਾਨ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਅਤੇ

ਵੱਖ-ਵੱਖ ਮਿਸਲਾਂ ਦੇ ਝੰਡੇ ਫ਼ਤਹਿ ਦਰਵਾਜ਼ੇ ਵਿਖੇ ਸਥਾਪਿਤ ਕੀਤੇ ਜਾਣਗੇ ਅਤੇ ਸ਼ਹੀਦੀ ਬਗ਼ੀਚੀ ਵਿੱਚ ਪੰਜ ਬੂਟੇ ਵੀ ਲਗਾਏ ਜਾਣਗੇ। ਸ. ਪੁਰੇਵਾਲ ਨੇ ਦੱਸਿਆ ਕਿ ਰੈਫ਼ਰੈਂਸ ਲਾਇਬ੍ਰੇਰੀ ਵਿੱਚ ਸਿੱਖ ਪੰਥ ਵੱਲੋਂ ਮੁਗਲ ਰਾਜ, ਬਰਤਾਨਵੀ ਰਾਜ ਅਤੇ ਬਾਅਦ ਦੇ ਭਾਰਤ ਸਰਕਾਰ ਨਾਲ ਸੰਬੰਧਿਤ ਸਮਝੌਤਿਆਂ ਸੰਬੰਧੀ ਬਹੁਤ ਸਾਰੇ ਅਹਿਮ ਦਸਤਾਵੇਜ਼ (ਡਾਕੂਮੈਂਟਸ) ਉਪਲਬਧ ਕਰਵਾਏ ਜਾਣਗੇ। ਇਸ ਦੇ ਇਲਾਵਾ 1984 ਤੋਂ ਬਾਅਦ ਭਾਰਤੀ ਫ਼ੌਜ ਤੇ ਪੁਲਿਸ ਵਲੋਂ ਸ਼ਹੀਦ ਕੀਤੇ ਅਤੇ ਸਿੱਖਾਂ 'ਤੇ ਤਸ਼ੱਦਦ ਸੰਬੰਧੀ ਦਸਤਾਵੇਜ਼ ਵੀ ਲਾਇਬ੍ਰੇਰੀ ਵਿੱਚ ਉਪਲਬਧ ਹੋਣਗੇ। ਉਨ੍ਹਾਂ ਵਿਦਵਾਨਾਂ, ਲੇਖਕਾਂ ਤੇ ਸਾਹਿਤਕਾਰਾਂ ਨੂੰ ਬੇਨਤੀ ਕੀਤੀ ਹੈ ਕਿ ਸਿੱਖ ਇਤਿਹਾਸ ਤੇ ਫਲਸਫ਼ੇ ਸੰਬੰਧੀ ਉਹ ਆਪਣੀਆਂ ਲਿਖੀਆਂ ਕਿਤਾਬਾਂ, ਜੋ ਇਸ

# ਨਿੱਝਰ ਮਾਮਲਾ ਤੇ ਕੈਨੇਡਾ ਦੇ ਇੰਟੈਲੀਜੈਂਸ ਮੁਖੀ ਦਾ ਭਾਰਤ ਵਿੱਚ ਗੁਪਤ ਗੇੜਾ

ਰਜਿੰਦਰ ਸਿੰਘ ਪੁਰੇਵਾਲ

ਕੈਨੇਡਾ ਦੀ ਇੰਟੈਲੀਜੈਂਸ ਏਜੰਸੀ ਦੇ ਮੁਖੀ ਡੇਵਿਡ ਵਿਗਨੇਓਲਟ ਨੇ ਇਸ ਸਾਲ ਫਰਵਰੀ ਤੇ ਮਾਰਚ ਵਿੱਚ ਚੁੱਪ ਚੁਪੀਤੇ ਦੋ ਵਾਰ ਭਾਰਤ ਦੀ ਫੇਰੀ ਦੌਰਾਨ ਭਾਰਤੀ ਅਧਿਕਾਰੀਆਂ ਨਾਲ ਖ਼ਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਜੁੜੇ ਕੇਸ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ। ਇਸ ਪੂਰੇ ਮਾਮਲੇ ਤੋਂ ਜਾਣੂੰ ਵਿਅਕਤੀਆਂ ਨੇ ਕਿਹਾ ਕਿ ਕੈਨੇਡੀਅਨ ਸਿਕਿਓਰਿਟੀ ਇੰਟੈਲੀਜੈਂਸ ਸੇਵਾ (ਸੀ.ਐੱਸ.ਆਈ.ਐੱਸ.) ਦੇ ਨਿਰਦੇਸ਼ਕ ਵਿਗਨੇਓਲਟ ਨੇ ਨਿੱਝਰ ਦੀ ਹੱਤਿਆ ਨੂੰ ਲੈ ਕੇ ਓਟਵਾ ਵੱਲੋਂ ਹੁਣ ਤੱਕ ਕੀਤੀ ਜਾਂਚ ਦੇ ਵੇਰਵੇ ਭਾਰਤ ਨਾਲ ਸਾਂਝੇ ਕੀਤੇ ਹਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਵੱਲੋਂ ਨਿੱਝਰ ਹੱਤਿਆ ਮਾਮਲੇ ਵਿੱਚ ਤਿੰਨ ਭਾਰਤੀ ਨਾਗਰਿਕਾਂ- ਕਰਨਪ੍ਰੀਤ ਸਿੰਘ (28), ਕਮਲਪ੍ਰੀਤ ਸਿੰਘ (22) ਤੇ ਕਰਨ ਬਰਾੜ (22) ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਵਿਗਨੇਓਲਟ ਨੇ ਭਾਰਤ ਦਾ ਦੌਰਾ ਕੀਤਾ ਸੀ। ਇੱਕ ਹੋਰ ਮੁਲਜ਼ਮ ਅਮਨਦੀਪ ਸਿੰਘ ਨੂੰ ਕੈਨੇਡੀਅਨ ਅਥਾਰਿਟੀਜ਼ ਨੇ ਬਾਅਦ ਵਿੱਚ ਕਾਬੂ ਕੀਤਾ ਸੀ।

ਇਸ ਦੌਰਾਨ ਕੈਨੇਡਾ ਦੀ ਸੰਸਦੀ ਕਮੇਟੀ ਦੀ ਰਿਪੋਰਟ ਇਨ੍ਹਾਂ ਸਬੰਧਾਂ ਵਿੱਚ ਹੋਰ ਤਣਾਅ ਪੈਦਾ ਕਰ ਸਕਦੀ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਕੈਨੇਡੀਅਨ ਲੋਕਤੰਤਰ ਲਈ ਦੂਜਾ ਸਭ ਤੋਂ ਵੱਡਾ ਖ਼ਤਰਾ ਹੈ। ਪਹਿਲਾ ਖ਼ਤਰਾ ਚੀਨ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਹ ਵਿਦੇਸ਼ੀ ਦਖਲ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਸੰਸਦ ਮੈਂਬਰਾਂ ਦੀ ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਕਮੇਟੀ ਦੀ ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ। ਇਸ ਪੈਨਲ ਵਿੱਚ ਕੈਨੇਡਾ ਦੀਆਂ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰ ਅਤੇ ਸੁਰੱਖਿਆ ਅਧਿਕਾਰੀ ਵੀ ਸ਼ਾਮਲ ਸਨ।

ਇਸ ਰਿਪੋਰਟ ਵਿੱਚ ਚੀਨ ਨੂੰ ਕੈਨੇਡਾ ਦੇ ਲੋਕਤੰਤਰ ਲਈ ਸਿੱਧਾ ਖਤਰਾ ਦੱਸਿਆ ਗਿਆ ਹੈ ਅਤੇ ਉਸ ਨੂੰ ਦਖਲਅੰਦਾਜ਼ੀ ਕਰਨ ਵਾਲਾ ਦੇਸ਼ ਮੰਨਿਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, ‘ਚੀਨ ਦੇਸ਼-ਵਿਦੇਸ਼ ’ਚ ਚੀਨੀ ਕਮਿਊਨਿਸਟ ਪਾਰਟੀ ਦਾ ਦਬਦਬਾ ਕਾਇਮ ਕਰਨ ਲਈ ਕੈਨੇਡਾ ਦੇ ਲੋਕਤੰਤਰ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ।’ ਭਾਰਤ ਬਾਰੇ ਹੋਰ, ਰਿਪੋਰਟ ਵਿੱਚ ਕਿਹਾ ਗਿਆ ਹੈ, ‘ਭਾਰਤ ਦੇ ਪੱਖ ਤੋਂ ਕੈਨੇਡਾ ਦੇ ਲੋਕਤੰਤਰ ਅਤੇ ਸੰਸਥਾਵਾਂ ਵਿੱਚ ਦਖਲ ਦੇਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹ ਦੂਜਾ ਸਭ ਤੋਂ ਵੱਡਾ ਖ਼ਤਰਾ ਹੈ। ਭਾਰਤ ਦਾ ਵਿਦੇਸ਼ੀ ਦਖਲ ਹੌਲੀ-ਹੌਲੀ ਵਧ ਰਿਹਾ ਹੈ। ਕੈਨੇਡੀਅਨ ਪੈਨਲ ਦੀ 84 ਪੰਨਿਆਂ ਦੀ ਰਿਪੋਰਟ ਵਿੱਚ ਭਾਰਤ ਦਾ ਜ਼ਿਕਰ 44 ਵਾਰ ਕੀਤਾ ਗਿਆ ਹੈ। ਕੈਨੇਡਾ ਦੀ ਜਮਹੂਰੀ ਪ੍ਰਕਿਰਿਆ ਅਤੇ ਸੰਸਥਾਵਾਂ ਵਿੱਚ ਦਖਲਅੰਦਾਜ਼ੀ, ਨੇਤਾਵਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣਾ ਇਸ ਰਿਪੋਰਟ ਦਾ ਆਧਾਰ ਬਣਾਇਆ ਗਿਆ ਹੈ। ਹੁਣ ਤੱਕ ਇਸ ਕੈਨੇਡੀਅਨ ਰਿਪੋਰਟ ’ਤੇ ਭਾਰਤ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕੈਨੇਡੀਅਨ ਸਰਕਾਰੀ ਅਧਿਕਾਰੀਆਂ ਨੇ ਵੀ ਅਜਿਹੇ ਦੋਸ਼ ਲਾਏ ਸਨ, ਜਿਨ੍ਹਾਂ ਨੂੰ ਭਾਰਤ ਨੇ ਖਾਰਜ ਕਰ ਦਿੱਤਾ ਸੀ।



ਕਾਬਿਲੇਗੌਰ ਹੈ ਕਿ ਨਿੱਝਰ ਦੀ ਹੱਤਿਆ ਵਿੱਚ ਕਥਿਤ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਸਬੰਧੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦਾਅਵਿਆਂ ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਖਟਾਸ ਵਧ ਗਈ ਸੀ। ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ ਭਾਰਤ ਦਾ ਪਿੱਛਾ ਨਹੀਂ ਛੱਡ ਰਿਹਾ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰਡੋ ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਕੈਨੇਡਾ ਦੀ ਧਰਤੀ ’ਤੇ ਕੈਨੇਡੀਅਨ ਨਾਗਰਿਕ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ। ਇਹ ਅਸਲ ਸਮੱਸਿਆ ਹੈ। ਇਹ ਨਿਯਮਾਂ ਨੂੰ ਮੰਨਣ ਵਾਲੀ ਵਿਸ਼ਵਵਿਆਪੀ ਵਿਵਸਥਾ, ਖੁੱਲ੍ਹੇ ਜਮਹੂਰੀ ਵਿਚਾਰਾਂ ਅਤੇ ਪ੍ਰਭੂਸੱਤਾ ਦੇ ਸਿਧਾਂਤਾਂ ਲਈ ਇੱਕ ਸਮੱਸਿਆ ਹੈ, ਜਿਸ ਲਈ ਅਸੀਂ ਖੜ੍ਹੇ ਹੁੰਦੇ ਹਾਂ। ਕੈਨੇਡਾ ਅਤੇ ਭਾਰਤ ਦੇ ਸਬੰਧਾਂ ਬਾਰੇ ਜਸਟਿਨ ਟਰੂਡੋ ਨੇ ਕਿਹਾ, ‘ਇਹ ਭਾਰਤ ਨਾਲ ਸਾਡੇ ਸਬੰਧਾਂ ਲਈ ਵੀ ਇੱਕ ਸਮੱਸਿਆ ਹੈ। ਅਸੀਂ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਮੇਰਾ ਸਭ ਤੋਂ ਮਹੱਤਵਪੂਰਨ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕੈਨੇਡਾ ਦੇ ਨਾਗਰਿਕ ਸੁਰੱਖਿਅਤ ਰਹਿਣ। ਜਿੱਥੋਂ ਤੱਕ ਲੋਕਾਂ ਦੇ ਆਪਸੀ ਸੰਪਰਕ ਦੀ ਗੱਲ ਹੈ, ਕਾਰੋਬਾਰ ਦਾ ਮੁੱਦਾ ਹੈ ਅਤੇ ਗਲੋਬਲ ਪਲੇਟਫਾਰਮਾਂ ’ਤੇ ਇਕੱਠੇ ਕੰਮ ਕਰਨ ਦਾ ਮਾਮਲਾ ਹੈ, ਭਾਰਤ ਸਾਡੇ ਲਈ ਇੱਕ ਮਹੱਤਵਪੂਰਨ ਦੇਸ਼ ਹੈ, ਇਸ ਲਈ ਅਸੀਂ ਇਸ ਚੁਣੌਤੀਪੂਰਨ ਸਥਿਤੀ ਨਾਲ ਨਜਿੱਠਣਾ ਚਾਹੁੰਦੇ ਹਾਂ ਅਤੇ ਇਸ ਦੇ ਨਾਲ ਹੀ ਅਸੀਂ ਜ਼ਿੰਮੇਵਾਰੀ ਵੀ ਤੈਅ ਕਰਨਾ ਚਾਹੁੰਦੇ ਹਾਂ।’

ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਤੱਥਹੀਣ ਦੱਸਿਆ ਹੈ। ਯਾਦ ਰਹੇ ਕਿ 18 ਜੂਨ 2023 ਨੂੰ ਹਰਦੀਪ ਸਿੰਘ ਨਿੱਝਰ ਨੂੰ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਹਰਦੀਪ ਸਿੰਘ ਨਿੱਝਰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਧਾਨ ਸਨ ਅਤੇ ਖ਼ਾਲਿਸਤਾਨ ਹਮਾਇਤੀ ਸਨ। ਵਿਦੇਸ਼ਾਂ ਵਿੱਚ ਬੈਠੀਆਂ ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਕੈਨੇਡਾ ਸਰਕਾਰ ਭਾਈ ਨਿੱਝਰ ਕਤਲ ਕਾਂਡ ਦੇ ਦੋਸ਼ੀ ਸਾਹਮਣੇ ਲਿਆਕੇ ਸਿੱਖ ਪੰਥ ਨਾਲ ਇਨਸਾਫ਼ ਕਰੇ।

## ਭਾਈ ਜਗਤਾਰ ਸਿੰਘ ਹਵਾਰਾ ਦੇ ਸਾਰੇ ਕੇਸਾਂ ਦੀ ਸੁਣਵਾਈ ਇੱਕੋ ਅਦਾਲਤ ਵਿੱਚ ਹੋਵੇ




ਜਗਤਾਰ ਸਿੰਘ ਹਵਾਰਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਸਮੇਤ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਦੀਆਂ ਅਦਾਲਤਾਂ ਵਿੱਚ ਲੰਬਿਤ ਦਰਜਨਾਂ ਕੇਸਾਂ ਦੀ ਸੁਣਵਾਈ ਨੂੰ ਲੈ ਕੇ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਸੁਣਵਾਈ ਦੌਰਾਨ ਅਦਾਲਤ ਨੇ ਉਨ੍ਹਾਂ ਦੇ ਵਕੀਲ ਤੋਂ ਪੁੱਛਿਆ ਕਿ ਉਨ੍ਹਾਂ ਦੇ ਖ਼ਿਲਾਫ਼ ਕਿਸ-ਕਿਸ ਅਦਾਲਤ ਵਿੱਚ ਕੇਸ ਪੈਂਡਿੰਗ ਹਨ। ਅਦਾਲਤ ਨੇ ਇਸ ਸਬੰਧੀ 9 ਜੁਲਾਈ ਤੱਕ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ।

ਹਵਾਰਾ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਹ ਇਸ ਸਮੇਂ ਜੇਲ੍ਹ ਵਿੱਚ ਹਨ। ਹਰ ਮਾਮਲੇ ਵਿੱਚ ਵਿਅਕਤੀਗਤ ਰੂਪ ਵਿੱਚ ਪੇਸ਼ ਨਹੀਂ ਹੋ ਸਕਦੇ। ਅਜਿਹੀ ਸਥਿਤੀ ਵਿੱਚ ਸਬੰਧਿਤ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰੇ ਪਰ ਅਜਿਹਾ ਨਹੀਂ ਕੀਤਾ ਜਾ ਰਿਹਾ।

ਹਵਾਰਾ ਨੇ ਪਟੀਸ਼ਨ ਵਿੱਚ ਕਿਹਾ ਸੀ ਕਿ ਉਨ੍ਹਾਂ ਵਿਰੁੱਧ ਸਾਰੇ ਮਾਮਲਿਆਂ ਦੀ ਸੁਣਵਾਈ ਇੱਕ ਅਦਾਲਤ ਵਿੱਚ ਹੋਣੀ ਚਾਹੀਦੀ ਹੈ। ਹਵਾਰਾ ਖ਼ਿਲਾਫ਼ ਦਿੱਲੀ ਵਿੱਚ ਕੁੱਲ 31, ਹਰਿਆਣਾ ਵਿੱਚ ਇੱਕ, ਚੰਡੀਗੜ੍ਹ ਵਿੱਚ ਤਿੰਨ ਅਤੇ ਪੰਜਾਬ ਦੀਆਂ ਕਈ ਜ਼ਿਲ੍ਹਾ ਅਦਾਲਤਾਂ ਵਿੱਚ ਕੁੱਲ 31 ਮਾਮਲੇ ਪੈਂਡਿੰਗ ਹਨ।

## ਸਵਿੱਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਟੀਚਰਾਂ ਨੇ ਸਿੱਖ ਧਰਮ ਬਾਰੇ ਜਾਣਕਾਰੀ ਕੀਤੀ ਹਾਸਿਲ

ਡੈਨੀਕਨ/ਏ.ਟੀ.ਨਿਊਜ਼ : ਸਵਿਟਜ਼ਰਲੈਂਡ ਦੇ ਡੈਨੀਕਨ ਗੁਰਦੁਆਰਾ ਸਾਹਿਬ ਵਿਖੇ ਸਵਿੱਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਟੀਚਰਾਂ ਨੇ ਹਾਜ਼ਰੀ ਭਰ ਕੇ ਸਿੱਖ ਧਰਮ ਬਾਰੇ ਅਹਿਮ ਜਾਣਕਾਰੀ ਹਾਸਿਲ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿਤਪਾਲ ਸਿੰਘ ਖ਼ਾਲਸਾ, ਕਰਨੈਲ ਸਿੰਘ ਅਤੇ ਜ਼ੋਰਾਵਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਆਮਦ ’ਤੇ ਸਾਰੇ ਪ੍ਰੋਗ੍ਰਾਮ ਦਾ ਇੰਤਜ਼ਾਮ ਕੀਤਾ ਹੋਇਆ ਸੀ। ਖ਼ਾਲਸਾ ਨੇ ਦੱਸਿਆ ਕਿ ਪਿਛਲੇ 2 ਮਹੀਨਿਆਂ ’ਚ ਕੁਝ ਅਲੱਗ ਅਲੱਗ ਗਰੁੱਪਾਂ ਨੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਜ਼ਿਕਰ ਯੋਗ ਹੈ ਕਿ ਸਵਿੱਸ ਵਿਖੇ ਰਹਿੰਦੇ ਗੋਰੇ ਲੋਕਾਂ ਅੰਦਰ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਦਾ ਰੁਝਾਨ ਵਧਿਆ ਹੈ, ਜੋ ਕਿ ਸਿੱਖਾਂ ਲਈ ਮਾਣ ਵਾਲੀ ਗੱਲ ਹੈ। ਗੋਰੇ ਲੋਕ ਆਪ ਮੁਹਾਰੇ ਸਿੱਖਾਂ ਕੋਲ ਆ ਕੇ ਜਾਣਕਾਰੀ ਹਾਸਿਲ ਕਰਦੇ ਦੇਖੇ ਜਾ ਰਹੇ ਹਨ। ਡੈਨੀਕਨ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ ਵਿਦਿਆਰਥੀਆਂ ਅਤੇ ਟੀਚਰਾਂ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ। ਇਸ ਮੌਕੇ ਵੱਖ- ਵੱਖ ਬੁਲਾਰਿਆਂ ਨੇ ਉਨ੍ਹਾਂ ਨੂੰ ਸਿੱਖ ਧਰਮ ਦੇ ਬਾਰੇ ਭਰਪੂਰ ਜਾਣਕਾਰੀ ਦਿੱਤੀ, ਜਿਸ ਨੂੰ ਉਨ੍ਹਾਂ ਨੇ ਬਹੁਤ ਧਿਆਨ ਨਾਲ ਸੁਣਿਆ ਅਤੇ ਆਪਣੇ ਕੋਲ ਨੋਟ ਵੀ ਕੀਤਾ। ਪ੍ਰੋਗਰਾਮ ਦੀ ਸੰਪੂਰਨਤਾ ’ਤੇ ਲੰਗਰ ਹਾਲ ਵਿਖੇ ਲੰਗਰ ਵਰਤਾਏ ਗਏ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਦੁਨੀਆਂ ਦੀ 'ਕੈਂਸਰ ਰਾਜਧਾਨੀ' ਬਣਿਆ ਭਾਰਤ

## ਹਰ ਸਾਲ 15 ਲੱਖ ਨਵੇਂ ਮਰੀਜ਼ ਆ ਰਹੇ ਨੇ ਸਾਹਮਣੇ

## ਕੈਂਸਰ ਮਾਮਲੇ 'ਚ ਚੀਨ ਤੇ ਅਮਰੀਕਾ ਤੋਂ ਬਾਅਦ ਭਾਰਤ ਤੀਜੇ ਨੰਬਰ 'ਤੇ

## 40 ਫ਼ੀਸਦੀ ਮਰੀਜ਼ ਕੈਂਸਰ ਦਾ ਇਲਾਜ ਕਰਵਾਉਣ ਲਈ ਆਪਣੀ ਜਾਇਦਾਦ ਵੇਚਣ ਅਤੇ ਕਰਜ਼ਾ ਲੈਣ ਲਈ ਹੋ ਜਾਂਦੇ ਨੇ ਮਜਬੂਰ

ਹੁਣ ਕੈਂਸਰ ਦਾ ਤੇਜ਼ੀ ਨਾਲ ਵੱਧ ਰਿਹਾ ਗ੍ਰਾਫ ਡਰਾਉਣ ਲੱਗਿਆ ਹੈ । 28-30 ਸਾਲ ਦੇ ਨੌਜਵਾਨ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਕੈਂਸਰ ਦੇ ਮਾਮਲੇ ਵਿੱਚ ਭਾਰਤ, ਚੀਨ ਅਤੇ ਅਮਰੀਕਾ ਤੋਂ ਬਾਅਦ ਤੀਜੇ ਨੰਬਰ 'ਤੇ ਹੈ। ਦੇਸ਼ ਵਿੱਚ 22 ਸਾਲਾਂ ਦੌਰਾਨ ਡੇਢ ਕਰੋੜ ਤੋਂ ਜ਼ਿਆਦਾ ਕੈਂਸਰ ਦੇ ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਇਸ ਸਮੇਂ ਭਾਰਤ ਵਿੱਚ 2.6 ਕਰੋੜ ਤੋਂ ਜ਼ਿਆਦਾ ਕੈਂਸਰ ਦੇ ਮਰੀਜ਼ ਹਨ। 2025 ਤੱਕ ਇਹਨਾਂ ਦੀ ਗਿਣਤੀ 3 ਕਰੋੜ ਹੋ ਸਕਦੀ ਹੈ। ਸਾਲ 2013 ਵਿੱਚ 4.78 ਲੱਖ ਦੀ ਤੁਲਨਾ ਵਿੱਚ ਸਾਲ 2023 ਵਿੱਚ ਕੈਂਸਰ ਕਾਰਨ ਮੌਤਾਂ ਦੀ ਗਿਣਤੀ 9.16 ਲੱਖ ਹੋ ਗਈਆਂ ਸਨ। ਦੇਸ਼ ਵਿੱਚ ਹਰ ਸਾਲ ਅੱਠ ਲੱਖ ਤੋਂ ਵੱਧ ਲੋਕ ਕੈਂਸਰ ਕਾਰਨ ਮਰ ਰਹੇ ਹਨ। ਹਰ ਸਾਲ ਦੇਸ਼ ਵਿੱਚ ਕੈਂਸਰ ਦੇ 15 ਲੱਖ ਨਵੇਂ ਮਰੀਜ਼ ਸਾਹਮਣੇ ਆ ਰਹੇ ਹਨ।

ਦੇਸ਼ ਵਿੱਚ ਕੈਂਸਰ ਦੇ 80 ਫੀਸਦੀ ਮਾਮਲਿਆਂ ਵਿੱਚ ਮਰੀਜ਼ ਨੂੰ ਜਾਂਚ ਦੇ ਵਿੱਚ ਦੇਰੀ ਦੇ ਕਾਰਨ ਨਹੀਂ ਬਚਾਇਆ ਜਾ ਸਕਦਾ। 90 ਫੀਸਦੀ ਫੇਫੜਿਆਂ ਦੇ ਕੈਂਸਰ ਦਾ ਪਤਾ ਬਾਅਦ ਵਿੱਚ ਚਲਦਾ ਹੈ, ਜਦੋਂ ਕਿ ਸਤਨ ਕੈਂਸਰ ਦਾ ਅੰਕੜਾ 50 ਫੀਸਦੀ ਦੇ ਕਰੀਬ ਹੈ। ਸਰਵਾਈਕਲ ਅਤੇ ਮੂੰਹ ਦੇ ਕੈਂਸਰ ਦੇ 70 ਫੀਸਦੀ ਮਾਮਲਿਆਂ ਦੀ ਪਹਿਚਾਣ ਐਡਵਾਂਸ ਸਟੇਜ ਵਿੱਚ ਪਹੁੰਚਣ 'ਤੇ ਹੁੰਦੀ ਹੈ।



ਭਾਰਤ ਵਿੱਚ ਕੈਂਸਰ ਦਾ ਇਲਾਜ ਕਰਵਾਉਣਾ ਬਹੁਤ ਮਹਿੰਗਾ ਸੌਦਾ ਹੈ। ਮੈਡੀਕਲ ਜਰਨਲ ਫਰੰਟੀਅਰਜ਼ ਇਨ ਪਬਲਿਕ ਹੈਲਥ ਵਿੱਚ ਪ੍ਰਕਾਸ਼ਿਤ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਹਰ ਕੈਂਸਰ ਮਰੀਜ਼ ਪ੍ਰਤੀ ਸਾਲ 3,31,177 ਰੁਪਏ ਖਰਚ ਕਰਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਇਹ ਅੰਕੜਾ ਤਿੰਨ ਗੁਣਾ ਤੱਕ ਹੋ ਸਕਦਾ ਹੈ। ਫਰੰਟੀਅਰਜ਼ ਇਨ ਪਬਲਿਕ ਹੈਲਥ ਜਰਨਲ ਨੇ ਆਪਣੇ ਅਧਿਐਨ ਵਿੱਚ ਪਾਇਆ ਕਿ ਕੈਂਸਰ ਦਾ ਇਲਾਜ ਕਰਵਾ ਰਹੇ ਸਿਰਫ਼ 13 ਪ੍ਰਤੀਸ਼ਤ ਲੋਕਾਂ ਨੂੰ ਆਯੁਸ਼ਮਾਨ ਭਾਰਤ-ਪ੍ਰਧਾਨਮੰਤਰੀ ਜਨ ਅਰੋਗਿਆ ਯੋਜਨਾ ਦੇ ਤਹਿਤ ਸਿਹਤ ਬੀਮਾ ਯੋਜਨਾ ਦੇ ਤਹਿਤ ਕਵਰ ਕੀਤਾ ਗਿਆ ਸੀ। ਜਦੋਂ ਕਿ ਸਿਰਫ਼ ਤਿੰਨ ਫ਼ੀਸਦੀ ਮਰੀਜ਼ ਹੀ ਨਿੱਜੀ ਸਿਹਤ ਬੀਮੇ ਅਧੀਨ ਆਉਂਦੇ ਸਨ। ਕਰੀਬ 37 ਫੀਸਦੀ ਮਰੀਜ਼ ਆਪਣੀ ਜੇਬ ਵਿੱਚੋਂ ਪੈਸੇ ਦੇ ਕੇ ਇਲਾਜ ਕਰਵਾ ਰਹੇ ਹਨ। ਕੈਂਸਰ ਕੇਅਰ ਪਲਾਨ ਐਂਡ ਮੈਨੇਜਮੈਂਟ ਬਾਰੇ ਸੰਸਦੀ ਸਥਾਈ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਪਾਇਆ ਕਿ 40 ਫੀਸਦੀ ਮਰੀਜ਼ ਕੈਂਸਰ ਦਾ ਇਲਾਜ ਕਰਵਾਉਣ ਲਈ ਆਪਣੀ ਜਾਇਦਾਦ ਵੇਚਣ, ਕਰਜ਼ਾ ਲੈਣ ਜਾਂ ਰਿਸ਼ਤੇਦਾਰਾਂ ਤੋਂ ਮਦਦ ਲੈਣ ਲਈ ਮਜਬੂਰ ਹਨ।

ਭਾਰਤ ਵਿੱਚ ਕੈਂਸਰ ਦੀਆਂ ਘਟਨਾਵਾਂ ਵਿਸ਼ਵ ਦਰਾਂ ਨਾਲੋਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸ ਸਬੰਧੀ ਇੱਕ ਤਾਜ਼ਾ ਅਧਿਐਨ ਦੀ ਰਿਪੋਰਟ ਵਿੱਚ ਖੋਜਕਾਰਾਂ ਨੇ ਕਿਹਾ ਕਿ ਜਿਸ ਰਫ਼ਤਾਰ ਨਾਲ ਦੇਸ਼ ਵਿਚ ਕੈਂਸਰ ਦੇ ਮਾਮਲੇ ਵੱਧ ਰਹੇ ਹਨ, ਉਸ ਨੇ ਹੁਣ ਇਸ ਨੂੰ ਦੁਨੀਆਂ ਦੀ ਨਵੀਂ 'ਕੈਂਸਰ ਰਾਜਧਾਨੀ' ਬਣਾ ਦਿੱਤਾ ਹੈ।

'ਦ ਲਾਂਸੇਟ ਰੀਜਨਲ ਹੈਲਥ ਸਾਊਥ ਈਸਟ ਏਸ਼ੀਆ' ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਭਾਰਤ ਵਿੱਚ 2020 ਵਿੱਚ ਕੈਂਸਰ ਦੇ ਲਗਭਗ 12 ਲੱਖ ਨਵੇਂ ਕੇਸ ਅਤੇ 9.3 ਲੱਖ ਮੌਤਾਂ ਦਰਜ ਕੀਤੀਆਂ ਗਈਆਂ, ਜਿਸ ਨਾਲ ਇਹ ਉਸ ਸਾਲ ਏਸ਼ੀਆ ਵਿੱਚ ਦੂਜਾ ਸਭ ਤੋਂ ਵੱਧ ਕੈਂਸਰ ਦਾ ਬੋਝ ਬਣ ਗਿਆ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਇਸ ਦਹਾਕੇ ਦੇ ਅੰਤ ਤੱਕ ਦੇਸ਼ 'ਚ ਕੈਂਸਰ ਦੇ ਮਾਮਲਿਆਂ 'ਚ 12 ਫੀਸਦੀ ਵਾਧਾ ਹੋਣ ਦੀ ਸੰਭਾਵਨਾ ਹੈ, ਜਿਸ ਕਾਰਨ ਕੈਂਸਰ ਦਾ ਬੋਝ ਹੋਰ ਵਧ ਸਕਦਾ ਹੈ।

ਖੋਜਕਰਤਾਵਾਂ ਨੇ ਕਿਹਾ ਕਿ ਭਾਰਤ, ਚੀਨ ਅਤੇ ਜਾਪਾਨ ਦੇ ਨਾਲ, ਕੈਂਸਰ ਦੇ ਨਵੇਂ ਕੇਸਾਂ ਅਤੇ ਮੌਤਾਂ ਦੀ ਗਿਣਤੀ ਦੇ ਮਾਮਲੇ ਵਿੱਚ ਏਸ਼ੀਆ ਦੇ ਤਿੰਨ ਪ੍ਰਮੁੱਖ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਵਿੱਚ, ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਸਭ ਤੋਂ ਵੱਧ ਆਮ ਮਾਮਲੇ ਹਨ, ਜਦੋਂ ਕਿ ਮਰਦਾਂ ਨੂੰ ਫੇਫੜਿਆਂ, ਮੂੰਹ ਅਤੇ ਪ੍ਰੋਸਟੇਟ ਕੈਂਸਰ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਹਾਲਾਂ ਕਿ, ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਕੈਂਸਰ ਦੇ ਨਿਦਾਨ ਲਈ ਘੱਟ ਔਸਤ ਉਮਰ ਦੇ ਬਾਵਜੂਦ, ਰੀਲੀਜ਼ ਦੇ ਅਨੁਸਾਰ, ਕੈਂਸਰ ਦੀ ਪਛਾਣ ਦੀ ਦਰ ਕਾਫ਼ੀ ਘੱਟ ਹੈ। ਜ਼ਿਆਦਾਤਰ ਮਰੀਜ਼ਾਂ ਵਿੱਚ ਕੈਂਸਰ ਦਾ ਪਤਾ ਆਖਰੀ ਪੜਾਅ ਵਿੱਚ ਹੀ ਪਾਇਆ ਜਾਂਦਾ ਹੈ ਜਿੱਥੇ ਬਿਮਾਰੀ ਦਾ ਇਲਾਜ ਬਹੁਤ ਮੁਸ਼ਕਿਲ ਹੋ ਜਾਂਦਾ ਹੈ।ਕੈਂਸਰ ਦੀ ਦੇਖਭਾਲ ਲਈ ਮਨੁੱਖੀ ਵਸੀਲਿਆਂ ਨੂੰ ਜੁਟਾਉਣਾ ਵੀ ਵੱਡੀ ਚੁਣੌਤੀ ਸਾਬਤ ਹੋ ਰਿਹਾ ਹੈ। ਭਾਰਤ ਵਿੱਚ, ਹਰ ਮਿਲੀਅਨ ਆਬਾਦੀ ਲਈ ਸਿਰਫ਼ ਇੱਕ ਓਨਕੋਲੋਜਿਸਟ ਉਪਲਬਧ ਹੈ। ਜਦੋਂ ਕਿ ਅਮਰੀਕਾ ਵਿੱਚ ਇਹ ਅੰਕੜਾ 33 ਹੈ। ਭਾਰਤ ਵਿੱਚ ਹਰ ਮਿਲੀਅਨ ਆਬਾਦੀ ਪਿੱਛੇ 1.5 ਰੇਡੀਓ ਔਨਕੋਲੋਜਿਸਟ ਹਨ, ਜਦੋਂ ਕਿ ਅਮਰੀਕਾ ਵਿੱਚ ਇਹ ਗਿਣਤੀ 20 ਹੈ। ਪਿਛਲੇ 10 ਸਾਲਾਂ ਵਿੱਚ ਓਨਕੋਲੋਜਿਸਟਸ ਦੀ ਉਪਲਬਧਤਾ ਦੇ ਅਨੁਪਾਤ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ।

# ਬੱਦੀ-ਬਰੋਟੀਵਾਲਾ ਉਦਯੋਗਿਕ ਖੇਤਰ ਦੇ ਧਰਤੀ ਹੇਠਲੇ ਪਾਣੀ ਵਿੱਚ ਕੈਂਸਰ ਪੈਦਾ ਕਰਨ ਵਾਲੇ ਤੱਤ ਮੌਜੂਦ

## ਫ਼ੈਕਟਰੀਆਂ ਹੋਣ ਕਾਰਨ ਧਰਤੀ ਹੇਠਲੇ ਪਾਣੀ 'ਚ ਜ਼ਹਿਰੀਲੇ ਪਦਾਰਥ ਰਲ਼ੇ

## ਸਤਲੁਜ ਦਰਿਆ 'ਚ ਡਿੱਗ ਰਿਹਾ ਹਿਮਾਚਲ ਦਾ ਪਾਣੀ ਪੰਜਾਬ ਲਈ ਖ਼ਤਰਨਾਕ

ਹਿਮਾਚਲ ਪ੍ਰਦੇਸ਼ ਵਿੱਚ ਆਈ.ਆਈ.ਟੀ. ਮੰਡੀ ਅਤੇ ਆਈ.ਆਈ.ਟੀ. ਜੰਮੂ ਦੇ ਖੋਜਕਰਤਾਵਾਂ ਨੇ ਉੱਤਰੀ ਭਾਰਤ ਦੇ ਧਰਤੀ ਹੇਠਲੇ ਪਾਣੀ ਵਿੱਚ ਕੈਂਸਰ ਪੈਦਾ ਕਰਨ ਵਾਲੇ ਪ੍ਰਦੂਸ਼ਕਾਂ ਦਾ ਪਤਾ ਲਗਾਇਆ ਹੈ। ਸੂਬੇ ਦੇ ਸੋਲਨ ਜ਼ਿਲ੍ਹੇ ਦੇ ਬੱਦੀ-ਬਰੋਟੀਵਾਲਾ ਉਦਯੋਗਿਕ ਖੇਤਰ ਦੇ ਧਰਤੀ ਹੇਠਲੇ ਪਾਣੀ ਵਿੱਚ ਕੈਂਸਰ ਪੈਦਾ ਕਰਨ ਵਾਲੇ ਤੱਤ ਪਾਏ ਗਏ ਹਨ। ਖੋਜ ਵਿੱਚ ਪਾਇਆ ਗਿਆ ਹੈ ਕਿ ਭਾਰਤ ਵਿੱਚ ਜ਼ਿਆਦਾਤਰ ਜ਼ਮੀਨਦੋਜ਼ ਪਾਣੀ (ਭੂਮੀਗਤ ਪਾਣੀ) ਖੇਤੀ ਤੇ ਪੀਣ ਲਈ ਵਰਤਿਆ ਜਾਂਦਾ ਹੈ, ਪਰ ਸ਼ਹਿਰਾਂ ਦੇ ਤੇਜ਼ੀ ਨਾਲ ਵਿਕਾਸ, ਕਾਰਖਾਨਿਆਂ ਦੀ ਉਸਾਰੀ ਅਤੇ ਆਬਾਦੀ ਵਿੱਚ ਵਾਧੇ ਕਾਰਨ ਧਰਤੀ ਹੇਠਲੇ ਪਾਣੀ ਦੀ ਵਰਤੋਂ ਬਹੁਤ ਜ਼ਿਆਦਾ ਹੋ ਗਈ ਹੈ ਅਤੇ ਇਸ ਕਾਰਨ ਪਾਣੀ ਦੀ ਗੁਣਵੱਤਾ ਵਿਗੜ ਰਹੀ ਹੈ।

ਰਿਜ਼ੋਰਟ ਟੀਮ ਦਾ ਕਹਿਣਾ ਹੈ ਕਿ ਉੱਤਰੀ ਭਾਰਤ ਵਿੱਚ ਪਾਣੀ ਦੀ ਸਥਿਤੀ ਬਹੁਤ ਖਰਾਬ ਹੈ। ਅਜਿਹੀ ਹੀ ਹਾਲਤ ਹਿਮਾਚਲ ਪ੍ਰਦੇਸ਼ ਦੇ ਬੱਦੀ-ਬਰੋਟੀਵਾਲਾ ਇੰਡਸਟਰੀਅਲ ਏਰੀਆ ਦੀ ਹੈ। ਇੱਥੇ ਫੈਕਟਰੀਆਂ ਹੋਣ ਕਾਰਨ ਧਰਤੀ ਹੇਠਲੇ ਪਾਣੀ ਵਿੱਚ ਜ਼ਹਿਰੀਲੇ ਪਦਾਰਥ ਰਲ ਗਏ ਹਨ। ਜੋ ਕਿ ਨਿਰਧਾਰਤ ਸੀਮਾ ਤੋਂ ਵੱਧ ਹਨ।

ਅਜਿਹਾ ਗੰਦਾ ਪਾਣੀ ਪੀਣ ਨਾਲ ਲੋਕ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਕਾਰਨ 2013 ਤੋਂ 2018 ਦਰਮਿਆਨ ਕੈਂਸਰ ਤੇ ਕਿਡਨੀ ਦੀ ਬਿਮਾਰੀ ਦੇ ਕਈ ਮਾਮਲੇ ਵੀ ਸਾਹਮਣੇ ਆਏ ਹਨ। ਡਾ. ਦੀਪਕ ਸਵਾਮੀ, ਐਸੋਸੀਏਟ ਪ੍ਰੋਫੈਸਰ ਸਕੂਲ ਆਫ ਸਿਵਲ ਐਂਡ ਐਨਵਾਇਰਮੈਂਟਲ ਇੰਜਨੀਅਰਿੰਗ, ਆਈ.ਆਈ.ਟੀ. ਮੰਡੀ ਅਤੇ ਉਨ੍ਹਾਂ ਦੇ ਖੋਜ ਵਿਦਿਆਰਥੀ ਉਤਸਵ ਰਾਜਪੂਤ ਨੇ ਸਿਵਲ ਅਤੇ ਵਾਤਾਵਰਣ ਇੰਜਨੀਅਰਿੰਗ ਤੋਂ ਡਾ. ਆਈਆਈਟੀ ਜੰਮੂ ਦੇ ਵਿਭਾਗ, ਇੰਜਨੀਅਰਿੰਗ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ: ਨਿਤਿਨ ਜੋਸ਼ੀ ਦੇ ਸਹਿਯੋਗ ਨਾਲ ਖੋਜ ਕੀਤੀ ਗਈ। ਇਹ ਖੋਜ ਪੱਤਰ ਵੱਕਾਰੀ ਜਰਨਲ ਸਾਇੰਸ ਆਫ਼ ਦੀ ਟੋਟਲ ਐਨਵਾਇਰਮੈਂਟ ਵਿੱਚ ਪ੍ਰਕਾਸ਼ਿਤ ਹੋਇਆ ਹੈ। ਟੀਮ ਨੇ ਸਨਅਤੀ ਖੇਤਰ



ਬੱਦੀ-ਬਰੋਟਵਾਲਾ ਵਿੱਚ ਪ੍ਰਦੂਸ਼ਣ ਦੀ ਸਥਿਤੀ ਦਾ ਪਤਾ ਲਗਾਉਣ ਲਈ ਫੀਲਡ ਸਟੱਡੀ ਕੀਤੀ। ਅਧਿਐਨ ਦਾ ਮੁੱਖ ਉਦੇਸ਼ ਧਰਤੀ ਹੇਠਲੇ ਪਾਣੀ ਵਿੱਚ ਪਾਏ ਜਾਣ ਵਾਲੇ ਰਸਾਇਣਕ ਤੱਤਾਂ ਦਾ ਵਿਸ਼ਲੇਸ਼ਣ ਕਰਨਾ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਜੇਕਰ ਇਸ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਹਿਮਾਲਿਆ ਦਾ ਹੇਠਲਾ ਖੇਤਰ ਕੁਝ ਸਮੇਂ ਵਿੱਚ ਨਾਜ਼ੁਕ ਸਥਿਤੀ ਵਿੱਚ ਪਹੁੰਚ ਸਕਦਾ ਹੈ। ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਉਦਯੋਗਿਕ ਹੱਬ ਬੀ.ਬੀ.ਐੱਨ. ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੱਗੀਆਂ ਫੈਕਟਰੀਆਂ ਦਾ ਪ੍ਰਦੂਸ਼ਿਤ ਤੇ ਜ਼ਹਿਰੀਲਾ ਪਾਣੀ ਸਤਲੁਜ ਦਰਿਆ ਵਿੱਚ ਜ਼ਹਿਰ ਘੋਲ ਰਿਹਾ ਹੈ। ਹਿਮਾਚਲ ਪ੍ਰਦੇਸ਼ ਦੇ ਕਸਬਾ ਬੱਦੀ, ਬਰੋਟੀਵਾਲਾ ਤੇ ਨਾਲਾਗੜ੍ਹ ਦੇ ਆਸ-ਪਾਸ ਲੱਗੀਆਂ ਫੈਕਟਰੀਆਂ ਦਾ ਕੈਮੀਕਲ ਯੁਕਤ ਪਾਣੀ ਪਿਛਲੇ ਲੰਬੇ ਸਮੇਂ ਤੋਂ ਸਰਸਾ ਨਦੀ ਰਾਹੀਂ ਪੰਜਾਬ ਦੇ ਪਿੰਡ ਆਸਪੁਰ ਨੇੜੇ ਸਤਲੁਜ ਦਰਿਆ ਵਿੱਚ ਆ ਮਿਲਦਾ ਹੈ।

ਇਸ ਜ਼ਹਿਰੀਲੇ ਪਾਣੀ ਕਾਰਨ ਸਤਲੁਜ ਦਰਿਆ ਦੇ ਪੱਤਣ 'ਤੇ ਬਰਸਾਤ ਦੇ ਦਿਨਾਂ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਮੱਛੀਆਂ ਮਰ ਜਾਂਦੀਆਂ ਹਨ ਤੇ ਇਨ੍ਹਾਂ ਮਰੀਆਂ ਮੱਛੀਆਂ ਨੂੰ ਪ੍ਰਵਾਸੀ ਮਜ਼ਦੂਰ ਚੁੱਕ ਕੇ ਆਪੋ ਆਪਣੇ ਟਿਕਾਣਿਆਂ 'ਤੇ ਲੈ ਜਾਂਦੇ ਹਨ। ਭਾਵੇਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਹਰ ਸਾਲ ਸਿਰਸਾ ਨਦੀ ਵਿੱਚੋਂ ਪਾਣੀ ਦੇ ਸੈਂਪਲ ਲੈ ਕੇ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਤੇ ਇੱਕ ਦੋ ਵਾਰੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਾਣੀ ਦੇ ਸਾਂਝੇ ਤੌਰ 'ਤੇ ਵੀ ਸੈਂਪਲ ਭਰੇ ਜਾ ਚੁੱਕੇ ਹਨ, ਪਰ ਹਾਲੇ ਤੱਕ ਕੋਈ ਨਤੀਜਾ ਸਾਹਮਣੇ ਨਹੀਂ ਆਇਆ। ਹੁਣ ਤਾਂ ਸਿਰਸਾ ਨਦੀ ਦੇ ਪਾਣੀ ਦਾ ਰੰਗ ਵੀ ਗੂੜ੍ਹਾ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਵਾਤਾਵਰਣ ਵਿਭਾਗ ਦੇ ਅਧਿਕਾਰੀਆਂ ਦਾ ਤਰਕ ਹੈ ਕਿ ਦੋਵੇਂ ਦਰਿਆ ਹਿਮਾਚਲ ਵਿਚੋਂ ਨਿਕਲਦੇ ਹਨ। ਸਰਸਾ ਦਰਿਆ ਬੱਦੀ ਸਨਅਤੀ ਖ਼ੇਤਰ ਵਿਚੋਂ ਹੁੰਦਿਆਂ ਆਉਂਦੀ ਹੈ, ਜਦਕਿ ਸਵਾਂ ਦਰਿਆ ਹਿਮਾਚਲ ਦੇ ਪਿੰਡ ਸੰਤੋਸ਼ਗੜ੍ਹ ਤੋਂ ਹੁੰਦਿਆਂ ਪੰਜਾਬ ਵਿੱਚ ਦਾਖ਼ਲ ਹੁੰਦਾ ਹੈ। ਇਸ ਲਈ ਦੋਵਾਂ ਦਰਿਆਵਾਂ ਵਿਚ ਵੱਧ ਰਹੇ ਪ੍ਰਦੂਸ਼ਣ ਲਈ ਹਿਮਾਚਲ ਜ਼ਿੰਮੇਵਾਰ ਹੈ। ਦੂਜੇ ਪਾਸੇ ਹਿਮਾਚਲ ਦੇ ਵਾਤਾਵਰਣ ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਦਰਿਆਵਾਂ ਵਿਚ ਪ੍ਰਦੂਸ਼ਣ ਪੰਜਾਬ ਵਿੱਚ ਹੀ ਵਧਦਾ ਹੈ। ਪਰ ਤਾਜ਼ਾ ਰਿਪੋਰਟ ਨੇ ਪਰਦਾਫਾਸ਼ ਕਰ ਦਿਤਾ ਹੈ ਕਿ ਹਿਮਾਚਲ ਸਰਕਾਰ ਪੰਜਾਬ ਦੇ ਪਾਣੀਆਂ ਨੂੰ ਮਲੀਨ ਕਰਨ ਦੀ ਜ਼ਿੰਮੇਵਾਰ ਹੈ ਪਰ ਪੰਜਾਬ ਸਰਕਾਰ ਇਸ ਮਸਲੇ ਬਾਰੇ ਚੁੱਪ ਧਾਰਨ ਕਰੀ ਬੈਠੀ ਹੈ।

# ਖ਼ੂਨਦਾਨ ਕਰਨ ਨਾਲ 88 ਫ਼ੀਸਦੀ ਘੱਟ ਜਾਂਦੈ ਦਿਲ ਦੇ ਦੌਰੇ ਦਾ ਖ਼ਤਰਾ

ਨਵੀਂ ਦਿੱਲੀ/ਏ.ਟੀ.ਨਿਊਜ਼ : ਦੇਸ਼ ਵਿੱਚ ਹਰ ਰੋਜ਼ 12 ਹਜ਼ਾਰ ਦੇ ਕਰੀਬ ਲੋਕ ਸਮੇਂ ਸਿਰ ਖ਼ੂਨ ਨਾ ਮਿਲਣ ਕਾਰਨ ਮਰਦੇ ਹਨ ਅਤੇ ਖ਼ੂਨ ਦੀ ਇਹ ਕਮੀ ਖ਼ੂਨਦਾਨ ਸੰਬੰਧੀ ਜਾਣਕਾਰੀ ਦੀ ਘਾਟ ਅਤੇ ਗਲਤ ਧਾਰਨਾਵਾਂ ਕਾਰਨ ਖ਼ੂਨ ਦਾਨ ਨਾ ਕਰਨ ਕਾਰਨ ਹੁੰਦੀ ਹੈ। ਭਾਰਤ ਸਰਕਾਰ ਅਨੁਸਾਰ ਹਰ ਸਾਲ ਲਗਪਗ 15 ਲੱਖ ਯੂਨਿਟ ਖ਼ੂਨ ਦੀ ਲੋੜ ਹੁੰਦੀ ਹੈ ਜਦੋਂਕਿ ਸਿਰਫ਼ 11 ਲੱਖ ਯੂਨਿਟ ਖ਼ੂਨ ਉਪਲਬਧ ਹੁੰਦਾ ਹੈ। ਮਤਲਬ ਹਰ ਸਾਲ ਕਰੀਬ 4 ਲੱਖ ਯੂਨਿਟ ਖ਼ੂਨ ਦੀ ਕਮੀ ਹੁੰਦੀ ਹੈ। ਵੱਖ-ਵੱਖ ਖੋਜਾਂ ਦਰਸਾਉਂਦੀਆਂ ਹਨ ਕਿ ਖ਼ੂਨ ਦਾਨ ਕਰਨ ਨਾਲ ਨਾ ਸਿਰਫ਼ ਖ਼ੂਨ ਪ੍ਰਾਪਤ ਕਰਨ ਵਾਲੇ

## ਇਮਿਊਨਿਟੀ ਸ਼ਕਤੀ ਵੀ ਵਧਦੀ ਹੈ ਤੇ ਕੈਂਸਰ ਦਾ ਵੀ ਘੱਟ ਜਾਂਦੈ ਖ਼ਤਰਾ



ਦੀ ਜਾਨ ਬਚਾਈ ਜਾਂਦੀ ਹੈ, ਸਗੋਂ ਖ਼ੂਨਦਾਨ ਕਰਨ ਵਾਲੇ ਵਿਅਕਤੀ ਲਈ ਵੀ ਬਹੁਤ ਸਾਰੇ ਫਾਇਦੇ ਹਨ।

ਇੱਕ ਰਿਸਰਚ ਮੁਤਾਬਕ ਨਿਯਮਿਤ ਤੌਰ 'ਤੇ ਖ਼ੂਨਦਾਨ ਕਰਨ ਵਾਲੇ ਲੋਕਾਂ 'ਚ ਹਾਰਟ ਅਟੈਕ ਦਾ ਖਤਰਾ 88 ਫੀਸਦੀ ਤੱਕ ਘੱਟ ਜਾਂਦਾ ਹੈ। ਇਸ ਤੋਂ ਇਲਾਵਾ ਦਿਲ ਨਾਲ ਜੁੜੀਆਂ ਹੋਰ ਬਿਮਾਰੀਆਂ ਦਾ ਖਤਰਾ 33 ਫੀਸਦੀ ਤੱਕ ਘੱਟ ਜਾਂਦਾ ਹੈ। ਇਸ ਤੋਂ ਇਲਾਵਾ ਆਕਸਫੋਰਡ ਅਕਾਦਮਿਕ ਦੇ ਅਨੁਸਾਰ ਨਿਯਮਤ ਖ਼ੂਨਦਾਨ ਪੇਟ ਦੇ ਮੋਟਾਪੇ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ।

**ਜਾਣੋ ਖ਼ੂਨਦਾਨ ਨਾਲ ਜੁੜੇ ਇਹ ਤੱਥ**

ਨਿਯਮਿਤ ਖ਼ੂਨਦਾਨ ਕਰਨ ਨਾਲ ਦਿਲ ਦੀ ਸਿਹਤ 'ਤੇ ਬਹੁਤ ਚੰਗਾ ਪ੍ਰਭਾਵ ਪੈਂਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਘੱਟ ਕਰਦਾ ਹੈ, ਜਿਸ ਨਾਲ ਦਿਲ ਦੇ ਦੌਰੇ ਦਾ ਖਤਰਾ ਘੱਟ ਹੁੰਦਾ ਹੈ। ਕੋਲੰਬੀਆ ਯੂਨੀਵਰਸਿਟੀ ਮੈਡੀਕਲ ਸੈਂਟਰ ਮੁਤਾਬਕ ਜੇਕਰ ਤੁਹਾਡਾ ਹੀਮੋਗਲੋਬਿਨ ਜ਼ਿਆਦਾ ਹੈ ਤਾਂ ਖ਼ੂਨ ਦਾਨ ਕਰਨ ਨਾਲ ਖ਼ੂਨ ਦਾ ਗਾੜ੍ਹਾਪਨ ਘੱਟ ਜਾਂਦਾ ਹੈ। ਖ਼ੂਨ ਦੇ ਗਾੜ੍ਹੇ ਹੋਣ ਕਾਰਨ, ਗੰਢਾਂ ਬਣਨ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਨਾਲ ਹਾਰਟ ਅਟੈਕ ਅਤੇ ਸਟ੍ਰੋਕ ਦਾ ਖਤਰਾ ਵਧ ਜਾਂਦਾ ਹੈ।

ਖ਼ੂਨਦਾਨ ਦੇ 24 ਘੰਟੇ ਬਾਅਦ, ਸਰੀਰ ਪਲਾਜ਼ਮਾ ਨੂੰ ਭਰ ਦਿੰਦਾ ਹੈ, ਖ਼ੂਨ ਵਿੱਚ ਦੋ ਤਰ੍ਹਾਂ ਦੇ ਹਿੱਸੇ ਹੁੰਦੇ ਹਨ। ਪਹਿਲਾ ਪਲਾਜ਼ਮਾ ਅਤੇ ਦੂਜਾ ਸੈਲੂਲਰ ਕੰਪੋਨੈਂਟ ਹੈ ਜਿਸ ਵਿੱਚ ਖ਼ੂਨ ਦੇ ਸੈੱਲ ਸ਼ਾਮਲ ਹੁੰਦੇ ਹਨ। ਇਸ ਵਿੱਚ, ਪਲਾਜ਼ਮਾ ਲਗਭਗ 24 ਘੰਟਿਆਂ ਵਿੱਚ ਭਰਿਆ ਜਾਂਦਾ ਹੈ। ਜਦੋਂ ਕਿ ਸੈਲੂਲਰ ਕੰਪੋਨੈਂਟ ਜਿਵੇਂ ਕਿ ਜੇਕਰ ਤੁਹਾਨੂੰ ਸ਼ੂਗਰ ਅਤੇ ਥਾਇਰਾਇਡ ਹੈ ਤਾਂ ਵੀ ਤੁਸੀਂ ਖ਼ੂਨਦਾਨ ਕਰ ਸਕਦੇ ਹੋ।ਕਈ ਵਾਰ ਜਦੋਂ ਅਸੀਂ ਕਿਸੇ ਬਿਮਾਰੀ ਤੋਂ ਪੀੜ੍ਹਤ ਹੁੰਦੇ ਹਾਂ ਤਾਂ ਅਸੀਂ ਖ਼ੂਨਦਾਨ ਕਰਨ ਤੋਂ ਝਿਜਕਦੇ ਹਾਂ, ਪਰ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜੀਵਨਸ਼ੈਲੀ ਦੀਆਂ ਬਿਮਾਰੀਆਂ ਜਿਵੇਂ ਕਿ ਸ਼ੂਗਰ, ਥਾਇਰਾਇਡ ਅਤੇ ਯੂਰਿਕ ਐਸਿਡ ਤੋਂ ਪੀੜ੍ਹਤ ਲੋਕ ਵੀ ਖ਼ੂਨਦਾਨ ਕਰ ਸਕਦੇ ਹਨ।

ਦਰਪਣ ਝੂਠ ਨਹੀਂ ਬੋਲਦਾ

# ਪ੍ਰੈੱਸ ਦੀ ਆਜ਼ਾਦੀ ਖ਼ਤਰੇ ਵਿੱਚ

## ਮੋਦੀ ਸਰਕਾਰ ਦੇ ਪ੍ਰਸਤਾਵਿਤ ਕਾਨੂੰਨਾਂ ਤੋਂ ਕਿਉਂ ਨਾਰਾਜ਼ ਹਨ ਪੱਤਰਕਾਰ ਜਥੇਬੰਦੀਆਂ ?

ਮੋਦੀ ਸਰਕਾਰ ਹੁਣ ਪ੍ਰਸਾਰਣ ਅਤੇ ਡਿਜੀਟਲ ਮਾਧਿਅਮਾਂ ਉੱਪਰ ਸ਼ਿੰਕਜਾ ਕਸ ਰਹੀ ਹੈ। ਜਿਸ ਕਾਰਨ ਪ੍ਰੈਸ ਦੀ ਆਜ਼ਾਦੀ ਖ਼ਤਰੇ ਵਿੱਚ ਹੈ। ਕੇਂਦਰ ਸਰਕਾਰ ਪ੍ਰਸਤਾਵਿਤ ਬ੍ਰੌਡਕਾਸਟਿੰਗ ਸਰਵਿਸਿਜ਼ (ਰੈਗੂਲੇਸ਼ਨ) ਬਿੱਲ, 2023, ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ, 2023, ਪ੍ਰੈੱਸ ਰਜਿਸਟ੍ਰੇਸ਼ਨ ਐਕਟ, 2023 ਅਤੇ ਆਈਟੀ ਸੋਧ ਐਕਟ ਵਰਗੇ ਕਾਨੂੰਨਾਂ ਦੇ ਤਹਿਤ ਮੀਡੀਆ 'ਤੇ ਨਕੇਲ ਕੱਸਣ ਜਾ ਰਹੀ ਹੈ। ਇਹ ਕਾਨੂੰਨ ਮੋਦੀ ਸਰਕਾਰ ਨੂੰ ਕਿਸੇ ਵੀ ਔਨਲਾਈਨ ਸਮੱਗਰੀ ਨੂੰ ਹਟਾਉਣ ਦਾ ਅਧਿਕਾਰ ਦਿੰਦਾ ਹੈ, ਜਿਸ ਨੂੰ ਸਰਕਾਰ ਗਲਤ ਜਾਂ ਗੁੰਮਰਾਹਕੁੰਨ ਸਮਝਦੀ ਹੈ। ਇਸ ਦਾ ਸਭ ਤੋਂ ਵੱਡਾ ਨਤੀਜਾ ਸੋਸ਼ਲ ਮੀਡੀਆ 'ਤੇ ਸਰਗਰਮ ਲੋਕਾਂ ਨੂੰ ਭੁਗਤਣਾ ਪਵੇਗਾ। ਹਾਲਾਂਕਿ, ਇਸ ਕਾਨੂੰਨ ਦੇ ਪਾਸ ਹੋਣ ਤੋਂ ਪਹਿਲਾਂ ਹੀ, ਦਿੱਲੀ ਪੁਲਿਸ ਨੇ ਐਕਸ (ਟਵਿਟਰ) ਨੂੰ ਪੱਤਰਕਾਰ ਅਤੇ ਅਲਟ ਨਿਊਜ਼ ਦੇ ਸਹਿ-ਸੰਸਥਾਪਕ ਮੁਹੰਮਦ ਜ਼ੁਬੈਰ ਦੀ ਸਮੱਗਰੀ ਨੂੰ ਹਟਾਉਣ ਲਈ ਕਿਹਾ ਸੀ।

ਸਾਰੇ ਪੱਤਰਕਾਰ ਸੰਗਠਨਾਂ ਅਤੇ ਡਿਜੀਟਲ ਅਧਿਕਾਰ ਸੰਗਠਨਾਂ ਨੇ ਪ੍ਰਸਤਾਵਿਤ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਇਨ੍ਹਾਂ ਸੰਗਠਨਾਂ ਦਾ ਕਹਿਣਾ ਹੈ ਕਿ ਇਸ ਪ੍ਰਸਤਾਵਿਤ ਕਾਨੂੰਨ ਦਾ ਉਦੇਸ਼ ਪ੍ਰੈੱਸ ਦੀ ਆਜ਼ਾਦੀ 'ਤੇ ਰੋਕ ਲਗਾਉਣਾ ਹੈ। ਪ੍ਰੈੱਸ ਕਲੱਬ ਆਫ ਇੰਡੀਆ, ਇੰਡੀਅਨ




ਜਰਨਲਿਸਟ ਯੂਨੀਅਨ, ਦਿੱਲੀ ਯੂਨੀਅਨ ਆਫ ਜਰਨਲਿਸਟ, ਡਿਜੀਪਬ ਨਿਊਜ਼ ਫਾਊਂਡੇਸ਼ਨ, ਇੰਟਰਨੈੱਟ ਫਰੀਡਮ ਫਾਊਂਡੇਸ਼ਨ, ਵਰਕਿੰਗ ਨਿਊਜ਼ ਕੈਮਰਾਮੈਨ ਐਸੋਸੀਏਸ਼ਨ, ਇੰਡੀਅਨ ਵੂਮੈਨ ਪ੍ਰੈਸ ਕੋਰਪਸ, ਕੋਗੀਟੋ ਮੀਡੀਆ ਫਾਊਂਡੇਸ਼ਨ ਅਤੇ ਮੁੰਬਈ, ਕੋਲਕਾਤਾ, ਤਿਰੂਵਨੰਤਪੁਰਮ ਅਤੇ ਚੰਡੀਗੜ੍ਹ ਦੇ ਪ੍ਰੈਸ ਕਲੱਬਾਂ ਨੇ ਪ੍ਰਸਤਾਵਿਤ ਕਾਨੂੰਨਾਂ ਦਾ ਵਿਰੋਧ ਕਰਨ ਲਈ 28 ਮਈ ਨੂੰ ਇਸ ਸਬੰਧ ਵਿੱਚ ਮੀਟਿੰਗ ਬੁਲਾਈ ਸੀ, ਪਰ ਹੁਣ ਇਸ ਵਿਰੋਧ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੱਤਰਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਦੇ ਚਾਰ ਪ੍ਰਸਤਾਵਿਤ ਕਾਨੂੰਨ ਜਨਤਾ ਦੇ ਜਾਣਨ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ। ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਬ੍ਰੌਡਕਾਸਟ ਸਰਵਿਸਿਜ਼ ਰੈਗੂਲੇਸ਼ਨ ਬਿੱਲ ਵਿੱਚ ਓ.ਟੀ.ਟੀ. ਪਲੇਟਫਾਰਮ ਅਤੇ ਡਿਜੀਟਲ ਸਮੱਗਰੀ ਨੂੰ ਸ਼ਾਮਲ ਕਰਨ ਲਈ ਨਿਯਮ ਦੀ ਗੱਲ ਕਹਿੰਦਾ ਹੈ। ਇਹ ਮੌਜੂਦਾ ਕੇਬਲ ਟੀ.ਵੀ. ਨੈੱਟਵਰਕ (ਰੈਗੂਲੇਸ਼ਨ) ਐਕਟ, 1995 ਦੀ ਥਾਂ ਲਵੇਗਾ। ਇਸ ਰਾਹੀਂ ਲਾਜ਼ਮੀ ਰਜਿਸਟ੍ਰੇਸ਼ਨ ਅਤੇ ਤਿੰਨ-ਪੱਧਰੀ ਨਿਯਮ ਦਾ ਪ੍ਰਸਤਾਵ ਹੈ।

ਪੱਤਰਕਾਰ ਸੰਗਠਨਾਂ ਨੇ ਕਿਹਾ ਕਿ ਸਰਕਾਰ ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ ਰਾਹੀਂ ਆਰ.ਟੀ.ਆਈ. ਐਕਟ ਨੂੰ ਕੁਚਲਣਾ ਚਾਹੁੰਦੀ ਹੈ। ਬਹੁਤ ਸਾਰੇ ਲੋਕ ਅਤੇ ਪੱਤਰਕਾਰ ਆਰ.ਟੀ.ਆਈ ਰਾਹੀਂ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਦੇ ਹਨ। ਪੱਤਰਕਾਰ ਜਨਤਕ ਹਿੱਤ ਵਿੱਚ ਆਰ.ਟੀ.ਆਈ. ਰਾਹੀਂ ਸਰਕਾਰੀ ਵਿਭਾਗਾਂ ਤੋਂ ਸਾਰੀ ਜਾਣਕਾਰੀ ਪ੍ਰਾਪਤ ਕਰਦੇ ਹਨ ਪਰ ਇਸ ਕਾਨੂੰਨ ਰਾਹੀਂ ਆਰ.ਟੀ.ਆਈ ਐਕਟ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਸਵਾਲ ਉਠਾਏ ਜਾ ਰਹੇ ਹਨ ਕਿ ਸਰਕਾਰ ਲੋਕਾਂ ਦੇ ਨਿੱਜੀ ਡੇਟਾ ਨੂੰ ਲੈ ਕੇ ਇਹ ਕਾਨੂੰਨ ਕਿਉਂ ਪਾਸ ਕਰਨਾ ਚਾਹੁੰਦੀ ਹੈ।

'ਦਿ ਐਡੀਟਰਜ਼ ਗਿਲਡ ਆਫ ਇੰਡੀਆ' ਨੇ ਪਿਛਲੇ ਸਾਲ ਅਗਸਤ ਦੌਰਾਨ ਪ੍ਰੈੱਸ ਰਜਿਸਟ੍ਰੇਸ਼ਨ ਐਕਟ ਵਿੱਚ ਕੀਤੇ ਜਾ ਰਹੇ ਬਦਲਾਅ 'ਤੇ ਇਤਰਾਜ਼ ਜਤਾਇਆ ਸੀ। ਸਰਕਾਰ ਅਖ਼ਬਾਰਾਂ ਅਤੇ ਰਸਾਲਿਆਂ ਦੇ ਕੰਮ ਕਾਜ ਵਿੱਚ ਹੋਰ ਦਖ਼ਲਅੰਦਾਜ਼ੀ ਅਤੇ ਮਨਮਾਨੀ ਜਾਂਚ ਲਈ ਇਹ ਕਾਨੂੰਨ ਲਿਆਉਣ ਜਾ ਰਹੀ ਹੈ।

ਇਸ ਐਕਟ ਦੇ ਪਾਸ ਹੋਣ 'ਤੇ, ਪ੍ਰੈਸ ਰਜਿਸਟਰਾਰ ਦੇ ਨਾਲ-ਨਾਲ ਕਿਸੇ ਹੋਰ 'ਅਥਾਰਟੀ' ਨੂੰ ਕਿਸੇ ਵੀ ਮੈਗਜ਼ੀਨ ਦੇ ਅਹਾਤੇ ਵਿੱਚ ਦਾਖਲ ਹੋਣ, ਰਿਕਾਰਡ ਜਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਲੈਣ ਜਾਂ ਅਜਿਹੇ ਸਵਾਲ ਪੁੱਛਣ ਦੀ ਸ਼ਕਤੀ ਹੋਵੇਗੀ ਜੋ ਜਾਂਚ ਜਾਂ ਪ੍ਰਾਪਤ ਕਰਨ ਲਈ ਜ਼ਰੂਰੀ ਹੋ ਸਕਦੇ ਹਨ। ਸੂਚਨਾ ਤਕਨਾਲੋਜੀ ਸੋਧ ਨਿਯਮਾਂ ਦੇ ਤਹਿਤ, ਕੇਂਦਰ ਇੱਕ ਤੱਥ-ਜਾਂਚ ਕਰਨ ਵਾਲੀ ਸੰਸਥਾ ਦੀ ਸਥਾਪਨਾ ਕਰੇਗਾ ਜਿਸ ਕੋਲ ਕੇਂਦਰ ਸਰਕਾਰ ਅਤੇ ਇਸਦੇ ਕੰਮਕਾਜ ਬਾਰੇ ਕਿਸੇ ਵੀ ਜਾਣਕਾਰੀ ਨੂੰ 'ਜਾਅਲੀ' ਵਜੋਂ ਚਿੰਨ੍ਹਿਤ ਕਰਨ ਦੀ ਸ਼ਕਤੀ ਹੋਵੇਗੀ। ਤੁਹਾਨੂੰ ਦੱਸ ਦੇਈਏ ਕਿ ਮਾਰਚ ਵਿੱਚ ਸੁਪਰੀਮ ਕੋਰਟ ਨੇ ਤੱਥ ਜਾਂਚ ਯੂਨਿਟ ਦੇ ਗਠਨ ਬਾਰੇ ਕੇਂਦਰ ਦੇ ਨੋਟੀਫਿਕੇਸ਼ਨ 'ਤੇ ਰੋਕ ਲਗਾ ਦਿੱਤੀ ਸੀ। ਇਹ ਮਾਮਲਾ ਬਹੁਤ ਗੰਭੀਰ ਹੈ ਅਤੇ ਪੂਰੇ ਸੋਸ਼ਲ ਮੀਡੀਆ ਅਤੇ ਔਨਲਾਈਨ ਸਮੱਗਰੀ ਨੂੰ ਪ੍ਰਭਾਵਿਤ ਕਰੇਗਾ। ਮੋਟੇ ਤੌਰ 'ਤੇ, ਜੇਕਰ ਕਾਨੂੰਨ ਪਾਸ ਹੋ ਜਾਂਦਾ ਹੈ, ਤਾਂ ਸਰਕਾਰ ਕਿਸੇ ਵੀ ਰਿਪੋਰਟ ਨੂੰ ਜਾਅਲੀ ਕਰਾਰ ਦੇ ਸਕਦੀ ਹੈ ਅਤੇ ਇਸ ਨੂੰ ਹਟਾਉਣ ਦੀ ਮੰਗ ਕਰ ਸਕਦੀ ਹੈ।

ਨਿਰਪੱਖ ਪੱਤਰਕਾਰ ਭਾਈਚਾਰੇ ਦਾ ਮੰਨਣਾ ਹੈ ਕਿ ਇਸ ਤਰਾਂ ਦੀ ਸਥਿਤੀ ਦਿਖਾਉਂਦੀ ਹੈ ਕਿ ਭਾਰਤ ਵਿੱਚ ਮਹਿਜ਼ ਪ੍ਰੈਸ ਦੀ ਅਜ਼ਾਦੀ ਹੀ ਨਹੀਂ ਬਲਕਿ ਲੋਕਤੰਤਰ ਵੀ ਖਤਰੇ ਵਿੱਚ ਹੈ। ਇੰਝ ਮੀਡੀਆ ਦੀ ਅਜ਼ਾਦੀ ਦੇ ਮਾਮਲੇ ਵਿੱਚ ਭਾਰਤ ਦੀ ਮੰਦੀ ਹੋ ਰਹੀ ਹਾਲਤ ਅਸਲ ਵਿੱਚ ਇੱਥੇ ਫਾਸ਼ੀਵਾਦ ਦੇ ਮਜਬੂਤ ਹੁੰਦੇ ਜਾਣ ਦਾ ਹੀ ਪ੍ਰਤੀਕ ਹੈ। ਅਜਿਹੀ ਹਾਲਤ ਦਾ ਟਾਕਰਾ ਕਰਨਾ ਰਵਾਇਤੀ ਮੀਡੀਆ ਦੇ ਵੱਸੋਂ ਬਾਹਰੀ ਗੱਲ ਹੈ। ਇਸ ਹਾਲਤ ਦਾ ਟਾਕਰਾ ਅਜਿਹਾ ਮੀਡੀਆ ਹੀ ਕਰ ਸਕਦਾ ਹੈ ਜਿਹੜਾ ਮੀਡੀਆ ਸਿੱਧੀ ਤਰ੍ਹਾਂ ਲੋਕਾਂ ਦੀ ਇਨਕਲਾਬੀ ਜੱਦੋ-ਜਹਿਦ ਨਾਲ਼ ਜੁੜਿਆ ਹੋਵੇ, ਜੋ ਪੂਰੀ ਤਰ੍ਹਾਂ ਲੋਕਾਂ ਲਈ ਸਮਰਪਿਤ ਹੋਵੇ ਤੇ ਲੋਕਾਂ ਦੇ ਦਮ ਉੱਪਰ ਚੱਲੇ।

# ਅਰੁੰਧਤੀ ਰਾਏ ਖ਼ਿਲਾਫ਼ ਯੂ.ਏ.ਪੀ.ਏ. ਤਹਿਤ ਚਲੇਗਾ ਮੁਕੱਦਮਾ

## ਕਿਹਾ ਸੀ ਕਿ ਸੁਰੱਖਿਆ ਫੋਰਸਾਂ ਰਾਹੀਂ ਕਸ਼ਮੀਰ ਉੱਪਰ ਕਬਜ਼ਾ ਕੀਤਾ ਹੋਇਆ ਹੈ ਭਾਰਤ ਨੇ

ਦਿੱਲੀ ਦੇ ਉਪ ਰਾਜਪਾਲ ਵੀ. ਕੇ. ਸਕਸੈਨਾ ਨੇ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਦੀ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਹੈ। ਦੋਵਾਂ ਦੇ ਖ਼ਿਲਾਫ਼ 2010 ਵਿੱਚ ਇਥੇ ਇੱਕ ਸਮਾਗਮ ਦੌਰਾਨ ਭੜਕਾਊ ਭਾਸ਼ਣ ਦੇਣ ਸੰਬੰਧੀ ਮਾਮਲਾ ਦਰਜ ਕੀਤਾ ਗਿਆ ਸੀ। ਅਰੁੰਧਤੀ ਰਾਏ ਤੇ ਹੁਸੈਨ 'ਤੇ 21 ਅਕਤੂਬਰ 2010 ਨੂੰ ਦਿੱਲੀ ਦੇ ਕੋਪਰਨਿਕਸ ਰੋਡ 'ਤੇ ਮੌਜੂਦ ਐਲ.ਟੀ.ਜੀ. ਆਡੀਟੋਰੀਅਮ ਵਿੱਚ 'ਆਜ਼ਾਦੀ-ਦ ਓਨਲੀ ਵੇਅ' ਦੇ ਬੈਨਰ ਹੇਠ ਕਰਵਾਏ ਇੱਕ ਸੰਮੇਲਨ ਦੌਰਾਨ ਭੜਕਾਊ ਭਾਸ਼ਣ ਦੇਣ ਦਾ ਦੋਸ਼ ਹੈ। ਸੰਮੇਲਨ ਦੌਰਾਨ ਕਸ਼ਮੀਰ ਨੂੰ ਭਾਰਤ ਤੋਂ ਵੱਖ ਕਰਨ ਦਾ ਪ੍ਰਚਾਰ ਕੀਤਾ ਗਿਆ ਸੀ। ਇਹ ਇਲਜ਼ਾਮ ਲਾਇਆ ਗਿਆ ਸੀ ਕਿ ਗਿਲਾਨੀ ਅਤੇ ਅਰੁੰਧਤੀ ਰਾਏ ਨੇ ਜ਼ੋਰਦਾਰ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਅਤੇ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਵੱਲੋਂ ਇਸ ਉੱਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਗਿਆ ਸੀ। ਇੰਨਾ ਹੀ ਨਹੀਂ ਇਲਜ਼ਾਮ ਸੀ ਕਿ ਜੰਮੂ-ਕਸ਼ਮੀਰ ਸੂਬੇ ਦੀ ਭਾਰਤ ਤੋਂ ਆਜ਼ਾਦੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਅਰੁੰਧਤੀ ਨੇ ਕਿਹਾ ਸੀ ਕਿ ਜੇਕਰ ਕਸ਼ਮੀਰੀ ਲੋਕ ਆਜ਼ਾਦੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਜ਼ਾਦੀ ਮਿਲਣੀ ਚਾਹੀਦੀ ਹੈ ? ਇਹੀ ਤਾਂ ਭਾਰਤੀਆਂ ਦੀ ਵੀ ਇੱਛਾ ਹੋਣੀ ਚਾਹੀਦੀ ਹੈ। ਕਸ਼ਮੀਰੀਆਂ ਦੇ ਲਈ ਨਹੀਂ, ਬਲਕਿ ਖੁਦ ਆਪਣੇ ਲਈ। ਕਸ਼ਮੀਰੀਆਂ ਦੇ ਨਾਮ 'ਤੇ



ਜੋ ਜ਼ੁਲਮ ਕੀਤੇ ਜਾ ਰਹੇ ਹਨ, ਉਹ ਅਜਿਹੇ ਪਲ ਹਨ, ਜਿਸ ਨੂੰ ਭਾਰਤ ਝਲ ਨਹੀਂ ਸਕੇਗਾ। ਹੋ ਸਕਦਾ ਹੈ ਕਸ਼ਮੀਰ ਭਾਰਤ ਨੂੰ ਹਰਾ ਨਾ ਸਕੇ। ਪਰ ਉਹ ਭਾਰਤ ਨੂੰ ਨਿਗਲ ਜ਼ਰੂਰ ਜਾਵੇਗਾ। ਅਜਿਹਾ ਕਈ ਵਾਰ ਇਤਿਹਾਸ ਵਿੱਚ ਵਾਪਰ ਚੁੱਕਾ ਹੈ। ਉਸਨੇ ਕਿਹਾ ਸੀ ਕਿ ਧਾਰਮਿਕ ਘੱਟਗਿਣਤੀਆਂ 'ਤੇ ਸ਼ੱਰੇਆਮ ਹਮਲਿਆਂ ਤੋਂ ਇਲਾਵਾ ਅੱਜ ਅਸੀਂ ਜਿਨ੍ਹਾਂ ਹਾਲਾਤ ਵਿਚੋਂ ਗੁਜ਼ਰ ਰਹੇ ਹਾਂ, ਉਹ ਇਹ ਹਨ ਕਿ ਜਮਾਤੀ ਅਤੇ ਜਾਤੀ ਯੁੱਧ ਭਿਆਨਕ ਰੂਪ ਅਖਤਿਆਰ ਕਰ ਰਿਹਾ ਹੈ। ਇਸ ਮਾਮਲੇ ਵਿੱਚ ਸ਼ਿਕਾਇਤਕਰਤਾ ਵੱਲੋਂ ਇਸ ਦੀਆਂ ਰਿਕਾਰਡਿੰਗਾਂ ਦਿੱਤੀਆਂ ਗਈਆਂ ਸਨ। ਕਾਨਫਰੰਸ ਵਿੱਚ ਭਾਸ਼ਣ ਦੇਣ ਵਾਲਿਆਂ ਵਿੱਚ ਕਾਨਫ਼ਰੰਸ ਦੇ ਸੰਚਾਲਕ (ਐਂਕਰ) ਅਤੇ ਸਈਅਦ ਅਲੀ ਸ਼ਾਹ ਗਿਲਾਨੀ, ਅਰੁੰਧਤੀ ਰਾਏ, ਡਾ. ਸ਼ੇਖ ਸ਼ੌਕਤ ਹੁਸੈਨ ਅਤੇ ਵਰਵਰਾ ਰਾਓ ਸ਼ਾਮਲ ਸਨ। ਅਰੁੰਧਤੀ ਰਾਏ ਉੱਘੀ ਲੇਖਿਕਾ ਹਨ, ਉਨ੍ਹਾਂ ਦੀ ਕਿਤਾਬ 'ਦਿ ਗਾਡ ਆਫ ਨਾਰਮਲ ਥਿੰਗਸ' ਲਈ 1997 ਵਿੱਚ ਬੁਕਰ ਪੁਰਸਕਾਰ ਮਿਲਿਆ ਸੀ।

(ਬਾਕੀ ਸਫ਼ਾ 30 'ਤੇ)

# ਰੂਸੀ ਫ਼ੌਜ ਵਿੱਚ ਭਾਰਤੀ ਨਾਗਰਿਕਾਂ ਦੀ ਭਰਤੀ ਰੂਸ ਤੇ ਭਾਰਤ ਵਿਚਾਲੇ ਬਣੀ ਤਣਾਅ ਦਾ ਕਾਰਨ

## ਭਾਰਤ ਚਾਹੁੰਦਾ ਹੈ ਆਪਣੇ ਨਾਗਰਿਕਾਂ ਦੀ ਵਾਪਸੀ ਪਰ ਰੂਸ ਗੰਭੀਰ ਨਹੀਂ

ਭਾਰਤ ਸਰਕਾਰ ਰੂਸੀ ਫ਼ੌਜ ਵਿੱਚ ਸੁਰੱਖਿਆ ਸਹਾਇਕ ਵਜੋਂ ਭਰਤੀ ਹੋਏ ਅਤੇ ਯੂਕਰੇਨ ਦੀ ਜੰਗ ਵਿੱਚ ਮਾਰੇ ਗਏ ਪੰਜਾਬ ਦੇ ਦੋ ਵਿਅਕਤੀਆਂ ਦੀਆਂ ਲਾਸ਼ਾਂ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਵਿੱਚ ਕੋਈ ਬਹੁਤੀ ਤਰੱਕੀ ਨਹੀਂ ਹੋ ਸਕੀ ਹੈ। ਦਿ ਪ੍ਰਿੰਟ ਦੀ ਰਿਪੋਰਟ ਮੁਤਾਬਕ ਦੋਹਾਂ ਲਾਸ਼ਾਂ ਨੂੰ ਵਾਪਸ ਲਿਆਉਣ ਵਿੱਚ ਕਾਫੀ ਸਮਾਂ ਲੱਗ ਸਕਦਾ ਹੈ, ਕਿਉਂਕਿ ਉਨ੍ਹਾਂ ਨੂੰ ਜੰਗ ਵਾਲੇ ਖੇਤਰ ਤੋਂ ਬਾਹਰ ਕੱਢਣਾ ਪਵੇਗਾ। ਸਰਕਾਰੀ ਸੂਤਰਾਂ ਮੁਤਾਬਕ ਰੂਸੀ ਫੌਜ ਵਿੱਚ ਭਾਰਤੀਆਂ ਦੀ ਭਰਤੀ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦਾ ਮੁੱਦਾ ਬਣ ਗਈ ਹੈ। ਇਸ 'ਤੇ ਰੂਸ ਦਾ ਰੁਖ ਚੰਗਾ ਨਹੀਂ ਹੈ। ਰੂਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਰੂਸੀ ਫ਼ੌਜ ਵਿੱਚ ਭਰਤੀ ਹੋਏ ਰੰਗਰੂਟਾਂ ਨੂੰ ਤੁਰੰਤ ਵਾਪਸ ਭੇਜਣ ਦੀ ਭਾਰਤ ਦੀ ਬੇਨਤੀ ਦਾ ਜਵਾਬ ਨਹੀਂ ਦਿੱਤਾ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਹਫ਼ਤੇ ਇੱਕ ਸਖ਼ਤ ਬਿਆਨ ਜਾਰੀ ਕਰਕੇ ਰੂਸ ਤੋਂ ਮੰਗ ਕੀਤੀ ਕਿ ਉਹ ਆਪਣੀ ਫ਼ੌਜ ਵਿੱਚ ਭਾਰਤੀ ਨਾਗਰਿਕਾਂ ਦੀ ਭਰਤੀ ਨੂੰ ਰੋਕੇ, ਕਿਉਂਕਿ ਅਜਿਹੀਆਂ ਗਤੀਵਿਧੀਆਂ ਦੋਵਾਂ ਦੇਸ਼ਾਂ ਦੀ ਦੋਸਤੀ ਲਈ ਚੰਗੀਆਂ ਨਹੀਂ ਹਨ। ਰੂਸ ਵਿੱਚ ਦੋ ਭਾਰਤੀ ਨਾਗਰਿਕਾਂ ਦੀ ਮੌਤ ਤੋਂ ਬਾਅਦ ਇੱਕ ਬਿਆਨ ਵਿੱਚ, ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਨਵੀਂ ਦਿੱਲੀ ਨੇ ਇਸ ਮਾਮਲੇ ਨੂੰ ਮਾਸਕੋ ਕੋਲ ਜ਼ੋਰਦਾਰ ਢੰਗ ਨਾਲ ਉਠਾਇਆ ਸੀ ਅਤੇ ਰੂਸੀ ਫ਼ੌਜ ਵਿੱਚ ਮੌਜੂਦ ਸਾਰੇ ਭਾਰਤੀਆਂ ਦੀ ਛੇਤੀ ਰਿਹਾਈ ਅਤੇ ਵਾਪਸੀ ਦੀ ਮੰਗ ਕੀਤੀ ਸੀ। ਭਾਰਤ ਅਤੇ ਰੂਸ ਵਿਚਾਲੇ ਮਜ਼ਬੂਤ ਸਬੰਧ ਹਨ ਅਤੇ ਜੰਗ ਦੇ ਬਾਵਜੂਦ ਲਗਾਤਾਰ ਸਹਿਯੋਗ



ਕਾਇਮ ਰੱਖਿਆ ਹੈ ਪਰ ਰੂਸੀ ਫ਼ੌਜ ਵਿੱਚ ਭਾਰਤੀਆਂ ਦੀ ਭਰਤੀ ਦਾ ਮੁੱਦਾ ਚਿੰਤਾਜਨਕ ਹੈ। ਰਿਪੋਰਟ ਵਿੱਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਜਿਹੜੇ ਭਾਰਤੀ ਨਾਗਰਿਕ ਫਸੇ ਹੋਏ ਹਨ ,ਉਨ੍ਹਾਂ ਨੂੰ ਵਾਪਸ ਭੇਜਿਆ ਜਾਵੇ ਅਤੇ ਉਨ੍ਹਾਂ ਨੂੰ ਖਤਰੇ ਵਿੱਚ ਨਾ ਪਾਇਆ ਜਾਵੇ। ਭਾਰਤ ਇਸ ਬਾਰੇ ਦਬਾਅ ਬਣਾ ਰਿਹਾ ਹੈ।

ਇਸ ਸਾਲ ਮਾਰਚ ਵਿੱਚ ਹੈਦਰਾਬਾਦ ਨਿਵਾਸੀ ਮੁਹੰਮਦ ਅਸਫਾਨ ਦੀ ਰੂਸੀ ਫ਼ੌਜੀਆਂ ਨਾਲ ਫਰੰਟ ਲਾਈਨ 'ਤੇ ਲੜਦੇ ਹੋਏ ਮੌਤ ਹੋ ਗਈ ਸੀ। ਫਰਵਰੀ ਵਿੱਚ, ਸੂਰਤ ਦੇ ਹੇਮਲ ਅਸ਼ਵਿਨਭਾਈ ਮੰਗੂਆ ਡੋਨੇਟਸਕ ਖੇਤਰ ਵਿੱਚ ਇੱਕ ਯੂਕਰੇਨੀ ਹਵਾਈ ਹਮਲੇ ਵਿੱਚ ਮਾਰਿਆ ਗਿਆ ਸੀ। ਲਗਭਗ 30 ਭਾਰਤੀ ਨਾਗਰਿਕਾਂ ਨੇ ਮਾਸਕੋ ਸਥਿਤ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਹੈ ਅਤੇ ਵਾਪਸ ਲਿਆਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਅਜਿਹੀ ਜੰਗ ਦੀ ਫਰੰਟ ਲਾਈਨ 'ਤੇ ਪਾਇਆ ਹੈ ਜਿਸ ਲਈ ਉਨ੍ਹਾਂ ਨੂੰ ਭਰਤੀ ਨਹੀਂ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਸਿਰਫ਼ 10 ਹੀ ਵਾਪਸ ਆਏ ਹਨ, ਜੋ ਫ਼ੌਜ ਵਿਚੋਂ ਭੱਜ ਗਏ ਸਨ।

ਸੂਤਰਾਂ ਮੁਤਾਬਕ ਰੂਸ ਵਿੱਚ ਹੋਰ ਵੀ ਭਾਰਤੀ ਹੋ ਸਕਦੇ ਹਨ ਜਿਨ੍ਹਾਂ ਨੇ ਦੂਤਾਵਾਸ ਨਾਲ ਸੰਪਰਕ ਨਹੀਂ ਕੀਤਾ ਹੈ। ਕਈ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ 100 ਤੋਂ ਵੱਧ ਭਾਰਤੀ ਰੂਸੀ ਫ਼ੌਜ ਵਿੱਚ ਸਹਾਇਕ ਵਜੋਂ ਸ਼ਾਮਲ ਹੋਏ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਸ਼ੱਕੀ ਭਰਤੀ ਏਜੰਸੀਆਂ ਦੁਆਰਾ ਉੱਚ ਤਨਖ਼ਾਹਾਂ ਅਤੇ ਸਥਾਈ ਨਿਵਾਸ ਦੇ ਵਾਅਦਿਆਂ ਦੇ ਲਾਲਚ ਕਾਰਨ ਰੂਸ ਚਲੇ ਗਏ ਸਨ। ਰੂਸੀ ਦੂਤਾਵਾਸ ਦੇ ਸੂਤਰਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਦੀ ਫ਼ੌਜ ਵਿੱਚ ਸੇਵਾ ਕਰਨ ਲਈ ਕਿਸੇ ਵੀ ਭਾਰਤੀ ਨੂੰ ਭਰਤੀ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੇ ਵਿਦੇਸ਼ ਦਫ਼ਤਰ ਇਸ ਮੁੱਦੇ 'ਤੇ ਸੰਪਰਕ ਵਿੱਚ ਹਨ ਪਰ ਭਾਰਤੀ ਅਜਿਹੇ ਖੇਤਰਾਂ ਵਿੱਚ ਕਿਵੇਂ ਪਹੁੰਚ ਰਹੇ ਹਨ, ਇਸ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ।

# ਸਿੱਖ ਪੰਥ ਦੀ ਬੇਚੈਨੀ ਪੰਜਾਬ ਦੀ ਰਾਜਨੀਤੀ ਨੂੰ ਕਿੱਧਰ ਲੈ ਕੇ ਜਾਵੇਗੀ ?

## ਕੀ ਅਕਾਲੀ ਲੀਡਰਸ਼ਿਪ ਦਾ ਬਦਲ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਹੋ ਸਕਣਗੇ ?

## ਕੇਂਦਰ ਸਰਕਾਰ ਤੇ ਪੰਥਕ ਲੀਡਰਸ਼ਿਪ ਦੀ ਬੇਰੁਖ਼ੀ ਕਾਰਨ ਸਿੱਖ ਪੰਥ ਦੀ ਬੇਚੈਨੀ ਨਿਰੰਤਰ ਬਰਕਰਾਰ

ਪ੍ਰੋ. ਬਲਵਿੰਦਰ ਪਾਲ ਸਿੰਘ

ਲੋਕ ਸਭਾ ਚੋਣਾਂ 2024 ਦੇ ਨਤੀਜਿਆਂ ਵਿੱਚ ਅਜ਼ਾਦ ਤੌਰ ਉੱਪਰ ਲੜੇ ਪੰਥਕ ਉਮੀਦਵਾਰ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਪੰਥ ਦਾ ਆਪਣੀ ਰਵਾਇਤੀ ਲੀਡਰਸ਼ਿਪ ਵਿੱਚ ਵੀ ਵਿਸ਼ਵਾਸ ਖਤਮ ਹੋ ਗਿਆ ਹੈ ਤੇ ਸਿੱਖ ਪੰਥ ਨਵੀਂ ਲੀਡਰਸ਼ਿਪ ਦੀ ਭਾਲ ਵਿੱਚ ਹਨ।ਇੱਕ ਸਮਾਂ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਪੰਥਕ ਰਾਜਨੀਤੀ ਦੇ ਕੇਂਦਰ ਵਿੱਚ ਸੀ। ਹੁਣ ਸਥਿਤੀ ਬਦਲ ਗਈ ਹੈ ਅਤੇ ਹੁਣ ਪੰਥਕ ਰਾਜਨੀਤੀ ਦੇ ਨਵੇਂ ਚਿਹਰੇ ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ ਹਨ, ਜਿਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਅਮਰਿੰਦਰ ਸਿੰਘ ਤੋਂ ਬਾਅਦ ਪੈਦਾ ਹੋਏ ਹੁਨਰਮੰਦ ਅਤੇ ਕਾਬਲ ਸਿੱਖ ਆਗੂਆਂ ਦੀ ਘਾਟ ਨੇ ਨੇਤਾ ਬਣਾ ਦਿੱਤਾ ਹੈ। ਇਹ ਗੱਲ ਆਉਣ ਵਾਲਾ ਸਮਾਂ ਦਸੇਗਾ ਕਿ ਇਹ ਸਿੱਖ ਪੰਥ ਤੇ ਪੰਜਾਬ ਦੀ ਰਾਜਨੀਤਕ ਅਗਵਾਈ ਕਰਨ ਦੇ ਸਮਰਥ ਹਨ ਜਾਂ ਨਹੀਂ। ਕਿਸਾਨ ਅੰਦੋਲਨ ਤੋਂ ਪੈਦਾ ਹੋਈ ਸਰਕਾਰ ਵਿਰੋਧੀ ਭਾਵਨਾਵਾਂ ਅਤੇ ਬੇਚੈਨੀ ਨੇ ਫਿਰ ਜ਼ੋਰ ਫੜ ਲਿਆ। ਇਸ ਪਿਛੇ ਕਾਰਨ ਸਤਲੁਜ-ਬਿਆਸ ਨਹਿਰ ਦਾ ਵਿਵਾਦ, ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦਾ ਮੁੱਦਾ, ਬੇਅਦਬੀ ਕਾਂਡ, ਪੰਜਾਬ ਸੰਤਾਪ ਦੇ ਦੌਰ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ ਨੂੰ ਇਨਸਾਫ਼ ਨਾ ਮਿਲਣਾ ਅਤੇ ਯੂ.ਏ.ਪੀ.ਏ. ਤਹਿਤ ਸਿੱਖਾਂ ਉੱਪਰ ਕੇਸ ਦਰਜ ਕਰਨ ਦੀਆਂ ਅਨਿਆਂ ਭਰਪੂਰ ਸਰਕਾਰੀ ਕਾਰਵਾਈਆਂ, ਪੁਰਾਣੇ ਪੰਥਕ ਮੁੱਦੇ ਤੇ ਸਿੱਖ ਨੌਜਵਾਨਾਂ ਉੱਪਰ ਐਨ.ਐਸ.ਏ. ਨਸ਼ਿਆਂ ਕਾਰਨ ਪੈਦਾ ਹੋਏ ਹਾਲਾਤਾਂ ਨੇ ਸਿੱਖ ਪੰਥ ਦਾ ਮੁੱਖ ਧਾਰਾ ਤੋਂ ਮੋਹ ਭੰਗ ਕਰਨ ਅਤੇ ਰਵਾਇਤੀ ਰਾਜਨੀਤੀ ਤੋਂ ਦੂਰ ਹੋਣ ਵਿੱਚ ਭੂਮਿਕਾ ਨਿਭਾਈ ਹੈ। ਕੁਝ ਸਮੇਂ ਤੋਂ 'ਆਪ' ਨੂੰ ਬਦਲ ਵਜੋਂ ਦੇਖਿਆ ਜਾ ਰਿਹਾ ਸੀ, ਪਰ ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ ਅਤੇ ਹੈਰਾਨੀਜਨਕ ਤੌਰ 'ਤੇ ਕਾਂਗਰਸ (ਜਿਸ ਨੇ 7 ਸੀਟਾਂ ਜਿੱਤੀਆਂ ਸਨ) ਦੀ ਜਿੱਤ ਨਾਲ ਪੰਜਾਬ ਦਾ ਮਾਹੌਲ ਬਦਲ ਗਿਆ ਹੈ ਅਤੇ ਪੰਜਾਬੀ ਸਮਾਜ ਵੰਡਿਆ ਹੋਇਆ ਹੈ।




ਭਾਈ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਪੰਜਾਬ ਵਿੱਚ ਉਨ੍ਹਾਂ ਸਿੱਖ ਭਾਵਨਾਵਾਂ ਦਾ ਸਬੂਤ ਹੈ ਜੋ ਕਦੇ ਅੱਸੀਵਿਆਂ ਵਿੱਚ ਵੀ ਉਬਾਲਾ ਖਾ ਗਈ ਸੀ ਅਤੇ ਫਿਰ ਇਤਿਹਾਸਕਾਰ ਖੁਸ਼ਵੰਤ ਸਿੰਘ ਨੇ ਲਿਖਿਆ ਸੀ ਕਿ ਇਹ ਸਪੱਸ਼ਟ ਹੈ ਕਿ ਧਰਮ ਨਿਰਪੱਖ ਭਾਰਤ ਵਿੱਚ ਹਿੰਦੂ ਬਹੁਗਿਣਤੀ ਲਈ ਇੱਕ ਕਾਨੂੰਨ ਹੈ ਅਤੇ ਮੁਸਲਮਾਨਾਂ ਲਈ, ਇਸਾਈ ਅਤੇ ਸਿੱਖ ਘੱਟ ਗਿਣਤੀਆਂ ਲਈ ਦੂਜਾ।

ਪੰਜਾਬ ਸ਼ਾਂਤ ਜ਼ਰੂਰ ਹੈ, ਪਰ ਬੇਚੈਨ ਹੈ। ਸੰਤ ਭਿੰਡਰਾਂਵਾਲੇ, ਅਜ਼ਾਦੀ, ਸੰਘਰਸ਼ ਸਿੱਖ ਮਾਨਸਿਕਤਾ ਦਾ ਹਿੱਸਾ ਬਣ ਗਏ ਹਨ। ਬੇਚੈਨ ਸਿੱਖ ਯੂਥ ਕੈਨੇਡਾ, ਅਸਟਰੇਲੀਆ, ਅਮਰੀਕਾ ਆਦਿ ਦੇਸਾਂ ਵਿੱਚ ਵਸਣ ਵਿੱਚ ਆਪਣਾ ਉੱਜਵਲ ਭਵਿੱਖ ਦੇਖ ਰਿਹਾ ਹੈ, ਪਰ ਅਜੇ ਵੀ 35 ਸਾਲ ਬਾਅਦ ਵੀ ਪੰਜਾਬ ਵਿੱਚ ਪੁਰਾਣੇ ਜ਼ਖ਼ਮ ਤਾਜ਼ਾ ਹਨ, ਕਿਉਂਕਿ ਇਨ੍ਹਾਂ ਉਪਰ ਹਾਕਮਾਂ ਨੇ ਮੱਲਮ ਲਗਾਉਣ ਦੀ ਕੋਸ਼ਿਸ਼ ਨਹੀਂ ਕੀਤੀ। (ਬਾਕੀ ਸਫ਼ਾ 30 'ਤੇ)

### ਮਨੁੱਖਤਾ, ਪੰਥ ਤੇ ਪੰਜਾਬ ਦੇ ਕਲਿਆਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪੁਨਰ ਨਿਰਮਾਣ ਦੀ ਲੋੜ : ਗੁਰਤੇਜ ਸਿੰਘ



ਸ੍ਰ. ਗੁਰਤੇਜ ਸਿੰਘ ਆਈ.ਏ.ਐਸ. ਦਾ ਇਸ ਬਾਰੇ ਕਹਿਣਾ ਹੈ ਕਿ ਪਰੰਪਰਾਗਤ ਤੌਰ 'ਤੇ ਸਿੱਖ ਅਣਖੀ ਅਤੇ ਜੁਝਾਰੂ ਹਨ ਅਤੇ ਅਨਿਆਂ ਵਿਰੁੱਧ ਵਿਦਰੋਹੀ ਹਨ। ਉਹ ਸਮੁਚੇ ਸੰਸਾਰ ਦਾ ਕਲਿਆਣ ਤੇ ਨਿਆਂਕਾਰੀ ਹਲੇਮੀ ਰਾਜ ਚਾਹੁੰਦੇ ਹਨ।ਇਹ ਸਬਕ ਉਹ ਗੁਰੂ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਤੋਂ ਗ੍ਰਹਿਣ ਕਰਦੇ ਹਨ। ਉਹ ਹਮੇਸ਼ਾ ਉਹੀ ਕਰਨਾ ਚਾਹੁੰਦੇ ਹਨ ਜੋ ਉਨ੍ਹਾਂ ਨੂੰ ਸੱਚ ਲੱਗਦਾ ਹੈ ਅਤੇ ਉਹ ਉਸ ਲਈ ਖੜ੍ਹੇ ਹੁੰਦੇ ਹਨ ਜੋ ਉਨ੍ਹਾਂ ਨੂੰ ਸਹੀ ਲੱਗਦਾ ਹੈ। ਉਹ ਵਿਤਕਰੇ, ਅਸਮਾਨਤਾ ਅਤੇ ਅਸਹਿਣਸ਼ੀਲਤਾ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਪਰ ਅਕਾਲੀ ਲੀਡਰਸ਼ਿਪ ਨੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਸੱਤਾ ਨੂੰ ਮਾਨਵਤਾ ਦਾ ਭਲਾ ਕਰਨ ਦੀ ਥਾਂ ਪੰਜਾਬ ਨੂੰ ਲੁੱਟਿਆ ਤੇ ਕੁੱਟਿਆ।ਸਿਆਸਤ ਨੂੰ ਪਰਿਵਾਰਵਾਦੀ ਬਿਜਨਸ ਬਣਾਇਆ।ਬੇਅਦਬੀਆਂ, ਨਸ਼ਿਆਂ, ਪੰਜਾਬ ਦੀ ਲੁੱਟ, ਕੋਟਕਪੂਰਾ ਗੋਲੀ ਕਾਂਡ ਦਾ ਕਾਰਨ ਬਾਦਲਕੇ ਹੀ ਹਨ। ਇਸੇ ਕਰਕੇ ਸਿੱਖ ਪੰਥ ਨੇ ਰਵਾਇਤੀ ਲੀਡਰਸ਼ਿਪ ਨੂੰ ਨਕਾਰਿਆ ਤੇ ਫਰੀਦਕੋਟ ਤੋਂ ਪੰਥਕ ਉਮੀਦਵਾਰ ਜਿਤਾ ਕੇ ਸੁਨੇਹਾ ਦਿੱਤਾ ਕਿ ਉਹ ਮਨੁੱਖਤਾ ਤੇ ਪੰਜਾਬ ਦਾ ਕਲਿਆਣ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਸਿੱਖ ਪੰਥ ਮੰਨਦਾ ਹੈ ਕਿ ਰਵਾਇਤੀ ਸਿਆਸੀ ਪਾਰਟੀਆਂ - ਖਾਸ ਕਰਕੇ ਕਾਂਗਰਸ, ਭਾਜਪਾ - ਸਿੱਖ ਕੌਮ ਪ੍ਰਤੀ ਸੁਹਿਰਦ ਨਹੀਂ ਹਨ।ਇਸ ਲਈ ਸਿੱਖ ਪੰਥ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਤੋਂ ਆਸ ਕਰਦਾ ਹੈ ਕਿ ਉਹ ਅਕਾਲੀ ਦਲ ਦਾ ਪੁਨਰ ਨਿਰਮਾਣ ਕਰਨ।

# ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਫ਼ੇਲ੍ਹ ਕੀਤਾ ਕੇਜਰੀਵਾਲ ਦਾ 'ਦਿੱਲੀ ਮਾਡਲ'

## ਨਸ਼ੇ, ਬੇਅਦਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕਿਸਾਨੀ ਸੰਕਟ 'ਆਪ' ਦੀ ਹਾਰ ਦਾ ਕਾਰਨ ਬਣੇ

## 'ਆਪ' ਪਾਰਟੀ ਵਿੱਚ ਉੱਠਣ ਲੱਗੀਆਂ ਬਾਗ਼ੀ ਸੁਰਾਂ

ਲੋਕ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਪੰਜਾਬ ਦੀਆਂ 13 ਸੀਟਾਂ ਉੱਤੇ ਜਿੱਤ ਪ੍ਰਾਪਤ ਕਰਨ ਦਾ ਸੁਪਨਾ ਲੋਕਾਂ ਨੇ ਮਿੱਟੀ ਵਿੱਚ ਮਿਲਾ ਦਿੱਤਾ ਹੈ। ਆਪ ਪਾਰਟੀ ਸਿਰਫ਼ 3 ਸੀਟਾਂ ਉੱਤੇ ਹੀ ਜਿੱਤ ਪ੍ਰਾਪਤ ਕਰ ਸਕੀ ਹੈ।ਲੋਕ ਸਭਾ ਚੋਣਾਂ ਦੇ ਨਤੀਜਿਆਂ ਰਾਹੀਂ ਪੰਜਾਬੀਆਂ ਨੇ ਆਪ ਦੀ ਝੋਲੀ ਵਿੱਚ ਹਾਰ ਪਾਕੇ ਕੇਜਰੀਵਾਲ ਦਾ 'ਦਿੱਲੀ ਮਾਡਲ' ਨਕਾਰ ਦਿੱਤਾ ਹੈ ਉਥੇ ਹੀ ਦਿੱਲੀ ਅਤੇ ਪੰਜਾਬ ਵਿੱਚ ਸੱਤਾਧਾਰੀ ਹੋਣ ਦੇ ਬਾਵਜੂਦ 'ਆਪ' ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜੋ ਕਿ ਦੋਵਾਂ ਸੂਬਿਆਂ ਵਿੱਚ 'ਆਪ' ਸਰਕਾਰ ਦੀਆਂ ਕਾਰਗੁਜਾਰੀਆਂ ਨੂੰ ਸੁਆਲਾਂ ਦੇ ਘੇਰੇ ਵਿੱਚ ਖੜ੍ਹਾ ਕਰਦਾ ਹੈ। ਇਸ ਦੌਰਾਨ ਆਪ ਪਾਰਟੀ ਵਿੱਚ ਬਗਾਵਤੀ ਸੁਰਾਂ ਉੱਠਣ ਲੱਗੀਆਂ ਹਨ ਜਦਕਿ ਪਿਛਲੇ ਸਮਿਆਂ ਦੌਰਾਨ ਸੱਤਾ ਦੇ ਗਰੂਰ ਵਿੱਚ ਸਰਕਾਰ ਵੱਲੋਂ ਅੱਖੋਂ ਪਰੋਖੇ ਕੀਤੇ ਗਏ ਬਹੁਤ ਸਾਰੇ ਵਲੰਟੀਅਰ ਤਾਂ ਆਪ ਪਾਰਟੀ ਦੇ ਆਏ ਇਨ੍ਹਾਂ ਚੋਣ ਨਤੀਜਿਆਂ ਤੋਂ ਬੇਹੱਦ ਖੁਸ਼ ਦਿਖਾਈ ਦੇ ਰਹੇ ਹਨ।ਪਾਰਟੀ ਦਾ ਗੜ੍ਹ ਮੰਨੇ ਜਾਂਦੇ ਦਿੱਲੀ ਵਿੱਚ ਆਪ ਪਾਰਟੀ ਦਾ ਪ੍ਰਦਰਸ਼ਨ ਬੇਹੱਦ ਮਾੜਾ ਰਿਹਾ ਹੈ, ਜਿਥੇ ਪਾਰਟੀ ਨੂੰ ਇੱਕ ਵੀ ਸੀਟ ਨਸੀਬ ਨਹੀਂ ਹੋਈ ਅਤੇ ਉਥੋਂ ਦੀਆਂ ਕੁੱਲ 7 ਲੋਕ ਸਭਾ ਸੀਟਾਂ ਭਾਜਪਾ ਦੇ ਖਾਤੇ ਵਿੱਚ ਚਲੇ ਜਾਣ ਕਰਕੇ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ ਭਾਵੇਂ ਕਿ 'ਆਪ' ਨੇ ਕਾਂਗਰਸ ਨਾਲ ਗੱਠਜੋੜ ਵੀ ਕੀਤਾ ਸੀ ਪਰ ਉਹ ਵੀ ਕਿਸੇ ਕੰਮ ਨਾ ਆਇਆ।

ਆਪ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਪੰਜਾਬ ਸਮੇਤ ਦੇਸ਼ ਦੇ ਦੂਜੇ ਸੂਬਿਆਂ ਵਿੱਚ 'ਦਿੱਲੀ ਮਾਡਲ' ਦਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਅਤੇ ਖਾਸ ਕਰਕੇ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤਾਂ ਪਾਰਟੀ ਨੇ 'ਦਿੱਲੀ ਮਾਡਲ' ਨੂੰ ਪੇਸ਼ ਕਰਕੇ ਹੀ ਲੜੀਆਂ ਸਨ। ਇਸ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਲੋਕਾਂ ਨੇ 92 ਸੀਟਾਂ ਪਾਰਟੀ ਨੂੰ ਜਿਤਾ ਦਿੱਤੀਆਂ।

ਸਰਕਾਰ ਬਣਨ ਤੋਂ ਤੁਰੰਤ ਬਾਅਦ ਆਪ ਸਰਕਾਰ ਥੋੜ੍ਹੀ ਸਰਗਰਮ ਹੋਈ। ਦਫ਼ਤਰਾਂ, ਸਕੂਲਾਂ, ਹਸਪਤਾਲਾਂ ਵਿੱਚ ਛਾਪੇ ਮਾਰੇ ਗਏ ਪਰ ਫਿਰ ਹੌਲੀ-ਹੌਲੀ ਸਾਰਾ ਕੁਝ ਪਹਿਲਾਂ ਵਰਗਾ ਹੀ ਹੋ ਗਿਆ।ਰਾਜ ਸਭਾ ਲਈ ਪੰਜਾਬ ਤੋਂ ਬਾਹਰੋਂ ਲਏ ਉਮੀਦਵਾਰ ਵੀ ਪੰਜਾਬੀਆਂ ਨੂੰ ਰੜਕੇ। ਫਿਰ ਪੰਜਾਬ ਵਿੱਚ ਦਿੱਲੀ ਮਾਡਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚ ਦਿੱਲੀ ਵਾਂਗ ਇਸ਼ਤਿਹਾਰਬਾਜ਼ੀ ਨਾਲ ਲੋਕਾਂ ਨੂੰ ਗੁਮਰਾਹ ਕਰਨ ਦਾ ਕੰਮ ਕੀਤਾ ਗਿਆ ਪਰ ਇਸ ਨੂੰ ਹੁਣ ਲੋਕ ਸਭਾ ਚੋਣਾਂ ਵਿੱਚ ਲੋਕਾਂ ਨੇ ਆਪਣੇ ਫ਼ਤਵੇ ਨਾਲ ਨਕਾਰ ਦਿੱਤਾ ਹੈ। ਲੋਕ ਤਾਂ ਹੁਣ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ ਕਿ 'ਆਪ' ਪਾਰਟੀ ਦੇ ਕਈ ਵਿਧਾਇਕ ਵੀ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਖੁੱਭ ਚੁੱਕੇ ਹਨ।ਕਿਸਾਨੀ ਸੰਤੁਸ਼ਟ ਨਹੀਂ। ਨਾ ਹੀ ਇਥੇ ਖੇਤੀ ਸਨਅਤਾਂ ਲਗਾਈਆਂ ਗਈਆਂ ਹਨ।

ਬਿਜਲੀ ਦੇ 300 ਯੂਨਿਟ ਮੁਆਫ਼ ਕਰਕੇ ਵੋਟਾਂ ਲੈਣ ਦੀ ਭਰਪੂਰ ਕੋਸ਼ਿਸ਼ ਹੋਈ ਪਰ ਬਾਕੀ ਮਸਲਿਆਂ 'ਚ ਬਹੁਤੀ ਸਫ਼ਲਤਾ ਪ੍ਰਾਪਤ ਨਾ ਹੋਣ ਕਰਕੇ ਕਾਮਯਾਬੀ ਨਹੀਂ ਮਿਲੀ,



ਕਿਉਂਕਿ ਰਾਜ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ ਹੈ। ਉਚੇਰੀ ਸਿੱਖਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਸਰਕਾਰੀ ਕਾਲਜਾਂ ਦੀਆਂ ਬਹੁਤੀਆਂ ਅਸਾਮੀਆਂ ਭਰਨ ਵਾਲੀਆਂ ਹਨ ਪਰ ਅਜੇ ਤੱਕ ਨਹੀਂ ਭਰੀਆਂ ਗਈਆਂ।ਪੁਲਿਸ ਇਨਸਾਫ਼ ਨਹੀਂ ਦੇ ਪਾ ਰਹੀ, ਲੋਕ ਕੋਰਟ-ਕਚਹਿਰੀਆਂ ਵਿੱਚ ਜਾਣ ਨੂੰ ਮਜਬੂਰ ਹਨ। ਕਿਸਾਨੀ ਸੜਕਾਂ ਉੱਤੇ ਬੈਠੀ ਹੈ।ਨੌਜਵਾਨ ਵਰਗ ਲਗਾਤਾਰ ਨਸ਼ਿਆਂ ਦੀ ਲਪੇਟ ਵਿੱਚ ਆ ਰਿਹਾ ਹੈ।ਬੇਰੁਜ਼ਗਾਰੀ ਕਾਰਨ ਨੌਜਵਾਨਾਂ ਦਾ ਵਿਦੇਸ਼ਾਂ ਵਿੱਚ ਪਰਵਾਸ ਕਰਨਾ ਪੰਜਾਬ ਦੇ ਵਿਕਾਸ ਦਾ ਮੂੰਹ ਚਿੜਾਉਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਹੁਣ ਰਾਜਨੀਤੀ ਸਿਰਫ਼ ਕੁਰਸੀ ਪ੍ਰਾਪਤੀ ਤੱਕ ਹੀ ਸੀਮਤ ਹੋ ਗਈ ਹੈ। (ਬਾਕੀ ਸਫ਼ਾ 30 'ਤੇ)

### ਕਿਵੇਂ ਸੁਧਾਰ ਹੋਵੇ 'ਆਪ' ਸਰਕਾਰ ਦੀਆਂ ਨੀਤੀਆਂ ਵਿੱਚ ?

ਲੋਕਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਦਾ ਭ੍ਰਿਸ਼ਟਾਚਾਰ ਅਤੇ ਨਸ਼ਾ ਮੁਕਤ ਪੰਜਾਬ ਤਾਂ ਹੀ ਹੋਂਦ ਵਿੱਚ ਆਵੇਗਾ, ਜਦੋਂ ਇਨ੍ਹਾਂ ਦੀ ਸਾਰੀ ਟੀਮ ਸਹੀ ਢੰਗ ਨਾਲ ਕੰਮ ਕਰੇਗੀ, ਇਨ੍ਹਾਂ ਵਿੱਚ ਸੇਵਾ ਭਾਵਨਾ ਦਾ ਜਜ਼ਬਾ ਹੋਵੇਗਾ। ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣਾ ਸਮੇਂ ਦੀ ਮੰਗ ਹੈ। ਇਨ੍ਹਾਂ ਨੂੰ ਹੋਰ ਕੰਮਾਂ ਦੇ ਨਾਲ-ਨਾਲ ਖੇਤੀਬਾੜੀ ਵੱਲ ਵੀ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਵਾਤਾਵਰਨ ਸੰਭਾਲ ਲਈ ਠੋਸ ਨੀਤੀ ਦੀ ਲੋੜ ਹੈ। ਪਾਣੀ ਖ਼ਤਮ ਹੋਣ ਕਿਨਾਰੇ ਹੈ। ਨਹਿਰਾਂ ਦਾ ਪਾਣੀ ਖੇਤਾਂ ਤੱਕ ਪਹੁੰਚਾਉਣਾ ਬਹੁਤ ਚੰਗਾ ਉਪਰਾਲਾ ਹੈ ਇਸ ਨੂੰ ਜਲਦੀ ਮੁਕੰਮਲ ਕਰਨ ਦੀ ਲੋੜ ਹੈ। ਸਾਰੀਆਂ ਫ਼ਸਲਾਂ ਦੇ ਮੰਡੀਕਰਨ ਦਾ ਪ੍ਰਬੰਧ ਹੋਵੇ। ਸੜਕਾਂ ਉੱਤੇ ਆਵਾਜਾਈ ਨਿਯਮਬੱਧ ਹੋਵੇ। ਮਗਨਰੇਗਾ ਸਕੀਮ ਦਾ ਸਹੀ ਇਸਤੇਮਾਲ ਕੀਤਾ ਜਾਵੇ। ਮਾਰਕਿਟ ਕਮੇਟੀਆਂ ਅਤੇ ਪੰਚਾਇਤੀ ਵਿਭਾਗ ਦੇ ਕੰਮਾਂ ਉੱਤੇ ਵੀ ਪੂਰੀ ਤਰ੍ਹਾਂ ਗੌਰ ਹੋਵੇ। ਮੁੱਖ ਮੰਤਰੀ ਨੂੰ ਆਪਣੇ ਸਾਰੇ ਵਿਧਾਇਕਾਂ ਵਿੱਚ ਲੋਕ ਪੱਖੀ ਪਿਆਰ ਦਾ ਜਜ਼ਬਾ ਪੈਦਾ ਕਰਨਾ ਪਵੇਗਾ। ਰੰਗਲਾ ਪੰਜਾਬ ਬਣਾਉਣ ਲਈ ਭਾਸ਼ਾ ਤੇ ਸੱਭਿਆਚਾਰਕ ਨੀਤੀ ਬਣਾ ਕੇ ਲਾਗੂ ਕਰਨੀ ਅਤੇ ਰਾਜ ਨੂੰ ਰੁੱਖ ਲਾ ਕੇ ਹਰਿਆ-ਭਰਿਆ ਬਣਾਉਣਾ ਵੀ ਬੇਹੱਦ ਜ਼ਰੂਰੀ ਹੈ।

## ਬਿਜਲੀ ਦਰਾਂ ਵਿੱਚ ਵਾਧੇ ਕਾਰਨ ਪੰਜਾਬ ਵਿੱਚੋਂ ਉਦਯੋਗਾਂ ਦੀ ਹੋਰ ਹਿਜਰਤ ਹੋਣ ਦੀ ਸੰਭਾਵਨਾ

ਲੋਕ ਸਭਾ ਚੋਣਾਂ 'ਚ ਕਈ ਸੀਟਾਂ 'ਤੇ ਮਿਲੀ ਹਾਰ ਦਾ ਗੁੱਸਾ ਮਾਨ ਸਰਕਾਰ ਨੇ ਬਿਜਲੀ ਦੀਆਂ ਦਰਾਂ ਵਧਾ ਕੇ ਪੰਜਾਬੀਆਂ 'ਤੇ ਬੋਝ ਪਾ ਕੇ ਕੱਢਿਆ ਹੈ ਪਰ ਇਹ ਵਾਧਾ ਵਿਧਾਨ ਸਭਾ ਜਿਮਨੀ ਚੋਣਾਂ ਵਿੱਚ ਆਪ ਦਾ ਵੱਡਾ ਨੁਕਸਾਨ ਕਰ ਸਕਦਾ ਹੈ।ਪੰਜਾਬ ਸਰਕਾਰ ਨੇ ਬੀਤੇ ਦਿਨੀਂ ਆਪਣੀਆਂ ਬਿਜਲੀ ਦਰਾਂ ਵਿੱਚ ਵਾਧਾ ਕਰ ਦਿੱਤਾ ਸੀ। ਘਰੇਲੂ ਖਪਤਕਾਰਾਂ ਲਈ ਇਹ ਵਾਧਾ 10 ਪੈਸੇ ਪ੍ਰਤੀ ਯੂਨਿਟ ਜਦੋਂ ਕਿ ਉਦਯੋਗਾਂ ਲਈ 15 ਪੈਸੇ ਪ੍ਰਤੀ ਯੂਨਿਟ ਹੈ । ਇਹ ਦਰਾਂ 16 ਜੂਨ ਤੋਂ ਲਾਗੂ ਹੋਣਗੀਆਂ। ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਵੱਲੋਂ ਬਿਜਲੀ ਨਿਗਮ ਲਈ 2024-25 ਦਾ ਟੈਰਿਫ਼ ਜਾਰੀ ਕਰ ਦਿੱਤਾ ਗਿਆ ਹੈ। ਆਪ ਸਰਕਾਰ ਵੱਲੋਂ ਲੋਕਾਂ 'ਤੇ ਬਿਜਲੀ ਦਰਾਂ ਦਾ ਵਾਧੂ ਬੋਝ ਪਾਉਣ ਕਾਰਨ ਖਪਤਕਾਰਾਂ ਵਿੱਚ 'ਆਪ' ਸਰਕਾਰ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ । ਲੋਕਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਢੌਂਗ ਰਚ ਕੇ ਸੱਤਾ ਵਿੱਚ ਆਈ 'ਆਪ' ਸਰਕਾਰ ਨੇ ਸੂਬਾ ਵਾਸੀਆਂ ਨੂੰ ਬਿਜਲੀ ਦੇ ਝਟਕੇ ਦੇਣੇ ਸ਼ੁਰੂ ਕਰ ਦਿੱਤੇ ਹਨ। ਮੰਦੀ ਦੇ ਦੌਰ ਵਿਚੋਂ ਗੁਜ਼ਰ ਰਹੀਆਂ ਪਹਿਲਾਂ ਹੀ ਕਈ ਸਨਅਤੀ ਇਕਾਈਆਂ ਹਿਜਰਤ ਕਰ ਚੁੱਕੀਆਂ ਹਨ ਅਤੇ ਕਈ ਸਨਅਤੀ ਇਕਾਈਆਂ ਤਿਆਰੀ ਵਿੱਚ ਦੱਸੀਆਂ ਜਾ ਰਹੀਆਂ ਹਨ। ਸਨਅਤਕਾਰਾਂ ਦਾ ਮੰਨਣਾ ਹੈ ਕਿ ਸਨਅਤੀ ਇਕਾਈਆਂ ਵਿੱਚ ਕੰਮ ਕਰਨ ਵਾਲੇ ਕਾਮੇ ਚੋਣਾਂ ਦੌਰਾਨ ਪਿੰਡਾਂ ਨੂੰ ਗਏ ਵਾਪਸ ਨਹੀਂ ਆਏ ਅਤੇ ਬਿਜਲੀ ਦੇ ਲੱਗ ਰਹੇ ਅਣ-ਐਲਾਨੇ ਕੱਟਾਂ ਕਾਰਨ ਸਮੇਂ ਸਿਰ ਮਾਲ ਨਿਰਯਾਤ ਕਰਨ (ਬਾਕੀ ਸਫ਼ਾ 30 'ਤੇ)

# ਨਵੰਬਰ ਤੋਂ ਦਸੰਬਰ ਵਿਚਕਾਰ ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ !

## ਹੁਣ ਤੱਕ ਕੇਵਲ 27,50,000 ਸਿੱਖ ਵੋਟਰ ਬਣਾਏ

## ਵੋਟਰ ਫ਼ਾਰਮ ਭਰਨ ਦੀ ਤਰੀਕ 31 ਜੁਲਾਈ ਤੱਕ ਵਧਾਈ

ਚੰਡੀਗੜ੍ਹ/ਏ.ਟੀ.ਨਿਊਜ਼ : ਲਗਭਗ 3 ਸਾਲ ਪਹਿਲਾਂ 1 ਜੁਲਾਈ 2021 ਨੂੰ ਬਤੌਰ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਅਹੁਦੇ ਦਾ ਚਾਰਜ ਸੰਭਾਲਣ ਉਪਰੰਤ ਸੇਵਾ ਮੁਕਤ ਜੱਜ ਜਸਟਿਸ ਐਸ.ਐਸ. ਸਾਰੋਂ ਨੇ ਪਿਛਲੇ ਸਾਲ 21 ਅਕਤੂਬਰ ਤੋਂ ਪੰਜਾਬ ਦੇ ਲੱਖਾਂ ਸਿੱਖ ਮਰਦ ਤੇ ਸਿੱਖ ਬੀਬੀਆਂ ਦੀਆਂ ਵੋਟਾਂ ਬਣਾਉਣ ਦਾ ਵੱਡਾ ਕੰਮ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਸ਼ੁਰੂ ਕੀਤਾ ਸੀ।

ਹੁਣ ਤਕ ਕੇਵਲ 27,50,000 ਤੋਂ ਵੱਧ ਵੋਟਰ ਫ਼ਾਰਮ ਭਰੇ ਗਏ ਹਨ। ਚੋਣ ਕਮਿਸ਼ਨ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਿੱਖ ਵੋਟਰਾਂ ਦੇ ਫ਼ਾਰਮ ਭਰਨ ਦਾ ਸਿਲਸਿਲਾ ਜੋ ਲੋਕ ਸਭਾ ਚੋਣਾਂ ਕਾਰਨ ਬੰਦ ਹੋ ਗਿਆ ਸੀ, ਉਹ ਢਾਈ ਮਹੀਨੇ ਬਾਅਦ ਫਿਰ ਸ਼ੁਰੂ ਕੀਤਾ ਜਾ ਰਿਹਾ ਹੈ। ਇਕ ਸੀਨੀਅਰ



ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵੋਟਰ ਫ਼ਾਰਮ ਭਰਨ ਦੀ ਆਖ਼ਰੀ ਤਰੀਕ 31 ਜੁਲਾਈ ਤੱਕ ਵਧਾ ਦਿੱਤੀ ਹੈ।

ਜਿਸ ਉਪਰੰਤ ਅਗਸਤ ਤੇ ਸਤੰਬਰ ਵਿੱਚ ਵੋਟਰ ਲਿਸਟਾਂ ਤਿਆਰ ਕਰ ਕੇ ਜ਼ਿਲ੍ਹਾ ਤਹਿਸੀਲ ਬਲਾਕ ਅਤੇ ਹੋਰ ਮਹੱਤਵਪੂਰਨ ਥਾਵਾਂ ’ਤੇ ਲਗਾ ਦਿੱਤੀਆਂ ਜਾਣਗੀਆਂ ਤਾਂਕਿ ਕਿਸੇ ਵੀ ਤਰ੍ਹਾਂ ਦੇ ਇਤਰਾਜ਼, ਸ਼ਿਕਾਇਤਾਂ ਤੇ ਹੋਰ ਵੇਰਵੇ ਪ੍ਰਾਪਤ ਕਰ ਕੇ ਲਿਸਟਾਂ ਵਿੱਚ ਸੋਧ ਕੀਤੀ ਜਾਵੇ।

ਅਧਿਕਾਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਪੈਂਦੀਆਂ 110 ਸੀਟਾਂ ’ਤੇ ਅੰਦਾਜ਼ਨ 60 ਲੱਖ ਸਿੱਖ ਵੋਟਰ ਫ਼ਾਰਮ ਭਰਨ ਦੀ ਆਸ ਸੀ ਪਰ 21 ਸਾਲ ਤੋਂ ਉਪਰ ਸਿੱਖ ਵੋਟਰਾਂ ਨੇ ਕੇਵਲ ਅੱਧੇ ਮਰਦਾਂ ਤੇ ਬੀਬੀਆਂ ਨੇ ਦਿਲਚਸਪੀ ਦਿਖਾਈ ਹੈ।ਸੀਨੀਅਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਹਰਿਆਣਾ ਦੀ ਵੱਖਰੀ ਕਮੇਟੀ ਬਣਨ ਕਰ ਕੇ ਪੁਰਾਣੀ ਸ਼੍ਰੋਮਣੀ ਕਮੇਟੀ ਦੀਆਂ ਕੁਲ 120 ਸੀਟਾਂ ਵਿਚੋਂ 8 ਸੀਟਾਂ ਹਰਿਆਣੇ ਦੀਆਂ ਕੱਟ ਗਈਆਂ ਹਨ ਅਤੇ ਪੰਜਾਬ ਦੀਆਂ 110 ਸੀਟਾਂ ਤੋਂ 157 ਮੈਂਬਰ ਚੁਣੇ ਜਾਣਗੇ ਕਿਉਂਕਿ 47 ਸੀਟਾਂ ਦੋਹਰੀ ਮੈਂਬਰਸ਼ਿਪ ਵਾਲੀਆਂ ਹਨ। ਚੰਡੀਗੜ੍ਹ ਯੂ.ਟੀ. ਤੇ ਹਿਮਾਚਲ ਤੋਂ 1-1 ਮੈਂਬਰ ਚੁਣਨਾ ਹੈ।

ਕੁਲ 159 ਮੈਂਬਰਾਂ ਦਾ ਹਾਊਸ ਹੋਵੇਗਾ। ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੁੜ ਤੋਂ ਸੰਪਰਕ ਕਰ ਕੇ ਪਟਵਾਰੀਆਂ ਰਾਹੀਂ ਸਿੱਖ ਵੋਟਰ ਫ਼ਾਰਮ ਰਹਿੰਦੇ ਡੇਢ ਮਹੀਨੇ ਵਿੱਚ ਭਰਵਾ ਕੇ ਇਹ ਗਿਣਤੀ 30 ਲੱਖ ਤੱਕ ਪਹੁੰਚਾਉਣ ਦਾ ਟੀਚਾ ਸਰ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਾਸਤੇ ਚੋਣਾਂ ਨਵੰਬਰ ਦਸੰਬਰ ਵਿੱਚ ਹੋਣ ਦੀ ਪੱਕੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਇਹ ਚੋਣਾਂ ਸਤੰਬਰ 2011 ਵਿੱਚ ਹੋਈਆਂ ਸਨ।

## ਦਰਬਾਰ ਸਾਹਿਬ ’ਚ ਰੀਲ ਬਣਾਉਣ ’ਤੇ ਸ਼੍ਰੋਮਣੀ ਕਮੇਟੀ ਨੇ ਲਾਈ ਪਾਬੰਦੀ




ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਸਥਿਤ ਦਰਬਾਰ ਸਾਹਿਬ ਦੀ ਹਦੂਦ ਅੰਦਰ ਰੀਲਜ਼ ਬਣਾਉਣ ਜਾਂ ਫ਼ੋਟੋਆਂ ਖਿੱਚਣ ’ਤੇ ਪਾਬੰਦੀ ਲਗਾ ਦਿਤੀ ਹੈ। ਇਹ ਪਾਬੰਦੀ ਅੱਜ ਤੋਂ ਲਾਗੂ ਹੋ ਗਈ ਹੈ। ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ ਨੇ ਕਿਹਾ ਕਿ ਇਹ ਪਾਬੰਦੀ ਇਸ ਲਈ ਲਗਾਈ ਗਈ ਹੈ ਕਿਉਂਕਿ ਇੰਟਰਨੈੱਟ ਮੀਡੀਆ ਦੇ ਵੱਖ-ਵੱਖ ਪਲੇਟਫ਼ਾਰਮਾਂ ਵੱਲੋਂ ਪਵਿੱਤਰ ਸਥਾਨ ਨੂੰ ਪਿਕਨਿਕ ਸਪਾਟ ਜਾਂ ਸੈਲਫ਼ੀ ਪੁਆਇੰਟ ਵਜੋਂ ਵਰਤਿਆ ਜਾਂਦਾ ਹੈ।

ਕਈ ਵਾਰ ਸੋਸ਼ਲ ਮੀਡੀਆ ’ਤੇ ਅਜਿਹੀਆਂ ਰੀਲਾਂ ਦੇਖਣ ਨੂੰ ਮਿਲਦੀਆਂ ਹਨ ਜੋ ਦਰੁਸਤ ਨਹੀਂ ਹੁੰਦੀਆਂ। ਪਿਛਲੇ ਸਮੇਂ ’ਚ ਕੁੱਝ ਅਜਿਹੀਆਂ ਰੀਲਾਂ ਸਾਹਮਣੇ ਆਈਆਂ ਜਿਨ੍ਹਾਂ ਨੂੰ ਦੇਖ ਕੇ ਆਮ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚੀ ਸੀ ਇਸ ਲਈ ਮਜਬੂਰਨ ਅਜਿਹਾ ਕਦਮ ਚੁਕਣਾ ਪਿਆ।

ਅੰਮ੍ਰਿਤਸਰ ’ਚ ਸਥਿਤ ਗੋਲਡਨ ਟੈਂਪਲ ਨੂੰ ਸ੍ਰੀ ਹਰਿਮੰਦਰ ਸਾਹਿਬ ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਪੈਰੋਕਾਰਾਂ ਦਾ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਅਤੇ ਸਭ ਤੋਂ ਪ੍ਰਮੁੱਖ ਗੁਰਦੁਆਰਾ ਹੈ। ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ’ਚ ਦੇਸ਼ ਦੀਆਂ ਵੱਖ-ਵੱਖ ਜਗ੍ਹਾ ਤੋਂ ਸੈਲਾਨੀ ਸ੍ਰੀ ਦਰਬਾਰ ਸਾਹਿਬ ਆਉਂਦੇ ਹਨ। ਭਾਵੇਂ ਹੁਣ ਤੱਕ ਇਸ ਤਰ੍ਹਾਂ ਦੀ ਪਾਬੰਦੀ ਨਹੀਂ ਸੀ ਪਰ ਪਿਛਲੇ ਸਮੇਂ ’ਚ ਕੁੱਝ ਅਜਿਹੀਆਂ ਰੀਲਾਂ ਸਾਹਮਣੇ ਆਈਆਂ ਜਿਨ੍ਹਾਂ ਨੂੰ ਦੇਖ ਕੇ ਆਮ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚੀ ਸੀ ਇਸ ਲਈ ਮਜਬੂਰਨ ਅਜਿਹਾ ਕਦਮ ਚੁਕਣਾ ਪਿਆ।

## ਪਹਾੜਾਂ ’ਚ ਘੁੰਮਣ ਗਏ ਪੰਜਾਬੀ ਐਨ.ਆਰ.ਆਈ. ਜੋੜੇ ਨਾਲ ਕੁੱਟਮਾਰ

### ਕਿਹਾ- ਕੰਗਨਾ ਵਾਲੇ ਮਾਮਲੇ ਕਰ ਕੇ ਜਾਣਬੁੱਝ ਕੇ ਕੀਤਾ ਟਾਰਗੇਟ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਹਾੜਾਂ ਦੀ ਸੈਰ ਕਰਨ ਗਏ ਸਪੈਨਿਸ਼ ਜੋੜੇ ਨਾਲ ਕੁੱਟਮਾਰ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਕੰਗਨਾ ਰਣੌਤ ਵਾਲੇ ਮਾਮਲੇ ਤੋਂ ਬਾਅਦ ਪੰਜਾਬੀਆਂ ਨੂੰ ਜਾਣਬੁੱਝ ਕੇ ਟਾਰਗੇਟ ਕੀਤਾ ਜਾ ਰਿਹਾ ਹੈ। ਦੱਸ ਦਈਏ ਪੀੜਤ ਪੰਜਾਬੀ ਪਰਿਵਾਰ ਸਪੇਨ ਵਿੱਚ ਰਹਿੰਦਾ ਸੀ ਤੇ ਆਪਣਾ ਸਭ ਕੁੱਝ ਉੱਥੇ ਛੱਡ ਕੇ ਪੰਜਾਬ ਵਿੱਚ ਅਪਣਾ ਕੰਮ ਕਰਨ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਲਈ ਆਇਆ ਸੀ।

ਪਰ ਦੋ ਦਿਨ ਪਹਿਲੇ ਉਹ ਹਿਮਾਚਲ ਦੇ ਡਲਹੌਜ਼ੀ ਇਲਾਕੇ ਵਿੱਚ ਘੁੰਮਣ ਗਿਆ ਸੀ ਜਿਥੇ ਪਾਰਕਿੰਗ ਨੂੰ ਲੈ ਕੇ ਪਾਰਕਿੰਗ ਦੇ ਠੇਕੇਦਾਰ ਨਾਲ ਬਹਿਸਬਾਜ਼ੀ ਹੋ ਗਈ ਅਤੇ ਪਾਰਕਿੰਗ ਦੇ ਠੇਕੇਦਾਰ ਨੇ ਸੌ ਤੋਂ ਵੱਧ ਬੰਦਾ ਇਕੱਠਾ ਕਰ ਕੇ ਐੱਨ. ਆਰ. ਆਈ. ਪਰਿਵਾਰ ’ਤੇ ਹਮਲਾ ਕੀਤਾ। ਜਿਸ ’ਚ ਐੱਨ. ਆਰ. ਆਈ. ਪਰਿਵਾਰ ਦੇ ਮੁਖੀ ਖੁਦ ਤੇ ਉਸ ਦਾ ਭਰਾ ਇੰਨੀ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਏ ਕਿ ਪਰਿਵਾਰ ਦਾ ਮੁਖੀ ਦੋ ਦਿਨ ਕੋਮਾ ’ਚ ਰਿਹਾ। ਤਿੰਨ ਦਿਨ ਬਾਅਦ ਜਦੋਂ ਉਸ ਨੂੰ ਹੋਸ਼ ਆਇਆ ਤਾਂ ਐੱਨ. ਆਰ. ਆਈ. ਜੋੜੇ ਨੇ ਮੀਡੀਆ ਨਾਲ ਗੱਲਬਾਤ ਸਾਂਝੀ ਕੀਤੀ।



ਇਸ ਦੌਰਾਨ ਐੱਨ. ਆਰ. ਆਈ. ਮਹਿਲਾ ਨੇ ਦੱਸਿਆ ਕਿ ਉਹ ਤੇ ਉਸ ਦਾ ਪਤੀ ਅਤੇ ਉਸ ਦਾ ਦੇਵਰ ਹਿਮਾਚਲ ਘੁੰਮਣ ਗਏ ਸਨ ਜਿੱਥੇ ਪਾਰਕਿੰਗ ਨੂੰ ਲੈ ਕੇ ਠੇਕੇਦਾਰ ਨਾਲ ਉਸ ਦੇ ਪਤੀ ਤੇ ਦਿਓਰ ਦੀ ਬਹਿਸਬਾਜ਼ੀ ਹੋ ਗਈ ਤੇ ਉਨ੍ਹਾਂ ਤੇ ਹਮਲਾ ਕਰ ਦਿੱਤਾ ਗਿਆ।

ਉਸ ਨੇ ਦੱਸਿਆ ਕਿ ਠੇਕੇਦਾਰ ਨੇ ਉਹਨਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਜਿਸ ਦੇ ਚੱਲਦਿਆਂ ਉਹ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ।

ਔਰਤ ਵੱਲੋਂ ਲੜਾਈ ਝਗੜੇ ਦੀ ਵੀਡੀਓ ਵੀ ਬਣਾਈ ਗਈ ਸੀ ਪਰ ਹਿਮਾਚਲ ਦੀ ਪੁਲਿਸ ਨੇ ਇਹ ਵੀਡੀਓ ਡਿਲੀਟ ਕਰਵਾ ਦਿੱਤੀ। ਔਰਤ ਨੇ ਕਿਹਾ ਕਿ ਪੁਲਿਸ ਦੇ ਦਖਲ ਦੇਣ ਮਗਰੋਂ ਉਹਨਾਂ ਦਾ ਬਚਾਅ ਹੋਇਆ ਪਰ ਕੋਈ ਵੀ ਸੁਣਵਾਈ ਨਹੀਂ ਕੀਤੀ ਗਈ ਜਿਸ ਦੇ ਚਲਦਿਆਂ ਉਸ ਨੇ ਆਪਣੇ ਪਤੀ ਤੇ ਆਪਣੇ ਦੇਵਰ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਹੁਣ ਐੱਨ. ਆਰ. ਆਈ. ਪਰਿਵਾਰ ਨੇ ਪੁਲਿਸ ਪ੍ਰਸ਼ਾਸਨ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ।

## ਬਿਹਾਰ ’ਚ ਸਿੱਖ ਨੌਜਵਾਨ ਦਾ ਪਾੜਿਆ ਸਿਰ, ਪੰਜ ਟਾਂਕੇ ਲੱਗੇ

ਬਕਸਰ(ਬਿਹਾਰ)/ਏ.ਟੀ.ਨਿਊਜ਼: ਫ਼ਿਰਕਾਪ੍ਰਸਤੀ ਵਾਲੀ ਸੋਚ ਅਤੇ ਨਸਲੀ ਟਿਪਣੀਆਂ ਦੀ ਸ਼ੋਸ਼ਲ ਮੀਡੀਆ ’ਤੇ ਬਹੁਤਾਤ ਕਾਰਨ ਘੱਟ ਗਿਣਤੀਆਂ ਨਾਲ ਸਬੰਧਿਤ ਵਰਗ ਨੂੰ ਇਸ ਦਾ ਸੰਤਾਪ ਭੋਗਣਾ ਪੈ ਰਿਹਾ ਹੈ। ਗੁਆਂਢੀ ਰਾਜ ਹਰਿਆਣੇ ਦੇ ਜ਼ਿਲ੍ਹੇ ਕੈਥਲ ਵਿਖੇ ਇੱਕ ਸਿੱਖ ਨੌਜਵਾਨ ਨੂੰ ਗਲਤ ਸ਼ਬਦ ਕਹਿ ਕੇ ਚਿੜ੍ਹਾਉਣ ਅਤੇ ਫਿਰ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੀ ਅਖ਼ਬਾਰਾਂ ਦੀ ਸੁਰਖੀਆਂ ਬਣੀ ਖ਼ਬਰ ਦੀ ਅਜੇ ਸਿਹਾਈ ਵੀ ਨਹੀਂ ਸੀ ਸੁੱਕੀ ਕਿ ਹੁਣ ਬਿਹਾਰ ਦੇ ਬਕਸਰ ਜ਼ਿਲ੍ਹੇ ਵਿੱਚ ਇੱਕ ਹੋਰ ਸਿੱਖ ਨੌਜਵਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਉਸ ਨੂੰ ਜ਼ਖ਼ਮੀ ਕਰਨ ਦੀ ਖ਼ਬਰ ਮਿਲੀ ਹੈ। ਸਿੱਖ ਨੌਜਵਾਨ ਦੇਪੇਂਦਰ ਸਿੰਘ ਕਾਕਾ ਵਾਸੀ ਪੰਜਾਬੀ ਮੁਹੱਲਾ ਸਿਵਲ ਲਾਈਨਜ਼ ਬਕਸਰ (ਬਿਹਾਰ) ਦਾ ਪੱਥਰ ਮਾਰ-ਮਾਰ ਕੇ ਸਿਰ ਪਾੜ ਦਿਤਾ ਗਿਆ ਤੇ ਉਸ ਦੇ ਸਿਰ ਵਿੱਚ ਪੰਜ ਟਾਂਕੇ ਲੱਗੇ, ਹਮਲਾਵਰਾਂ ਉਪਰ ਸੰਗੀਨ ਧਾਰਾਵਾਂ ਤਹਿਤ ਮਾਮਲਾ



ਦਰਜ ਹੋ ਗਿਆ ਪਰ ਹੁਣ ਉਸ ਉਪਰ ਰਾਜ਼ੀਨਾਮਾ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਹੈ। ਪੀੜਤ ਦੇਪੇਂਦਰ ਸਿੰਘ ਕਾਕਾ ਮੁਤਾਬਕ ਉਸ ਨੂੰ ਸ਼ਾਮ ਸਮੇਂ ਤਿੰਨ ਲੜਕਿਆਂ ਨੇ ਲੁੱਟਣ ਦੀ ਕੋਸ਼ਿਸ਼ ਕਰਨ ਮੌਕੇ ਧਮਕੀ ਦਿਤੀ ਅਤੇ ਮੇਰੇ ਵਲੋਂ ਵਿਰੋਧ ਕਰਨ ’ਤੇ ਉਨ੍ਹਾਂ ਹਮਲਾ ਕਰ ਦਿਤਾ। ਪੀੜਤ ਮੁਤਾਬਕ ਉਸ ਨੇ ਤਿੰਨਾਂ ਹਮਲਾਵਰਾਂ ਦਾ ਨਾਮ ਲਿਖ ਕੇ ਪੁਲਿਸ ਨੂੰ ਸ਼ਿਕਾਇਤ ਕੀਤੀ ਤਾਂ ਮਾਮਲਾ ਦਰਜ ਹੋ ਗਿਆ। ਪੀੜਤ ਕਾਕਾ ਨੇ ਦਸਿਆ ਕਿ ਉਕਤ ਲੜਕੇ ਪਹਿਲਾਂ ਵੀ ਉਸ ਉੱਪਰ ਹਮਲਾ ਕਰ ਚੁੱਕੇ ਹਨ ਤੇ ਫਿਰ ਰਾਜ਼ੀਨਾਮੇ ਦਾ ਦਬਾਅ ਬਣਾ ਕੇ ਜਬਰੀ ਸਮਝੌਤਾ ਕਰਵਾ ਦਿੱਤਾ ਜਾਂਦਾ ਹੈ ਪਰ ਇਸ ਵਾਰ ਉਸ ਨੇ ਸਮਝੌਤੇ ਤੋਂ ਇਨਕਾਰ ਕਰਦਿਆਂ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਇਸ ਮਾਮਲੇ ਵਿੱਚ ਹੀ ਬਕਸਰ ਜ਼ਿਲ੍ਹੇ ਦੇ ਐਸਐਸਪੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿਵਾਇਆ। ਸਚਖੰਡ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਹਰਮੀਤ ਸਿੰਘ ਪਿੰਕਾ ਨੇ ਆਖਿਆ ਕਿ ਸਿੱਖਾਂ ਨਾਲ ਬੇਗਾਨਗੀ ਵਾਲੇ ਸਲੂਕ ਦੀਆਂ ਘਟਨਾਵਾਂ ਪਿਛੇ ਬਹੁਤ ਵੱਡੀ ਸਾਜ਼ਸ਼ ਹੈ ਤੇ ਇਸ ਲਈ ਸਾਰਿਆਂ ਨੂੰ ਏਕਤਾ ਦਾ ਸਬੂਤ ਦਿੰਦਿਆਂ ਅਜਿਹੀਆਂ ਸਮਾਜ ਵਿਰੋਧੀ ਸ਼ਕਤੀਆਂ ਦਾ ਮੁਕਾਬਲਾ ਰਲ ਕੇ ਕਰਨਾ ਪਵੇਗਾ। ਉਂਝ ਉਨ੍ਹਾਂ ਦੇਪੇਂਦਰ ਸਿੰਘ ਕਾਕਾ ਨੂੰ ਇਨਸਾਫ਼ ਦਿਵਾਉਣ ਦਾ ਵਿਸ਼ਵਾਸ ਦਿਵਾਇਆ ਹੈ।

## ਸਰਕਾਰ ਦੀ ਬੇਰੁਖ਼ੀ ਕਾਰਨ ਸਿੱਖ ਇਤਿਹਾਸ ਦੀਆਂ ਪੁਸਤਕਾਂ ਹੋ ਰਹੀਆਂ ਨੇ ਖ਼ਤਮ

ਸੂਬੇ ਵਿਚਲੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਬੇਰੁਖ਼ੀ ਕਾਰਨ ਭਾਸ਼ਾ ਵਿਭਾਗ ਪੰਜਾਬ ਦਾ ਇਤਿਹਾਸਕ ਖਜ਼ਾਨਾ ਖਤਮ ਹੋ ਰਿਹਾ ਹੈ। ਵਿਭਾਗ ਦੇ ਕੁਝ ਅਹਿਮ ਸੈਕਸ਼ਨ ਤਾਂ ਬਿਨਾਂ ਸਾਹਿਤਕ ਸਮੱਗਰੀ ਤੋਂ ਖਾਲੀ ਹੋ ਚੁੱਕੇ ਹਨ ਜਿਨ੍ਹਾਂ ਵਿੱਚ ਬਾਲ ਸਾਹਿਤ ਵਿਭਾਗ ਦਾ ਨਾਮ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੈ। ਸਾਹਿਤ ਤੇ ਸਿੱਖ ਇਤਿਹਾਸ ਬਾਰੇ 80 ਤੋਂ ਵੱਧ ਕਿਤਾਬਾਂ ਖ਼ਤਮ ਹੋਏ ਨੂੰ ਕਿੰਨਾ ਸਮਾਂ ਬੀਤ ਚੁੱਕਾ ਹੈ ਜਿਨ੍ਹਾਂ ਵਿੱਚ ਪੰਜਾਬ ਦੀਆਂ ਲੋਕ ਕਹਾਣੀਆਂ, ਖ਼ਾਲਸਾ ਰਾਜ ਦੇ ਅਹਿਮ ਦਸਤਾਵੇਜ਼ ਤੇ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਦਾ ਨਾਮ ਅਹਿਮ ਹੈ। ਇਸੇ ਤਰ੍ਹਾਂ 100 ਦੇ ਕਰੀਬ ਅਣਛਪੇ ਖਰੜੇ ਵਿਭਾਗ ਦੀਆਂ ਅਲਮਾਰੀਆਂ ’ਚ ਬੰਦ ਪਏ ਹਨ, ਜਿਨ੍ਹਾਂ ਨੂੰ ਛਾਪਣ ਲਈ ਨਾ ਤਾਂ ਵਿਭਾਗ ਵੱਲੋਂ ਉਪਰਾਲਾ ਹੁੰਦਾ ਨਜ਼ਰ ਆਇਆ ਹੈ ਅਤੇ ਨਾ ਹੀ ਸੂਬਾ ਸਰਕਾਰ ਵਲੋਂ ਗੰਭੀਰਤਾ ਵਿਖਾਈ ਜਾ ਰਹੀ ਹੈ। ਇਨ੍ਹਾਂ ਖਰੜਿਆਂ ’ਚ ਵਿਸ਼ਵ ਕਲਾਸਿਕ ਸਾਹਿਤ ਵਰਗੀ ਸਮੱਗਰੀ ਵੀ ਬਿਨਾਂ ਛਪਣ ਤੋਂ ਪਈ ਹੈ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਜੋ ਕਿਤਾਬਾਂ ਇਸ ਸਰਕਾਰੀ ਵਿਭਾਗ ਲਈ ਕਮਾਈ ਦਾ ਸਾਧਨ ਹਨ ਉਨ੍ਹਾਂ ਨੂੰ ਵੀ ਮੁੜ ਕਿਉਂ ਨਹੀਂ ਛਾਪਿਆ ਗਿਆ। ਪੰਜਾਬ ਦੇ ਹਰੇਕ ਜ਼ਿਲ੍ਹੇ ’ਚ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਜ਼ਿਲ੍ਹਾ ਭਾਸ਼ਾ ਅਫ਼ਸਰ ਹੁੰਦੇ ਹਨ ਪਰ ਵਿਭਾਗ ਦੀ ਬਦਕਿਸਮਤੀ ਇਹ ਰਹੀ ਹੈ ਕਿ ਜੋ ਜ਼ਿਲ੍ਹਾ ਭਾਸ਼ਾ ਅਫਸਰ ਸੇਵਾ ਮੁਕਤ ਹੋ ਗਿਆ ਉਸ ਦੀ ਜਗ੍ਹਾ ’ਤੇ ਨਵੀਂ ਭਰਤੀ ਨਹੀਂ ਹੋਈ ਸਗੋਂ ਸਿੱਖਿਆ ਵਿਭਾਗ ਤੋਂ ਅਧਿਆਪਕਾਂ ਨੂੰ ਡੈਪੂਟੇਸ਼ਨ ’ਤੇ ਲਿਆ ਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਤਾਇਨਾਤ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਭਾਸ਼ਾ ਵਿਭਾਗ ਦੇ ਕੋਲੋਂ ਸਿੱਖ ਧਰਮ ਤੇ ਇਤਿਹਾਸ ਬਾਰੇ ਦਸਤਾਵੇਜ਼ ਪ੍ਰਾਪਤ ਕਰਕੇ ਸਾਂਭੇ ਤੇ ਮੁੜ ਛਪਾਵੇ।

# ਸੰਪਾਦਕੀ

19 ਜੂਨ ਤੋਂ 25 ਜੂਨ, 2024

## ਸਿੱਖਾਂ ’ਤੇ ਹਮਲੇ : ਦੋਸ਼ੀਆਂ ਵਿਰੁੱਧ ਕਦੋਂ ਹੋਵੇਗੀ ਕਾਰਵਾਈ?

ਲੰਘੇ ਦਿਨਾਂ ਦੌਰਾਨ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਸਿੱਖਾਂ ’ਤੇ ਹਮਲਿਆਂ ਦੀਆਂ ਘਟਨਾਵਾਂ ਵਾਪਰੀਆਂ ਹਨ। ਇੱਕ ਘਟਨਾ ਹਰਿਆਣਾ ਦੇ ਕੈਥਲ ਵਿੱਚ ਫਿਰਕੂ ਅਨਸਰਾਂ ਵੱਲੋਂ ਇੱਕ ਸਿੱਖ ਨੌਜਵਾਨ ਦੀ ਕੁੱਟਮਾਰ ਦੀ ਵਾਪਰੀ ਹੈ, ਜਿਸ ਵਿੱਚ ਫਿਰਕੂ ਅਨਸਰਾਂ ਵੱਲੋਂ ਉਸ ਸਿੱਖ ਨੌਜਵਾਨ ਨੂੰ ਖ਼ਾਲਿਸਤਾਨੀ ਕਹਿ ਕੇ ਕੁੱਟਮਾਰ ਕਰਕੇ ਜਖ਼ਮੀ ਕਰ ਦਿੱਤਾ ਗਿਆ ਅਤੇ ਉਸ ਨੂੰ ਸੰਨ ਚੁਰਾਸੀ ਮੁੜ ਦੁਹਰਾਉਣ ਦੀ ਧਮਕੀ ਵੀ ਦਿੱਤੀ ਗਈ। ਇੱਕ ਹੋਰ ਘਟਨਾ ਉਤਰਾਖੰਡ ਵਿੱਚ ਸਥਿਤ ਗੁਰਦੁਆਰਾ ਰੀਠਾ ਸਾਹਿਬ ਨੇੜੇ ਵਾਪਰੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਗੁਰਦੁਆਰਾ ਰੀਠਾ ਸਾਹਿਬ ਜਾ ਰਹੇ ਸ਼ਰਧਾਲੂਆਂ ’ਤੇ ਗੁੰਡਾ ਅਨਸਰਾਂ ਨੇ ਹਮਲਾ ਕਰ ਦਿੱਤਾ, ਜਿਸ ਕਾਰਨ ਕੁਝ ਸ਼ਰਧਾਲੂ ਜਖ਼ਮੀ ਹੋ ਗਏ।

ਅਖ਼ਬਾਰਾਂ ਦੀਆਂ ਸੁਰਖੀਆਂ ਬਣੀਆਂ ਇਹਨਾਂ ਖ਼ਬਰਾਂ ਦੀ ਅਜੇ ਸਿਹਾਈ ਵੀ ਨਹੀਂ ਸੀ ਸੁੱਕੀ ਕਿ ਬਿਹਾਰ ਦੇ ਬਕਸਰ ਜ਼ਿਲ੍ਹੇ ਵਿੱਚ ਇੱਕ ਹੋਰ ਸਿੱਖ ਨੌਜਵਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਉਸ ਨੂੰ ਜ਼ਖ਼ਮੀ ਕਰਨ ਦੀ ਖ਼ਬਰ ਆ ਗਈ। ਵੱਖ- ਵੱਖ ਸਿੱਖ ਆਗੂਆਂ ਵੱਲੋਂ ਇਹਨਾਂ ਘਟਨਾਂਵਾਂ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸੇ ਦੌਰਾਨ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਇੱਕ ਐਨ.ਆਰ.ਆਈ. ਪੰਜਾਬੀ ਪਰਿਵਾਰ ਨਾਲ ਵੀ ਕੁੱਟਮਾਰ ਦੀ ਘਟਨਾ ਵਾਪਰੀ ਹੈ। ਇਸ ਪਰਿਵਾਰ ਅਨੁਸਾਰ ਉਹ ਵਿਦੇਸ਼ ਤੋਂ ਪੰਜਾਬ ਵਿੱਚ ਨਵੇਂ ਉਦਯੋਗ ਲਗਾਉਣ ਆਏ ਸਨ ਤਾਂ ਕਿ ਪੰਜਾਬੀਆਂ ਨੂੰ ਰੁਜ਼ਗਾਰ ਮਿਲ ਸਕੇ। ਇਸੇ ਦੌਰਾਨ ਉਹ ਹਿਮਾਚਲ ਪ੍ਰਦੇਸ਼ ਵਿੱਚ ਘੁੰਮਣ ਆ ਗਏ ਪਰ ਇਥੇ ਪਾਰਕਿੰਗ ਦੇ ਠੇਕੇਦਾਰ ਅਤੇ ਉਸਦੇ ਸਾਥੀਆਂ ਵੱਲੋਂ ਉਹਨਾਂ ਦੀ ਕੁੱਟਮਾਰ ਕੀਤੀ ਗਈ। ਹੁਣ ਸਵਾਲ ਇਹ ਉਠਦਾ ਹੈ ਕਿ ਸਿੱਖਾਂ ਅਤੇ ਪੰਜਾਬੀਆਂ ਖ਼ਿਲਾਫ਼ ਅਜਿਹੀਆਂ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ ?

ਅਸਲ ਵਿੱਚ ਸਾਲ 2014 ਤੋਂ ਜਦੋਂ ਤੋਂ ਭਾਰਤ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਭਾਜਪਾ ਸਰਕਾਰ ਬਣੀ, ਉਦੋਂ ਤੋਂ ਹੀ ਭਾਰਤ ਵਿੱਚ ਘੱਟ ਗਿਣਤੀਆਂ ਖ਼ਿਲਾਫ਼ ਭਾਜਪਾ ਦੇ ਹੀ ਕੁਝ ਆਗੂ ਜ਼ਹਿਰ ਉਗਲਦੇ ਆ ਰਹੇ ਹਨ। ਇਸ ਸਮੇਂ ਭਾਵੇਂ ਭਾਰਤ ਵਿੱਚ ਨਿਰੋਲ ਭਾਜਪਾ ਸਰਕਾਰ ਨਹੀਂ ਬਣ ਸਕੀ ਅਤੇ ਮੋਦੀ ਸਰਕਾਰ ਗਠਜੋੜ ਸਹਾਰੇ ਬਣੀ ਹੈ ਪਰ ਫਿਰ ਵੀ ਭਾਜਪਾ ਆਗੂ ਅਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਇਲਾਕੇ ਤੋਂ ਨਵੀਂ ਬਣੀ ਸਾਂਸਦ ਕੰਗਨਾ ਰਣੌਤ ਵੱਲੋਂ ਚੰਡੀਗੜ੍ਹ ਏਅਰਪੋਰਟ ’ਤੇ ਉਸ ਨਾਲ ਵਾਪਰੀ ਇੱਕ ਘਟਨਾ ਤੋਂ ਬਾਅਦ ਵਾਰ ਵਾਰ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਅੱਤਵਾਦੀ ਕਿਹਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਭਾਜਪਾ ਆਗੂ ਵੱਖ- ਵੱਖ ਸਮੇਂ ਸਿੱਖਾਂ ਖ਼ਿਲਾਫ਼ ਭੜਕਾਊ ਬਿਆਨਬਾਜੀ ਕਰਦੇ ਰਹਿੰਦੇ ਹਨ, ਜਿਸ ਕਾਰਨ ਕਈ ਵਾਰ ਮਾਹੌਲ ਗਰਮ ਹੋ ਜਾਂਦਾ ਹੈ।

ਸੰਨ ਚੁਰਾਸੀ ਵਿੱਚ ਸਿੱਖਾਂ ਨਾਲ ਜੋ ਦੁਖਾਂਤ ਵਾਪਰਿਆ ਸੀ, ਸਿੱਖ ਉਸ ਨੂੰ ਕਦੇ ਨਹੀਂ ਭੁਲਣਗੇ। ਸਿੱਖਾਂ ਨੂੰ ਅਜੇ ਤੱਕ ਚੁਰਾਸੀ ਸਿੱਖ ਨਸਲਕੁਸ਼ੀ ਮਾਮਲੇ ਵਿੱਚ ਇਨਸਾਫ਼ ਨਹੀਂ ਮਿਲਿਆ ਅਤੇ ਅਜੇ ਤੱਕ ਇਸ ਨਸਲਕੁਸ਼ੀ ਦੇ ਅਸਲ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਸਿੱਖ ਦੰਗਾ ਪੀੜ੍ਹਤ ਅਜੇ ਵੀ ਇਨਸਾਫ਼ ਲਈ ਭਟਕ ਰਹੇ ਹਨ। ਭਾਰਤ ਦੀਆਂ ਅਦਾਲਤਾਂ ਪੀੜ੍ਹਤ ਸਿੱਖਾਂ ਨੂੰ ਨਿਆਂ ਦੇਣ ਵਿੱਚ ਅਸਫ਼ਲ ਸਾਬਿਤ ਹੋਈਆਂ ਹਨ। ਸੰਨ ਚੁਰਾਸੀ ਦੀ ਸਿੱਖ ਨਸਲਕੁਸ਼ੀ ਲਈ ਸਿੱਖਾਂ ਨੇ ਅਜੇ ਤੱਕ ਕਾਂਗਰਸ ਨੂੰ ਮੁਆਫ਼ ਨਹੀਂ ਕੀਤਾ। ਭਾਵੇਂ ਕਿ ਪਿਛਲੇ ਸਮੇਂ ਦੌਰਾਨ ਕਾਂਗਰਸ ਨੇ ਸਿੱਖਾਂ ਨੂੰ ਕਾਂਗਰਸ ਨਾਲ ਜੋੜਨ ਲਈ ਬਹੁਤ ਯਤਨ ਕੀਤੇ ਪਰ ਉਹ ਕਾਮਯਾਬ ਨਹੀਂ ਹੋਈ। ਹੁਣ ਜਿਸ ਤਰੀਕੇ ਨਾਲ ਦੇਸ਼ ਵਿੱਚ ਸਿੱਖਾਂ ਨਾਲ ਕੁੱਟਮਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਸ ਨਾਲ ਦੇਸ਼ ਦੇ ਵੱਖ- ਵੱਖ ਇਲਾਕਿਆਂ ਵਿੱਚ ਰਹਿੰਦੇ ਸਿੱਖਾਂ ਵਿੱਚ ਚਿੰਤਾ ਫੈਲਣੀ ਸੁਭਾਵਿਕ ਹੈ। ਕਈ ਗਰਮ ਦਲੀ ਆਗੂ ਤਾਂ ਦੋਸ਼ ਲਗਾ ਰਹੇ ਹਨ ਕਿ ਭਾਰਤ ਵਿੱਚ ਸਿੱਖਾਂ ਵਿਰੁੱਧ ਗਿਣੀ ਮਿਥੀ ਸਾਜਿਸ਼ ਤਹਿਤ ਹਮਲੇ ਹੋ ਰਹੇ ਹਨ ਅਤੇ ਭਾਰਤ ਵਿੱਚ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਗਰਮ ਦਲੀ ਆਗੂ ਤਾਂ ਇਹ ਵੀ ਕਹਿੰਦੇ ਹਨ ਕਿ ਭਾਰਤ ਵਿੱਚ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲ ਸਕਦਾ। ਜਦੋਂ ਸਿੱਖਾਂ ਨਾਲ ਕੁੱਟਮਾਰ ਅਤੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਣ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਆਮ ਸਿੱਖਾਂ ਨੂੰ ਫਿਰ ਗਰਮ ਦਲੀ ਆਗੂਆਂ ਦੀਆਂ ਗੱਲਾਂ ਸਹੀ ਲੱਗਣ ਲੱਗਦੀਆਂ ਹਨ।

ਅਨੇਕਾਂ ਪੰਜਾਬੀ ਖਾਸ ਕਰਕੇ ਸਿੱਖ ਦੋਸ਼ ਲਗਾਉਂਦੇ ਹਨ ਕਿ ਜਦੋਂ ਵੀ ਉਹ ਪੰਜਾਬ ਤੋਂ ਬਾਹਰ ਹੋਰਨਾਂ ਸੂਬਿਆਂ ਵਿੱਚ ਜਾਂਦੇ ਹਨ ਤਾਂ ਉਹਨਾਂ ਦੀਆਂ ਗੱਡੀਆਂ ਦੇ ਨੰਬਰ ਪੰਜਾਬ ਦੇ ਹੋਣ ਕਰਕੇ ਉਹਨਾਂ ਨੂੰ ਜਾਣਬੁੱਝ ਕੇ ਹੈਰਾਨ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਗੱਡੀਆਂ ਦੇ ਚਲਾਨ ਕਰ ਦਿੱਤੇ ਜਾਂਦੇ ਹਨ। ਇਸੇ ਕਾਰਨ ਪੰਜਾਬ ਦੇ ਕਿਰਾਏ ’ਤੇ ਗੱਡੀਆਂ ਚਲਾਉਣ ਵਾਲੇ ਪੰਜਾਬ ਤੋਂ ਬਾਹਰ ਹੋਰਨਾਂ ਸੂਬਿਆਂ ਖਾਸ ਕਰਕੇ ਹਿਮਾਚਲ ਪ੍ਰਦੇਸ਼ ਵਿੱਚ ਜਾਣ ਤੋਂ ਡਰਨ ਲੱਗ ਪਏ ਹਨ। ਇਹਨਾਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਪੰਜਾਬੀ ਅਤੇ ਸਿੱਖ ਹੋਣ ਕਰਕੇ ਜਾਣਬੁਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਿਖਾਂ ਖ਼ਿਲਾਫ਼ ਵਾਪਰ ਰਹੀਆਂ ਘਟਨਾਂਵਾਂ ਦੇ ਘਟਨਾਕ੍ਰਮ ਨੂੰ ਭਾਰਤੀ ਹਕੂਮਤ ਦੀ ਘੱਟ ਗਿਣਤੀਆਂ ਪ੍ਰਤੀ ਮਾੜੀ ਸੋਚ ਦਾ ਪ੍ਰਗਟਾਵਾ ਕਿਹਾ ਜਾਂਦਾ ਹੈ। ਸੰਬੰਧਿਤ ਪ੍ਰਸ਼ਾਸਨ ਦੀ ਪਤਾ ਨਹੀਂ ਕਿਹੜੀ ਮਜ਼ਬੂਰੀ ਹੁੰਦੀ ਹੈ ਕਿ ਉਹ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੀ ਨਹੀਂ ਕਰਦਾ ਜਾਂ ਬਹੁਤ ਢਿੱਲੀ ਕਾਰਵਾਈ ਕੀਤੀ ਜਾਂਦੀ ਹੈ। ਜਿਸ ਤੋਂ ਇਹ ਅਹਿਸਾਸ ਹੁੰਦਾ ਹੈ ਕਿ ਵੱਖ- ਵੱਖ ਇਲਾਕਿਆਂ ਦਾ ਲੋਕਲ ਪ੍ਰਸ਼ਾਸਨ ਵੀ ਕੇਂਦਰੀ ਹਕੂਮਤ ਦੇ ਨਕਸ਼ੇ ਕਦਮਾਂ ’ਤੇ ਹੀ ਚੱਲਦਾ ਹੈ।

ਸਿੱਖਾਂ ਖ਼ਿਲਾਫ਼ ਵਾਪਰ ਰਹੀਆਂ ਹਿੰਸਾਂ ਦੀਆਂ ਘਟਨਾਂਵਾਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਘੱਟ ਹੈ। ਕੇਂਦਰ ਸਰਕਾਰ ਤੇ ਸੰਬੰਧਿਤ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਦੀ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਕਰਨ ਤਾਂ ਕਿ ਸਿੱਖਾਂ ਨੂੰ ਇਨਸਾਫ਼ ਮਿਲ ਸਕੇ ਅਤੇ ਸਿੱਖਾਂ ਵਿੱਚ ਬੇਗਾਨਗੀ ਦੀ ਭਾਵਨਾ ਨਾ ਫੈਲੇ।

# ਵੱਡੇ ਸੰਕਟਾਂ ਦੇ ਚੱਕਰਵਿਊ ’ਚ ਘਿਰਿਆ ਪੰਜਾਬ



ਸਤਨਾਮ ਸਿੰਘ ਮਾਣਕ
ਸੀਨੀਅਰ ਪੱਤਰਕਾਰ

ਪੰਜਾਬ ਕਿਸੇ ਸਮੇਂ ਦੇਸ਼ ਦਾ ਸਭ ਤੋਂ ਖ਼ੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ। ਪੰਜਾਬੀ ਆਪਣੀ ਸਖ਼ਤ ਮਿਹਨਤ, ਬਹਾਦਰੀ ਅਤੇ ਖ਼ਾਸ ਕਰਕੇ ਦੇਸ਼ ਭਗਤੀ ਲਈ ਜਾਣੇ ਜਾਂਦੇ ਸਨ। ਬਿਨਾਂ ਸ਼ੱਕ ਦੇਸ਼ ਦੀ ਵੰਡ ਦੇ ਨਾਲ ਹੀ ਪੰਜਾਬ ਦੇ ਵੰਡੇ ਜਾਣ ਨਾਲ ਪੰਜਾਬੀਆਂ ਨੂੰ ਹਰ ਪੱਖ ਤੋਂ ਵੱਡੀ ਢਾਅ ਲੱਗੀ ਸੀ। ਪਰ ਇਸ ਦੇ ਬਾਵਜੂਦ ਚੜ੍ਹਦੇ ਪੰਜਾਬ ਵਿੱਚ ਪੰਜਾਬੀਆਂ ਨੇ ਲਗਭਗ ਇੱਕ ਦਹਾਕੇ ਵਿੱਚ ਹੀ ਆਪਣਾ ਮੁੜ ਵਸੇਬਾ ਕਰਕੇ ਦੇਸ਼ ਵਿੱਚ ਫਿਰ ਤੋਂ ਅਗਾਂਹਵਧੂ ਅਤੇ ਖ਼ੁਸ਼ਹਾਲ ਪ੍ਰਾਂਤ ਦਾ ਦਰਜਾ ਹਾਸਿਲ ਕਰ ਲਿਆ ਸੀ। ਖ਼ਾਸ ਕਰਕੇ ਹਰੇ ਇਨਕਲਾਬ ਨੇ ਇਸ ਦੀ ਆਰਥਿਕਤਾ ਨੂੰ ਕੁਝ ਦਹਾਕਿਆਂ ਤੱਕ ਬੇਹੱਦ ਮਜ਼ਬੂਤੀ ਦਿੱਤੀ ਅਤੇ ਦਿਹਾਤੀ ਖੇਤਰਾਂ ਤੱਕ ਲੋਕਾਂ ਦੇ ਜੀਵਨ-ਪੱਧਰ ਵਿੱਚ ਵੱਡੀ ਤਬਦੀਲੀ ਆਈ।

ਪਰ ਇਹ ਸਭ ਗੱਲਾਂ ਹੁਣ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਈਆਂ ਹਨ। ਅੱਜ ਪੰਜਾਬ ਅਤੇ ਪੰਜਾਬੀ ਬਹੁਤ ਸਾਰੀਆਂ ਨਾਂਹ-ਪੱਖੀ ਗੱਲਾਂ ਲਈ ਚਰਚਾ ਵਿਚ ਹਨ। ਇਸ ਸਮੇਂ ਤਾਂ ਅਜਿਹਾ ਦਿਖਾਈ ਦੇ ਰਿਹਾ ਹੈ ਕਿ ਰਾਜ ਆਪਣੀ ਹੋਂਦ ਬਰਕਰਾਰ ਰੱਖਣ ਲਈ ਜੂਝ ਰਿਹਾ ਹੈ ਅਤੇ ਸਮਾਜਿਕ ਤੌਰ ’ਤੇ ਵੀ ਇਹ ਇੱਕ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਜਿਨ੍ਹਾਂ ਚੁਣੌਤੀਆਂ ਨਾਲ ਇਸ ਸਮੇਂ ਦੋ-ਚਾਰ ਹੋ ਰਿਹਾ ਹੈ। ਉਨ੍ਹਾਂ ਦੀ ਸੰਖੇਪ ਜਿਹੀ ਝਲਕ ਇਸ ਪ੍ਰਕਾਰ ਹੈ :-

1. ਇਸ ਸਮੇਂ ਰਾਜ ਦੀ ਸਭ ਤੋਂ ਵੱਡੀ ਸਮੱਸਿਆ ਨੌਜਵਾਨਾਂ ਦੇ ਇੱਕ ਵੱਡੇ ਵਰਗ ਦਾ ਨਸ਼ਿਆਂ ਵਿੱਚ ਗ਼ਲਤਾਨ ਹੋ ਜਾਣਾ ਅਤੇ ਜੁਰਮਾਂ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਜਾਣਾ ਹੈ। ਇਸ ਨਾਲ ਰਾਜ ਵਿੱਚ ਇੱਕ ਤਰ੍ਹਾਂ ਨਾਲ ਤਰਥੱਲੀ ਮਚੀ ਪਈ ਹੈ। ਹਰ ਰੋਜ਼ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚੋਂ ਨੌਜਵਾਨਾਂ ਵੱਲੋਂ ਵਧੇਰੇ ਨਸ਼ਾ (ਖ਼ਾਸ ਕਰਕੇ ਚਿੱਟਾ) ਲੈ ਕੇ ਮਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਨੌਜਵਾਨ ਚਿੱਟੇ ਅਤੇ ਹੋਰ ਕਈ ਤਰ੍ਹਾਂ ਦੇ ਨਸ਼ੇ ਸਰਿੰਜਾਂ ਵਿੱਚ ਭਰ ਕੇ ਆਪਣੇ ਸਰੀਰ ਵਿੱਚ ਲਗਾ ਲੈਂਦੇ ਹਨ ਅਤੇ ਅਨੇਕਾਂ ਵਾਰ ਇਹ ਟੀਕਾ ਲਗਾਉਂਦੇ ਸਾਰ ਹੀ ਉਨ੍ਹਾਂ ਦੀ ਜਾਨ ਨਿਕਲ ਜਾਂਦੀ ਹੈ ਅਤੇ ਸਰਿੰਜਾਂ ਵੀ ਉਨ੍ਹਾਂ ਦੀਆਂ ਬਾਹਾਂ ਵਿੱਚ ਫਸੀਆਂ ਦੀਆਂ ਫਸੀਆਂ ਰਹਿ ਜਾਂਦੀਆਂ ਹਨ। ਨਮੋਸ਼ੀ ਵਾਲੀ ਗੱਲ ਇਹ ਹੈ ਕਿ ਲੜਕੀਆਂ ਵੀ ਚੋਖੀ ਗਿਣਤੀ ਵਿੱਚ ਇਸ ਬੁਰਾਈ ਦਾ ਸ਼ਿਕਾਰ ਹੋ ਗਈਆਂ ਹਨ, ਜਿਨ੍ਹਾਂ ਮਾਪਿਆਂ ਦੇ ਨੌਜਵਾਨ ਪੁੱਤਰ ਇਸ ਤਰ੍ਹਾਂ ਅਜਾਈਂ ਜਹਾਨੋਂ ਜਾ ਰਹੇ ਹਨ। ਉਨ੍ਹਾਂ ਦਾ ਰੁਦਨ ਸੁਣਦਿਆਂ ਰੂਹ ਕੰਬ ਜਾਂਦੀ ਹੈ। ਜਦੋਂ ਨੌਜਵਾਨ ਚਿੱਟਾ ਲੈਣ ਦੇ ਜਾਂ ਹੋਰ ਰਸਾਇਣਕ ਨਸ਼ੇ ਕਰਨ ਦੇ ਆਦੀ ਹੋ ਜਾਂਦੇ ਹਨ ਤਾਂ ਉਹ ਅਜਿਹੇ ਨਸ਼ਿਆਂ ਤੋਂ ਬਿਨਾਂ ਪਲ ਵੀ ਸ਼ਾਂਤ ਨਹੀਂ ਰਹਿ ਸਕਦੇ। ਉਨ੍ਹਾਂ ਨੂੰ ਅੱਚਵੀ ਲੱਗ ਜਾਂਦੀ ਹੈ ਅਤੇ ਉਨ੍ਹਾਂ ਦੇ ਹੱਥ-ਪੈਰ ਟੁੱਟਣ ਲਗ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਉਹ ਜਲਦੀ ਤੋਂ ਜਲਦੀ ਨਸ਼ੇ ਦੀ ਪੂਰਤੀ ਕਰਨਾ ਲੋਚਦੇ ਹਨ। ਕਿਉਂਕਿ ਇਹ ਨਸ਼ੇ ਬੇਹੱਦ ਮਹਿੰਗੇ ਹਨ, ਇਸ ਕਾਰਨ ਉਨ੍ਹਾਂ ਨੂੰ ਕਾਫ਼ੀ ਪੈਸਿਆਂ ਦੀ ਲੋੜ ਹੁੰਦੀ ਹੈ। ਉਹ ਹਤਾਸ਼ ਹੋ ਕੇ ਆਪਣੇ ਮਾਪਿਆਂ ਤੋਂ ਪੈਸੇ ਮੰਗਦੇ ਹਨ ਜੇ ਉਹ ਪੈਸੇ ਦੇਣ ਤੋਂ ਅਸਮਰੱਥ ਰਹਿੰਦੇ ਹਨ ਤੇ ਉਨ੍ਹਾਂ ’ਤੇ ਹਿੰਸਕ ਹਮਲੇ ਕਰ ਦਿੰਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਖ਼ਬਰਾਂ ਆਉਂਦੀਆਂ ਹਨ ਜਦੋਂ ਨਸ਼ੇੜੀ ਆਪਣੀ ਮਾਂ, ਆਪਣੇ ਬਾਪ ਇਥੋਂ ਤੱਕ ਕਿ ਆਪਣੇ ਭੈਣ-ਭਰਾਵਾਂ ਨੂੰ ਜ਼ਖ਼ਮੀ ਕਰ ਦਿੰਦੇ ਹਨ ਜਾਂ ਜਾਨੋਂ ਵੀ ਮਾਰ ਦਿੰਦੇ ਹਨ। ਅਜਿਹੇ ਨੌਜਵਾਨ ਨਸ਼ੇ ਦੀ ਪੂਰਤੀ ਲਈ ਚੋਰੀਆਂ ਕਰਨ, ਡਾਕੇ ਮਾਰਨ, ਬੈਂਕਾਂ ਦੇ ਏ.ਟੀ.ਐੱਮ. ਲੁੱਟਣ, ਪੈਟਰੋਲ ਪੰਪ ਲੁੱਟਣ, ਰਾਹ ਜਾਂਦੀਆਂ ਔਰਤਾਂ ਦੀਆਂ ਚੈਨੀਆਂ ਲਾਹੁਣ ਜਾਂ ਪਰਸ ਖੋਹਣ ਤੋਂ ਵੀ ਸੰਕੋਚ ਨਹੀਂ ਕਰਦੇ। ਨੌਜਵਾਨਾਂ ਦੇ ਇੱਕ ਹੋਰ ਵੱਡੇ ਹਿੱਸੇ ਨੇ ਆਪੋ-ਆਪਣੇ ਗੈਂਗ ਬਣਾ ਲਏ ਹਨ। ਸੈਂਕੜੇ ਨੌਜਵਾਨ ਇਨ੍ਹਾਂ ਵਿੱਚ ਸ਼ਾਮਿਲ ਹੋ ਗਏ ਹਨ। ਇਨ੍ਹਾਂ ਗੈਂਗਾਂ ਦੀਆਂ ਜੜ੍ਹਾਂ ਦੇਸ਼-ਵਿਦੇਸ਼ ਤੱਕ ਫੈਲ ਗਈਆਂ ਹਨ। ਇਨ੍ਹਾਂ ਵਲੋਂ ਕਰੋੜਾਂ ਦੀਆਂ ਫ਼ਿਰੌਤੀਆਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਪੈਸੇ ਨਾ ਦੇਣ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ। ਇਸ ਕਾਰਨ ਰਾਜ ਵਿਚ ਜੁਰਮਾਂ ਦਾ ਸਿਲਸਿਲਾ ਬੇਹੱਦ ਵਧ ਗਿਆ ਹੈ। ਲੋਕ ਦਿਨੇ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ।



ਰਾਜ ਵਿੱਚ ਹੁਣ ਤੱਕ ਹੋ ਚੁੱਕੇ ਕੁਝ ਨਾਮੀ ਗੈਂਗਸਟਰਾਂ ਵਿੱਚ ਲਾਰੈਂਸ ਬਿਸ਼ਨੋਈ (ਜੇਲ੍ਹ ਵਿੱਚ), ਗੋਲਡੀ ਬਰਾੜ (ਵਿਦੇਸ਼ ਵਿੱਚ), ਗੁਰਸ਼ਾਹਿਦ ਸਿੰਘ ਸ਼ੇਰਾ (ਮੁਕਾਬਲੇ ’ਚ ਮਰ ਚੁੱਕਾ ਹੈ), ਜਸਵਿੰਦਰ ਸਿੰਘ ਰੌਕੀ (ਗੈਂਗਾਂ ਦੀ ਧੜੇਬੰਦੀ ਵਿੱਚ ਮਾਰਿਆ ਗਿਆ), ਵਿੱਕੀ ਗੌਂਡਰ (ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ), ਜੈਪਾਲ ਭੁੱਲਰ (ਮੁਕਾਬਲੇ ’ਚ ਮਾਰਿਆ ਗਿਆ), ਦਵਿੰਦਰ ਬੰਬੀਹਾ (ਮਾਰਿਆ ਜਾ ਚੁੱਕਾ ਹੈ) ਆਦਿ ਸ਼ਾਮਿਲ ਹਨ।

ਨਸ਼ੇ ਤੋਂ ਟੁੱਟੇ ਹੋਏ ਅਤੇ ਗੈਂਗਾਂ ਦਾ ਹਿੱਸਾ ਬਣੇ ਇਹ ਨੌਜਵਾਨ ਸਾਰੀਆਂ ਕਦਰਾਂ-ਕੀਮਤਾਂ ਨੂੰ ਭੁੱਲ ਕੇ ਇਕ ਤਰ੍ਹਾਂ ਨਾਲ ਅਜਿਹੇ ਸ਼ੈਤਾਨਾਂ ਦਾ ਰੂਪ ਲੈ ਲੈਂਦੇ ਹਨ ਜੋ ਕੁਝ ਵੀ ਕਰ ਸਕਦੇ ਹਨ। ਇਸ ਕਾਰਨ ਪੰਜਾਬੀ ਸਮਾਜ ਦੀ ਬੇਹੱਦ ਬਦਨਾਮੀ ਵੀ ਹੋ ਰਹੀ ਹੈ।

2. ਰਾਜ ਦੀ ਦੂਜੀ ਵੱਡੀ ਸਮੱਸਿਆ ਨੌਜਵਾਨਾਂ ਦੀ ਹਿਜ਼ਰਤ ਦੀ ਵੀ ਹੈ। ਸਿੱਖਿਆ ਹਾਸਲ ਕਰਨ ਦੇ ਬਹਾਨੇ ਲੱਖਾਂ ਨੌਜਵਾਨ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਦੂਨੀਆਂ ਦੇ ਹੋਰ ਦੇਸ਼ਾਂ ਵੱਲ ਜਹਾਜ਼ ਭਰ-ਭਰ ਕੇ ਰਵਾਨਾ ਹੋ ਰਹੇ ਹਨ। ਪਹਿਲਾਂ ਤਾਂ ਇਹ ਨੌਜਵਾਨ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਰਵਾਨਾ ਹੁੰਦੇ ਸਨ ਪਰ ਹੁਣ 10+2 ਤੋਂ ਬਾਅਦ ਹੀ ਆਈਲੈੱਟਸ ਕਰਕੇ ਨੌਜਵਾਨ ਵਿਦੇਸ਼ਾਂ ਨੂੰ ਤੁਰ ਜਾਂਦੇ ਹਨ। ਇਸ ਕਾਰਨ ਰਾਜ ਦੇ ਕਾਲਜ ਅਤੇ ਯੂਨੀਵਰਸਿਟੀਆਂ ਭਾਂਅ-ਭਾਂਅ ਕਰਨ ਲੱਗ ਪਈਆਂ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਇੰਜੀਨੀਅਰਿੰਗ, ਬੀਐੱਡ ਤੇ ਹੋਰ ਖੇਤਰਾਂ ਦੀ ਪੜ੍ਹਾਈ ਨਾਲ ਸੰਬੰਧਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੀਟਾਂ ਅਕਸਰ ਖਾਲੀ ਰਹਿੰਦੀਆਂ ਹਨ। ਇਸ ਸਮੇਂ ਰਾਜ ਦੇ ਇੰਜੀਨੀਅਰਿੰਗ ਕਾਲਜਾਂ ਵਿੱਚ 55 ਫ਼ੀਸਦੀ ਸੀਟਾਂ ਖਾਲੀ ਰਹਿ ਚੁੱਕੀਆਂ ਹਨ। ਰਾਜ ਵਿੱਚ ਜਿਹੜੀਆਂ ਸਰਕਾਰੀ ਜਾਂ ਗ਼ੈਰ-ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜ ਆਪਣੀਆਂ ਸੀਟਾਂ ਭਰਨ ਵਿੱਚ ਸਫ਼ਲ ਵੀ ਹੋ ਜਾਂਦੇ ਹਨ, ਉਨ੍ਹਾਂ ਵਿੱਚ ਵੀ ਜਾ ਕੇ ਜਦੋਂ ਇਹ ਜਾਣਕਾਰੀ ਲਈ ਜਾਂਦੀ ਹੈ ਕਿ ਉਥੇ ਪੜ੍ਹਨ ਵਾਲੇ ਵਿਦਿਆਰਥੀ ਕਿਥੋਂ ਦੇ ਹਨ, ਤਾਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਇਸ ਸਮੇਂ ਰਾਜ ਦੀਆਂ ਯੂਨੀਵਰਸਿਟੀਆਂ ਵਿੱਚ ਬਿਹਾਰ, ਉੱਤਰ ਪ੍ਰਦੇਸ਼, ਜੰਮੂ ਕਸ਼ਮੀਰ, ਹਿਮਾਚਲ ਅਤੇ ਹੋਰ ਅਨੇਕਾਂ ਰਾਜਾਂ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਪੜ੍ਹ ਰਹੇ ਹਨ। ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਬੇਹੱਦ ਘਟਦੀ ਜਾ ਰਹੀ ਹੈ। ਵੱਡੀ ਗਿਣਤੀ ਵਿੱਚ ਵਿਦੇਸ਼ੀ ਵਿਦਿਆਰਥੀ ਵੀ ਪੰਜਾਬ ਦੇ ਕਾਲਜਾਂ ਅਤੇ ਨਿੱਜੀ ਯੂਨੀਵਰਸਿਟੀਆਂ ਵਿੱਚ ਸਿੱਖਿਆ ਹਾਸਿਲ ਕਰ ਰਹੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਰਾਜ ਵਿੱਚ ਪੰਜਾਬ ਦੇ ਵਿਦਿਆਰਥੀਆਂ ਨੂੰ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਇਸ ਸਮੇਂ ਰਾਜ ਵਿਚ ਬੇਰੁਜ਼ਗਾਰੀ ਦੀ ਦਰ 6.8 ਫ਼ੀਸਦੀ ਦੇ ਨੇੜੇ ਹੈ। ਵੱਡੀ ਪੱਧਰ ’ਤੇ ਨੌਜਵਾਨਾਂ ਦੇ ਬਾਹਰ ਜਾਣ ਨਾਲ ਰਾਜ ਜਿਥੇ ਆਪਣੇ ਸਮਰੱਥ ਨੌਜਵਾਨਾਂ ਤੋਂ ਵਿਰਵਾ ਹੋ ਰਿਹਾ ਹੈ, ਉਥੇ ਇਸ ਦਾ ਰਾਜ ਦੀ ਆਰਥਿਕਤਾ ਤੇ ਹੋਰ ਖੇਤਰਾਂ ’ਤੇ ਵੀ ਬੁਰਾ ਅਸਰ ਪੈ ਰਿਹਾ ਹੈ, ਕਿਉਂਕਿ ਇਹ ਇਕ ਆਮ ਜਾਣਿਆ ਜਾਂਦਾ ਤੱਥ ਹੈ ਕਿ ਨਵੀਂ ਪੀੜ੍ਹੀ ਹੀ ਸ਼ੌਕ ਨਾਲ ਮਹਿੰਗੀਆਂ ਚੀਜ਼ਾਂ-ਵਸਤਾਂ ਖ਼ਰੀਦਦੀ ਹੈ। ਮਹਿੰਗੇ ਮੋਬਾਈਲ, ਲੈਪਟਾਪ, ਬ੍ਰਾਂਡਿਡ ਤੇ ਗ਼ੈਰ-ਬ੍ਰਾਂਡਿਡ ਕੱਪੜੇ, ਸਕੂਟਰ, ਮੋਟਰਸਾਈਕਲ ਅਤੇ ਕਾਰਾਂ ਆਦਿ ਪਰਿਵਾਰਾਂ ਵੱਲੋਂ ਨੌਜਵਾਨਾਂ ਦੇ ਜ਼ੋਰ ਦੇਣ ’ਤੇ ਹੀ ਖ਼ਰੀਦੀਆਂ ਜਾਂਦੀਆਂ ਹਨ। ਜਦੋਂ ਅਜਿਹੇ ਨੌਜਵਾਨ 10+2 ਕਰਨ ਤੋਂ ਬਾਅਦ ਹੀ ਵੱਡੀ ਗਿਣਤੀ ਵਿੱਚ ਬਾਹਰ ਚਲੇ ਜਾਣਗੇ ਤਾਂ ਲਾਜ਼ਮੀ ਤੌਰ ’ਤੇ ਰਾਜ ਦੇ ਅਨੇਕਾਂ ਤਰ੍ਹਾਂ ਦੇ ਕਾਰੋਬਾਰ ਵੀ ਪ੍ਰਭਾਵਿਤ ਹੋਣਗੇ। ਬਲਕਿ ਪ੍ਰਭਾਵਿਤ ਹੋ ਹੀ ਰਹੇ ਹਨ। ਨੌਜਵਾਨ ਸ਼ਕਤੀ ਦੇ ਬਾਹਰ ਜਾਣ ਨਾਲ ਖੇਤੀ, ਸਨਅਤ ਅਤੇ ਹੋਰ ਕਾਰੋਬਾਰਾਂ ਦੀ ਤਰੱਕੀ ਅਤੇ ਵਿਕਾਸ ’ਤੇ ਵੀ ਅਸਰ ਪੈਣਾ ਲਾਜ਼ਮੀ ਹੈ।

3. ਰਾਜ ਦੀ ਤੀਜੀ ਵੱਡੀ ਸਮੱਸਿਆ ਵਾਤਾਵਰਨ ਪ੍ਰਦੂਸ਼ਣ ਅਤੇ ਦਿਨੋ-ਦਿਨ ਧਰਤੀ ਹੇਠਲੇ ਪਾਣੀ ਦੀ ਨਿੱਘਰਦੀ ਜਾ ਰਹੀ ਪੱਧਰ ਦੀ ਹੈ। ਹੁਣ ਤਾਂ ਦੇਸ਼ ਦੀਆਂ ਅਤੇ ਵਿਦੇਸ਼ ਦੀਆਂ ਬਹੁਤ ਸਾਰੀਆਂ ਏਜੰਸੀਆਂ ਨੇ ਖ਼ਤਰੇ ਦੀ ਇਹ ਘੰਟੀ ਖੜਕਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਜੇਕਰ ਖੇਤੀਬਾੜੀ ਅਤੇ ਹੋਰ ਕੰਮਾਂਕਾਰਾਂ ਲਈ ਇਸੇ ਤਰ੍ਹਾਂ ਬੇਦਰੇਗੀ ਨਾਲ ਧਰਤੀ ਹੇਠਲਾ ਪਾਣੀ ਟਿਊਬਵੈੱਲਾਂ ਰਾਹੀਂ ਕੱਢਿਆ ਜਾਂਦਾ ਰਿਹਾ ਤਾਂ ਇਥੇ 10 ਤੋਂ 15 ਸਾਲਾਂ ਵਿੱਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ। ਇਥੇ ਖੇਤੀਬਾੜੀ ਅਤੇ ਸਨਅਤ ਤਾਂ ਕੀ, ਲੋਕਾਂ ਅਤੇ ਪਾਲਤੂ ਪਸ਼ੂਆਂ ਦੇ ਪੀਣ ਲਈ ਵੀ ਪਾਣੀ ਨਸੀਬ ਨਹੀਂ ਹੋਵੇਗਾ। ਅਜਿਹੀ ਸਥਿਤੀ ਵਿੱਚ ਪੰਜਾਬ ਦਾ, ਇਥੇ ਵਸਦੇ ਲੋਕਾਂ ਦਾ ਕੀ ਬਣੇਗਾ? ਇਹ ਇੱਕ ਵੱਡਾ ਤੇ ਚਿੰਤਾ ਵਾਲਾ ਸਵਾਲ ਹੈ।

4. ਪੰਜਾਬ ਨੂੰ ਦਰਪੇਸ਼ ਅਜੋਕੀਆਂ ਚੁਣੌਤੀਆਂ ਵਿਚੋਂ ਕੱਢਣ ਲਈ ਖ਼ਾਸ ਕਰਕੇ ਖੇਤੀਬਾੜੀ ਵਿੱਚ ਵਿਭਿੰਨਤਾ ਲਿਆਉਣ ਅਤੇ ਖੇਤੀ ਆਧਾਰਿਤ ਸਨਅਤਾਂ ਲਗਾ ਕੇ ਆਪਣੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵਾਸਤੇ ਚੋਖੇ ਵਿੱਤੀ ਵਸੀਲਿਆਂ ਦੀ ਲੋੜ ਹੈ। ਆਪਣੇ ਸਾਰੇ ਸਾਧਨਾਂ ਦੀ ਸਹੀ ਤੇ ਦੂਰ-ਅੰਦੇਸ਼ੀ ਨਾਲ ਵਰਤੋਂ ਕਰਨ ਦੀ ਜ਼ਰੂਰਤ ਹੈ। ਪਰ ਪਿਛਲੇ ਤਿੰਨ-ਚਾਰ ਦਹਾਕਿਆਂ ਵਿਚ ਇਥੇ ਜਿਹੜੀਆਂ ਵੀ ਸਰਕਾਰਾਂ ਬਣੀਆਂ ਹਨ, ਉਨ੍ਹਾਂ ਨੇ ਵੋਟਾਂ ਹਾਸਿਲ ਕਰਨ ਲਈ ਵੱਡੀ ਪੱਧਰ ’ਤੇ ਮੁਫ਼ਤਖੋਰੀ ’ਤੇ ਆਧਾਰਿਤ ਸਕੀਮਾਂ ਚਲਾਈਆਂ ਹਨ। ਰਾਜ ਦੇ ਕੁਦਰਤੀ ਅਤੇ ਗ਼ੈਰ-ਕੁਦਰਤੀ ਵਸੀਲਿਆਂ ਦਾ ਉਜਾੜਾ ਕਰਵਾਇਆ ਹੈ। ਕਿਸਾਨਾਂ ਨੂੰ ਬਿਜਲੀ-ਪਾਣੀ ਮੁਫ਼ਤ ਦੇਣ, ਸ਼ਹਿਰਾਂ ਵਿਚ ਚੁੰਗੀਆਂ ਮੁਆਫ਼ ਕਰਨ, ਆਟਾ-ਦਾਲ ਮੁਫ਼ਤ ਦੇਣ, ਸਾਰੀਆਂ ਔਰਤਾਂ ਲਈ ਬੱਸ ਸਫ਼ਰ ਮੁਫ਼ਤ ਕਰਨ, 90 ਫ਼ੀਸਦੀ ਘਰੇਲੂ ਖ਼ਪਤਕਾਰਾਂ ਨੂੰ ਬਿਜਲੀ ਮੁਫ਼ਤ ਦੇਣ ਅਤੇ ਇਸ ਤਰ੍ਹਾਂ ਦੀਆਂ ਹੋਰ ਸਰਕਾਰਾਂ ਦੀਆਂ ਫ਼ਜ਼ੂਲ ਖ਼ਰਚੀਆਂ ਨੇ ਰਾਜ ਨੂੰ ਦਿਵਾਲੀਆ ਕਰਕੇ ਰੱਖ ਦਿੱਤਾ ਹੈ। ਇਸ ਸਮੇਂ ਰਾਜ ਲਗਭਗ 3,50,000 ਕਰੋੜ ਦਾ ਕਰਜ਼ਾਈ ਹੈ। ਰਾਜ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਸੇ ਤਰ੍ਹਾਂ ਦੀਆਂ ਫ਼ਜ਼ੂਲ ਖ਼ਰਚੀਆਂ ਨੂੰ ਨਾ ਕੇਵਲ ਜਾਰੀ ਰੱਖਿਆ ਹੈ, ਸਗੋਂ ਇਨ੍ਹਾਂ ਵਿੱਚ ਉਹ ਹੋਰ ਵੀ ਵਾਧਾ ਕਰਦੀ ਜਾ ਰਹੀ ਹੈ। ਇਸ ਦੇ ਸਿੱਟੇ ਵਜੋਂ ਇਸ ਨੇ ਆਪਣੇ ਕਾਰਜਕਾਲ ਦੇ ਡੇਢ ਸਾਲ ਵਿੱਚ ਹੀ ਲਗਭਗ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਰ ਚੜ੍ਹਾ ਦਿੱਤਾ ਹੈ। ਇਸ ਸਮੇਂ ਰਾਜ ਦੇ ਕੁੱਲ ਘਰੇਲੂ ਉਤਪਾਦਨ ਦਾ 49.7 ਫ਼ੀਸਦੀ ਕਰਜ਼ਾ ਚੜ੍ਹ ਚੁੱਕਾ ਹੈ। ਜੇਕਰ ਇਹ ਸਰਕਾਰ ਇਸੇ ਰਫ਼ਤਾਰ ਨਾਲ ਕਰਜ਼ਾ ਚੁੱਕਦੀ ਗਈ ਤਾਂ ਇਸ ਵਲੋਂ ਚੁੱਕਿਆ ਗਿਆ ਕਰਜ਼ਾ ਦੋ ਸਾਲਾਂ ਵਿੱਚ ਇਹ 1 ਲੱਖ 64 ਹਜ਼ਾਰ 423 ਕਰੋੜ ਰੁਪਏ ਹੋ ਜਾਵੇਗਾ। 2026-27 ਤੱਕ ਰਾਜ ਸਿਰ ਕੁੱਲ ਕਰਜ਼ਾ 4,46,196 ਕਰੋੜ ਰੁਪਏ ਹੋ ਜਾਵੇਗਾ। (ਬਾਕੀ ਸਫ਼ਾ 31 ’ਤੇ)

# ਸੰਸਦ 'ਚ ਦਾਗੀ ਨੇਤਾਵਾਂ ਦੀ ਗਿਣਤੀ ਵਿੱਚ ਵਾਧਾ ਚਿੰਤਾਜਨਕ

ਲਲਿਤ ਗਰਗ

ਦੇਸ਼ ਵਿੱਚ 18ਵੀਂ ਲੋਕ ਸਭਾ ਦੀ ਚੋਣ ਹੋ ਚੁੱਕੀ ਹੈ, ਮੰਤਰੀ ਮੰਡਲ ਦਾ ਗਠਨ ਕੀਤਾ ਗਿਆ ਹੈ। ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੋਣਾ ਅਤੇ ਵੋਟਰਾਂ ਦੀ ਰਿਕਾਰਡ ਗਿਣਤੀ ਹੋਣਾ ਜਿੱਥੇ ਮਾਣ ਵਾਲੀ ਗੱਲ ਹੈ, ਉੱਥੇ ਚਿੰਤਾਜਨਕ, ਪ੍ਰੇਸ਼ਾਨ ਕਰਨ ਵਾਲੀਆਂ ਸਥਿਤੀਆਂ ਵੀ ਹਨ। ਖ਼ਬਰ ਆਈ ਹੈ ਕਿ ਲੋਕਤੰਤਰ ਦੇ ਸਭ ਤੋਂ ਵੱਡੇ ਮੰਦਰ 'ਚ ਪਹੁੰਚੇ 543 ਸੰਸਦ ਮੈਂਬਰਾਂ 'ਚੋਂ 46 ਫੀਸਦੀ ਦਾ ਅਪਰਾਧਿਕ ਰਿਕਾਰਡ ਹੈ, ਜੋ ਪਿਛਲੀ ਵਾਰ ਨਾਲੋਂ ਤਿੰਨ ਫੀਸਦੀ ਵੱਧ ਹੈ। ਭਾਰਤੀ ਰਾਜਨੀਤੀ ਵਿੱਚ ਅਪਰਾਧਿਕ ਪਿਛੋਕੜ ਵਾਲੇ ਜਾਂ ਕਿਸੇ ਅਪਰਾਧ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਨੂੰ ਲੋਕ ਨੁਮਾਇੰਦੇ ਬਣਾਉਣਾ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਦੀ ਜ਼ਿੰਮੇਵਾਰੀ ਸੌਂਪਣਾ ਹਰ ਨਾਗਰਿਕ ਦੇ ਮੱਥੇ 'ਤੇ ਚਿੰਤਾ ਦੀ ਰੇਖਾ ਲਿਆਉਣ ਵਾਲਾ ਹੈ। ਕੀ ਇਸ ਸਥਿਤੀ ਵਿੱਚ ਦੇਸ਼ ਦੀ ਜਮਹੂਰੀ ਸ਼ੁੱਧਤਾ ਅਤੇ ਪਵਿੱਤਰਤਾ ਦੀ ਰਾਖੀ ਹੋ ਸਕੇਗੀ ? ਕੀ ਅਸੀਂ ਇੱਕ ਆਦਰਸ਼ ਅਤੇ ਕਦਰਾਂ-ਕੀਮਤਾਂ ਵਾਲਾ ਸਮਾਜ ਸਿਰਜ ਸਕਾਂਗੇ ? ਕੀ ਇਹ ਦਾਗੀ ਨੇਤਾ ਅਤੇ ਲੋਕ ਨੁਮਾਇੰਦੇ ਸਮੇਂ ਦੇ ਨਾਲ ਸਾਡੇ ਸਿਸਟਮ ਨੂੰ ਪ੍ਰਭਾਵਿਤ ਨਹੀਂ ਕਰਨਗੇ ? ਚੋਣ ਪ੍ਰਕਿਰਿਆ ਨਾਲ ਜੁੜੇ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ ਵਾਲੀ ਸੰਸਥਾ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਸਾਲ 2019 'ਚ ਚੁਣੇ ਗਏ ਸੰਸਦ ਮੈਂਬਰਾਂ 'ਚੋਂ 233 ਯਾਨੀ 43 ਫੀਸਦੀ ਨੇ ਮੰਨਿਆ ਕਿ ਉਨ੍ਹਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਜਦਕਿ ਅਠਾਰਵੀਂ ਲੋਕ ਸਭਾ ਵਿੱਚ ਚੁਣੇ ਗਏ 251 ਸੰਸਦ ਮੈਂਬਰਾਂ ਨੇ ਮੰਨਿਆ ਹੈ ਕਿ ਅਪਰਾਧਿਕ ਮਾਮਲੇ ਦਰਜ ਹਨ। ਜੋ ਕੁੱਲ ਗਿਣਤੀ ਦਾ 46 ਫੀਸਦੀ ਹੈ।

ਅੱਜ ਭਾਰਤ ਦੀ ਆਜ਼ਾਦੀ ਦੇ ਸੁਨਹਿਰੀ ਦੌਰ ਦਾ ਇੱਕ ਵੱਡਾ ਸਵਾਲ ਭਾਰਤੀ ਰਾਜਨੀਤੀ ਨੂੰ ਅਪਰਾਧ ਮੁਕਤ ਬਣਾਉਣਾ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਦੇਸ਼ ਭਰ ਦੀ ਰਾਜਨੀਤੀ ਵਿੱਚ ਅਪਰਾਧਿਕ ਤੱਤਾਂ ਦੀ ਵੱਧ ਰਹੀ ਦਖਲਅੰਦਾਜ਼ੀ ਨੇ ਅਜਿਹੀ ਸਮੱਸਿਆ ਪੈਦਾ ਕਰ ਦਿੱਤੀ ਹੈ ਕਿ ਅਗਵਾ ਕਾਂਡ ਦੇ ਦੋਸ਼ੀ ਅਦਾਲਤ ਵਿੱਚ ਪੇਸ਼ ਹੋਣ ਦੀ ਬਜਾਏ ਮੰਤਰੀ ਵਜੋਂ ਸਹੁੰ ਚੁੱਕਣ ਚਲੇ ਜਾਂਦੇ ਹਨ। ਅਜਿਹੇ ਚਰਿੱਤਰਹੀਣ ਅਤੇ ਅਪਰਾਧੀ ਅਨਸਰਾਂ ਨੂੰ ਜ਼ਿੰਮੇਵਾਰੀ ਦੇ ਅਹੁਦੇ ਦੇ ਕੇ ਅਸੀਂ ਵਧੀਆ ਸ਼ਾਸਨ ਅਤੇ ਇਮਾਨਦਾਰ ਪ੍ਰਣਾਲੀ ਕਿਵੇਂ ਸਥਾਪਿਤ ਕਰਾਂਗੇ ? ਅਸੀਂ ਆਮ ਜਨਤਾ ਦੇ ਭਰੋਸੇ 'ਤੇ ਕਿਵੇਂ ਖਰਾ ਉਤਰਾਂਗੇ ? ਦਾਗ਼ੀਆਂ ਲਈ ਸੰਸਦ ਤੱਕ ਪਹੁੰਚਣ ਦੇ ਦਰਵਾਜ਼ੇ ਕਿਵੇਂ ਬੰਦ ਹੋਣਗੇ ? ਦਰਅਸਲ, ਸੁਪਰੀਮ ਕੋਰਟ ਦੀ ਸੁਚੇਤ ਪਹਿਲਕਦਮੀ 'ਤੇ, ਸਾਲ 2020 ਤੋਂ, ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਲੋਕ ਸਭਾ ਅਤੇ ਵਿਧਾਨ ਸਭਾ ਉਮੀਦਵਾਰਾਂ ਦੇ ਅਪਰਾਧਿਕ ਰਿਕਾਰਡ ਨੂੰ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ। ਯਕੀਨਨ ਇਸ ਹੁਕਮ ਦਾ ਮਕਸਦ ਦੇਸ਼ ਦੀ ਰਾਜਨੀਤੀ ਨੂੰ ਅਪਰਾਧਿਕ ਅਕਸ ਵਾਲੇ ਨੇਤਾਵਾਂ ਤੋਂ ਮੁਕਤ ਕਰਨਾ ਸੀ। ਪਰ ਅਸਲ



ਸਾਰੀਆਂ ਸਿਆਸੀ ਪਾਰਟੀਆਂ ਕੋਲ ਆਪਣੀ ਪਸੰਦ ਦੇ ਉਮੀਦਵਾਰ ਜਿੱਤਣ ਵਾਲੇ ਉਮੀਦਵਾਰ ਸਨ, ਭਾਵੇਂ ਉਨ੍ਹਾਂ ਦਾ ਅਪਰਾਧਿਕ ਰਿਕਾਰਡ ਹੋਵੇ।

ਵੱਡਾ ਸਵਾਲ ਇਹ ਹੈ ਕਿ ਫਿਰ ਰਾਜਨੀਤੀ ਵਿੱਚ ਆਦਰਸ਼ ਕੌਣ ਪੇਸ਼ ਕਰੇਗਾ ? ਉਨ੍ਹਾਂ ਲੋਕਾਂ ਦਾ ਕੀ ਬਣਿਆ ਜਿਨ੍ਹਾਂ ਨੇ ਹਮੇਸ਼ਾ ਹਰ ਕੁਰਬਾਨੀ ਦਿੱਤੀ ਅਤੇ ਮਿਸਾਲ ਕਾਇਮ ਕੀਤੀ ? ਲੱਖਾਂ ਲਈ ਮਿਸਾਲ ਬਣੋ, ਰੋਲ ਮਾਡਲ ਬਣੋ। ਆਜ਼ਾਦੀ ਦੀ ਲੜਾਈ ਹੋਵੇ, ਦੇਸ਼ ਦੀ ਸੁਰੱਖਿਆ ਹੋਵੇ, ਧਰਮ ਦੀ ਸੁਰੱਖਿਆ ਹੋਵੇ, ਕਿਸੇ ਦੇ ਬਚਨ ਦੀ ਰਾਖੀ ਹੋਵੇ ਜਾਂ ਕਿਸੇ ਦੀ ਸੰਸਕ੍ਰਿਤੀ ਅਤੇ ਪਛਾਣ ਦੀ ਰਾਖੀ ਹੋਵੇ, ਉਸ ਨੇ ਆਪਣੇ ਫਰਜ਼ ਅਤੇ ਵਾਅਦੇ ਨੂੰ ਨਿਭਾਉਣ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਮਹਾਰਾਣਾ ਪ੍ਰਤਾਪ, ਭਗਤ ਸਿੰਘ, ਦੁਰਗਾਦਾਸ, ਸ਼ਿਵਾਜੀ ਵਰਗੇ ਨਾਇਕਾਂ ਨੇ ਆਪਣੇ ਅਤੇ ਆਪਣੇ ਪਰਿਵਾਰ ਦੇ ਸੁੱਖਾਂ ਦਾ ਬਲੀਦਾਨ ਦੇ ਕੇ ਮਹਾਨ ਕੁਰਬਾਨੀਆਂ ਮੰਦਰ ਬਣਨਾ ਚਾਹੀਦਾ ਹੈ। ਉਹਨਾਂ ਦੇ ਮੰਦਰ ਨਹੀਂ ਬਣਾਏ ਗਏ ਸਨ, ਪਰ ਜਦੋਂ ਵੀ ਉਹਨਾਂ ਦਾ ਨਾਮ ਆਉਂਦਾ ਹੈ ਤਾਂ ਲੋਕ ਸ਼ਰਧਾ ਨਾਲ ਸਿਰ ਝੁਕਾ ਲੈਂਦੇ ਹਨ ਪਰ ਅੱਜ ਜਿਸ ਤਰ੍ਹਾਂ ਸਾਡੇ ਕੌਮੀ ਜੀਵਨ ਅਤੇ ਸੋਚ ਨੂੰ ਵਿਗਾੜ ਕੇ ਰੱਖ ਦਿੱਤਾ ਗਿਆ ਹੈ, ਸਾਡੀ ਰਾਜਨੀਤੀ ਸੁਆਰਥੀ ਅਤੇ ਤੰਗ ਹੋ ਗਈ ਹੈ, ਸਾਡਾ ਵਿਹਾਰ ਝੂਠਾ ਹੋ ਗਿਆ ਹੈ, ਅਸੀਂ ਚਿਹਰਿਆਂ ਤੋਂ ਵੱਧ ਮਖੌਟੇ ਪਹਿਨ ਲਏ ਹਨ, ਇਸ ਨੇ ਸਾਡੀਆਂ ਸਾਰੀਆਂ ਕਦਰਾਂ-ਕੀਮਤਾਂ ਨੂੰ ਖੋਰਾ ਲਾਇਆ ਹੈ। ਦੇਸ਼ ਦੇ ਕਰੋੜਾਂ ਵਾਸੀ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਅਤੇ ਚਿੰਤਤ ਹਨ। ਹੁਣ ਸਮਾਂ ਆ ਗਿਆ ਹੈ ਜਦੋਂ ਦੇਸ਼ ਦੇ ਸੱਭਿਆਚਾਰ ਅਤੇ ਗੌਰਵਮਈ ਵਿਰਸੇ ਨੂੰ ਸੰਭਾਲਣ ਲਈ ਕੁਝ ਚੋਟੀ ਦੇ ਲੋਕਾਂ ਨੂੰ ਬਹਾਦਰੀ ਨਾਲ ਯਤਨ ਕਰਨੇ ਪੈਣਗੇ। ਦਿਸ਼ਾਹੀਣ ਲੀਡਰਸ਼ਿਪ ਜਮਾਤ ਅੱਗੇ ਇੱਕ ਨਵਾਂ ਮਾਪਦੰਡ ਤੈਅ ਕਰਨਾ ਹੋਵੇਗਾ। ਜੇਕਰ ਕਿਸੇ ਵਿਅਕਤੀ 'ਤੇ ਕਤਲ, ਅਗਵਾ ਜਾਂ ਉਸ ਨੂੰ ਸਿਆਸੀ ਕਹਿ ਕੇ ਬਚਾਉਣ ਜਾਂ ਸਿਆਸੀ ਲਾਹਾ ਲੈਣ ਦੀ ਕਿਸੇ ਵੀ ਕੋਸ਼ਿਸ਼ 'ਤੇ ਰੋਕ ਲਾਉਣੀ ਪਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਮੇਸ਼ਾ ਭ੍ਰਿਸ਼ਟਾਚਾਰ ਅਤੇ ਅਪਰਾਧ ਮੁਕਤ ਰਾਜਨੀਤੀ ਨੂੰ ਪਹਿਲ ਦਿੱਤੀ ਹੈ, ਪਰ ਚੋਣਾਂ ਜਿੱਤਣ ਦੀ ਲੜਾਈ ਵਿੱਚ ਉਹ ਅਪਰਾਧੀ ਸਿਆਸਤਦਾਨਾਂ ਨੂੰ ਵੀ ਸਰਪ੍ਰਸਤੀ ਦਿੰਦੇ ਨਜ਼ਰ ਆਏ ਹਨ।

ਸਾਰੀਆਂ ਸਿਆਸੀ ਪਾਰਟੀਆਂ ਨੇ ਦਾਗੀ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ। ਜੋ ਸਿਆਸੀ ਪਾਰਟੀਆਂ ਦੀ ਕਹਿਣੀ ਅਤੇ ਕਰਨੀ ਵਿਚਲੇ ਵੱਡੇ ਫਰਕ ਨੂੰ ਹੀ ਉਜਾਗਰ ਕਰਦਾ ਹੈ।

ਸਵਾਲ ਇਹ ਹੈ ਕਿ ਜੇਕਰ ਦੇਸ਼ ਲਈ ਨੀਤੀ ਤੈਅ ਕਰਨ ਵਾਲੇ ਅਜਿਹੇ ਦਾਗੀ ਲੋਕ ਹੀ ਸਾਡੀ ਕਿਸਮਤ ਦੇ ਨਿਰਮਾਤਾ ਬਣੇ ਰਹੇ ਤਾਂ ਸਾਡਾ ਭਵਿੱਖ ਕੀ ਹੋਵੇਗਾ ? ਕੀ ਅਪਰਾਧਿਕ ਪਿਛੋਕੜ ਵਾਲੇ ਲੋਕ, ਲੋਕ ਨੁਮਾਇੰਦੇ ਚੁਣੇ ਜਾਣ ਤੋਂ ਬਾਅਦ ਸਾਡੀ ਕਾਨੂੰਨ ਵਿਵਸਥਾ ਨੂੰ ਪ੍ਰਭਾਵਿਤ ਨਹੀਂ ਕਰਨਗੇ ? ਸਾਡੇ ਸਮਾਜ ਅਤੇ ਸਿਸਟਮ ਦਾ ਭਵਿੱਖ ਕੀ ਹੋਵੇਗਾ ? ਸਾਰੇ ਆਦਰਸ਼ਾਂ ਦੀ ਗੱਲ ਕਰਨ ਵਾਲੇ ਅਤੇ ਦੂਜੀਆਂ ਪਾਰਟੀਆਂ ਦੇ ਆਗੂਆਂ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਉਣ ਵਾਲੇ ਆਗੂ ਸਿਆਸਤ ਨੂੰ ਅਪਰਾਧੀਆਂ ਦੇ ਗਲਬੇ ਤੋਂ ਮੁਕਤ ਕਰਨ ਲਈ ਇਮਾਨਦਾਰ ਪਹਿਲਕਦਮੀ ਕਿਉਂ ਨਹੀਂ ਕਰਦੇ ? ਭਾਰਤੀ ਲੋਕਤੰਤਰ ਵਿੱਚ ਸ਼ੁੱਧਤਾ ਅਤੇ ਪਵਿੱਤਰਤਾ ਲਈ ਸਾਰੀਆਂ ਸਿਆਸੀ ਪਾਰਟੀਆਂ ਸਹਿਮਤ ਕਿਉਂ ਨਹੀਂ ਹਨ ? ਯਕੀਨਨ, ਜੇਕਰ ਸਮੇਂ ਸਿਰ ਇਸ ਦਿਸ਼ਾ ਵਿੱਚ ਕੋਈ ਗੰਭੀਰ ਪਹਿਲਕਦਮੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਾਲਾਂ ਵਿੱਚ ਦਾਗੀ ਲੋਕਾਂ ਦੀ ਇਹ ਪ੍ਰਤੀਸ਼ਤਤਾ ਵਧਦੀ ਰਹੇਗੀ। ਇਸ ਦੇ ਨਾਲ ਹੀ ਵੱਡੀ ਸਮੱਸਿਆ ਇਹ ਹੈ ਕਿ ਦੇਸ਼ ਦੇ ਹੇਠਲੇ ਸਦਨ ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਕਰੋੜਪਤੀ ਬਣ ਚੁੱਕੇ ਸਿਆਸਤਦਾਨਾਂ ਦਾ ਦਬਦਬਾ ਵਧਦਾ ਜਾ ਰਿਹਾ ਹੈ। ਇਸ ਵਾਰ ਸੰਸਦ ਲਈ ਚੁਣੇ ਗਏ ਸੰਸਦ ਮੈਂਬਰਾਂ 'ਚ 504 ਕਰੋੜਪਤੀ ਹਨ। ਅਜਿਹੇ 'ਚ ਕੀ ਉਮੀਦ ਕੀਤੀ ਜਾ ਸਕਦੀ ਹੈ ਕਿ ਆਪਣੀ ਮਿਹਨਤ ਦੀ ਕਮਾਈ 'ਤੇ ਗੁਜ਼ਾਰਾ ਕਰਨ ਵਾਲਾ ਆਮ ਆਦਮੀ ਕਦੇ ਸੰਸਦ ਮੈਂਬਰ ਬਣਨ ਬਾਰੇ ਸੋਚ ਸਕਦਾ ਹੈ ? ਦਾਗੀ ਅਤੇ ਅਪਰਾਧੀ ਸਿਆਸਤਦਾਨ ਲੋਕਤੰਤਰ ਦੀ ਇੱਕ ਵੱਡੀ ਵਿਅੰਗ ਅਤੇ ਵਿਗਾੜ ਬਣਦੇ ਜਾ ਰਹੇ ਹਨ।

(ਬਾਕੀ ਸਫ਼ਾ 31 'ਤੇ)

# ਫੌਹੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ

ਗੁਰਮੀਤ ਸਿੰਘ ਪਲਾਹੀ
9815802070

ਕਿਹਾ ਜਾ ਰਿਹਾ ਹੈ ਕਿ ਦੇਸ਼ ਵਿੱਚ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਇਹ ਹੀ ਕਿਹਾ ਜਾ ਰਿਹਾ ਹੈ ਕਿ ਆਪਣੇ-ਆਪ ਨੂੰ ਭਾਰਤ ਨੂੰ ਬਚਾਉਣ ਲਈ ਭੇਜੇ ਗਏ 'ਰਾਜੇ ਨਰਿੰਦਰ ਮੋਦੀ' ਨੂੰ ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਅਵਾਜ਼ ਵੀ ਸੁਨਣੀ ਪਏਗੀ। ਹੁਣ ਪਾਰਲੀਮੈਂਟ ਵਿੱਚ ਕਾਨੂੰਨ ਪੂਰੀ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਬਨਣਗੇ, ਉਵੇਂ ਨਹੀਂ ਜਿਵੇਂ ਪਿਛਲੇ ਦਹਾਕੇ 'ਚ ਮੋਦੀ ਸਰਕਾਰ ਨੇ ਬਣਾਏ ਹਨ। ਇਵੇਂ ਵੀ ਨਹੀਂ ਕਿ ਰਾਤ ਨੂੰ ਸੁਫ਼ਨਾ ਆਇਆ ਅਤੇ ਨੋਟਬੰਦੀ ਕਰ ਦਿੱਤੀ ਜਾਂ ਬਿਨ੍ਹਾਂ ਕਿਸੇ ਨਾਲ ਸਲਾਹ ਕੀਤਿਆਂ ਨਾਗਰਿਕਤਾ ਕਾਨੂੰਨ (ਸੀਏਏ) ਪਾਸ ਕਰ ਦਿੱਤਾ ਆਦਿ ਆਦਿ।ਕੀ ਗੱਠਜੋੜ ਐਨਡੀਏ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਚਮੁੱਚ ਲੋਕਤੰਤਰੀ ਢੰਗ ਅਪਨਾਉਣਗੇ ਜਾਂ ਫਿਰ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੋ ਦੀਆਂ ਇਲਾਕਾਈ ਪਾਰਟੀਆਂ ਅਤੇ ਇੰਡੀਆ ਗੱਠਜੋੜ ਦੇ ਸਿਆਸੀ ਦਲਾਂ 'ਚ ਟੁੱਟ-ਭੱਜ ਕਰਕੇ ਆਪਣੇ ਬਲਬੂਤੇ ਆਪਣੀ ਪਾਰਟੀ ਦਾ 272 ਅੰਕੜਾ ਪੂਰਾ ਕਰਕੇ ਮੁੜ ਉਹਨਾਂ ਕੰਮਾਂ ਉਤੇ ਚਲਣਗੇ, ਜਿਸਦੀ ਆਦਤ ਉਹਨਾਂ ਨੂੰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਾਂ ਦੇਸ਼ ਦਾ ਇੱਕ ਦਹਾਕੇ ਦਾ ਪ੍ਰਧਾਨ ਮੰਤਰੀ ਬਣਿਆ, ਪੈ ਚੁੱਕੀ ਹੈ।

ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਤੀਜੀ ਪਾਰੀ ਖੇਡਣਗੇ। ਉਹਨਾਂ ਦੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 240 ਸੀਟਾਂ ਪ੍ਰਾਪਤ ਕੀਤੀਆਂ, ਬਿਹਾਰ ਵਾਲੇ ਨਿਤੀਸ਼ ਕੁਮਾਰ ਦੀਆਂ 12 ਅਤੇ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੋ ਦੀਆਂ 16, ਬਿਹਾਰ ਦੇ ਪਾਸਵਾਨ ਦੀਆਂ 5 ਸੀਟਾਂ ਅਤੇ ਕੁਝ ਹੋਰ ਛੋਟੇ ਦਲਾਂ ਦੀਆਂ ਸੀਟਾਂ ਲੈਕੇ ਉਹਨਾਂ ਨੇ ਕੇਂਦਰੀ ਵਜ਼ਾਰਤ ਬਨਾਉਣ ਲਈ 272 ਦਾ ਜਾਦੂਈ ਅੰਕੜਾ ਪਾਰ ਕਰਕੇ ਫੌਹੜੀਆਂ ਵਾਲੀ ਵਜਾਰਤ ਦੀ ਅਗਵਾਈ ਕਰਨੀ ਹੈ।

ਚਾਰ ਸੌ ਦਾ ਅੰਕੜਾ ਲੋਕ ਸਭਾ 'ਚ ਪ੍ਰਾਪਤ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਾਜਪਾ ਢਾਈ ਸੌ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਦੇਸ਼ ਦੀਆਂ 100 ਕਰੋੜ ਵੋਟਰਾਂ ਵਿਚੋਂ 62 ਕਰੋੜ ਪਾਈਆਂ ਗਈਆਂ ਵੋਟਾਂ ਵਿਚੋਂ ਉਹਨਾਂ ਦੀ ਪਾਰਟੀ ਇੱਕ ਤਿਹਾਈ ਵੋਟਾਂ ਹੀ ਪ੍ਰਾਪਤ ਕਰ ਸਕੀ ਅਤੇ ਹੁਣ ਦੇਸ਼ ਦੀ ਸਾਸ਼ਕ ਬਣ ਬੈਠੀ ਹੈ। ਪਰ ਹੁਣ ਮੋਦੀ ਦੀ ਮਜ਼ਬੂਰੀ ਬਣਦੀ ਜਾ ਰਹੀ ਹੈ ਕਿ ਮੌਜੂਦਾ ਐਨਡੀਏ ਸਰਕਾਰ ਵਿੱਚ ਭਾਜਪਾ ਨੂੰ ਲੋਕਤੰਤਰੀ ਪ੍ਰਕਿਰਿਆ ਅਪਨਾਉਣੀ ਪਵੇਗੀ।

ਜਾਪਦਾ ਹੈ ਹੁਣ ਸੰਸਦ ਦੀ ਅਹਿਮੀਅਤ ਵਾਪਸ ਆ ਜਾਏਗੀ। ਸੰਸਦ ਦੇ ਅੰਦਰ ਵਿਰੋਧੀ ਧਿਰ ਦੀ ਅਣਦੇਖੀ ਨਹੀਂ ਹੋਏਗੀ, ਕਿਉਂਕਿ ਹੁਣ ਵਰ੍ਹਿਆਂ ਬਾਅਦ ਸੰਸਦ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਏਗਾ। ਪਿਛਲੇ ਦਸ ਵਰ੍ਹਿਆਂ 'ਚ ਜਾਪਣ ਲੱਗ ਪਿਆ ਸੀ ਕਿ ਦੇਸ਼ ਵਿਚੋਂ ਲੋਕਤੰਤਰ ਗਾਇਬ ਹੋ ਗਿਆ ਹੈ। ਇਕੋ ਪਾਰਟੀ ਭਾਜਪਾ ਦਾ ਰਾਜ-ਭਾਗ ਵੇਖਣ ਨੂੰ ਮਿਲ ਰਿਹਾ ਸੀ। ਉਸਦੇ ਨੇਤਾ ਭਾਰਤੀ ਸੰਵਿਧਾਨ ਬਦਲਣ ਜਾਂ ਨਵਾਂ ਲਿਖਣ ਦੀਆਂ ਗੱਲਾਂ ਕਰਨ ਲੱਗ ਪਏ ਸਨ। ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦੀਆਂ ਤਰਕੀਬਾਂ ਸੋਚੀਆਂ ਜਾਣ ਲੱਗ ਪਈਆਂ ਸਨ।

ਮੋਦੀ ਦੇ ਦੂਜੇ ਦੌਰ 'ਚ ਇਹ ਜਾਪਦਾ ਸੀ ਕਿ ਇੱਕ ਹੀ ਵਿਅਕਤੀ ਹੱਥ ਦੇਸ਼ ਦੀ ਵਾਂਗਡੋਰ ਸੀ ਅਤੇ ਉਹ ਹੀ ਅਹਿਮ ਫ਼ੈਸਲੇ ਲੈ ਰਿਹਾ ਹੈ। ਦੇਸ਼ ਵਿੱਚ ਤਾਨਾਸ਼ਾਹੀ ਵਧ ਰਹੀ ਸੀ। ਪਰ ਦੇਸ਼ ਦੀ ਜਨਤਾ ਨੇ ਇਹਨਾਂ ਵਿਚਾਰਾਂ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਠੱਲ




ਪਾ ਦਿੱਤੀ ਹੈ ਅਤੇ ਦੇਸ਼ ਦੇ ਮੌਜੂਦਾ ਹਾਕਮਾਂ ਨੂੰ ਅਸਲ ਸੱਚਾਈ ਦੇ ਸਨਮੁੱਖ ਕਰ ਦਿੱਤਾ ਹੈ। ਉਹ ਇਹ ਕਿ ਲੋਕਾਂ ਨੂੰ ਫੋਕੇ ਨਾਹਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ। ਦੇਸ਼ ਸਾਹਵੇਂ ਜੋ ਵੱਡੀਆਂ ਸਮੱਸਿਆਵਾਂ ਹਨ, ਉਹਨਾਂ ਤੋਂ ਦੇਸ਼ ਦੀ ਜਨਤਾ ਮੁਕਤੀ ਚਾਹੁੰਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ ਮੁਕਤ ਭਾਰਤ ਦੇਸ਼ ਵਾਸੀਆਂ ਦਾ ਸੁਪਨਾ ਹੈ। ਧੱਕ ਧੌਂਸ, ਬੇਇਨਸਾਫ਼ੀ ਵਾਲੀ ਸਿਆਸਤ ਉਹਨਾ ਨੂੰ ਪ੍ਰਵਾਨ ਨਹੀਂ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਸ ਵੇਰ ਦੀ ਹਕੂਮਤ ਇੱਕ ਨਵਾਂ ਤਜ਼ਰਬਾ ਹੋਏਗਾ। ਉਹਨਾਂ ਨੂੰ ਗੱਠਜੋੜ ਸਰਕਾਰ ਦੀ ਅਗਵਾਈ ਕਰਨੀ ਹੋਵੇਗੀ। ਬਿਨ੍ਹਾਂ ਸ਼ੱਕ ਮੋਦੀ ਦਾ ਪ੍ਰਚਾਰਕ, ਭਾਜਪਾ ਦੇ ਜਨਰਲ ਸਕੱਤਰ, ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਆਪਣੇ ਲਗਭਗ 55 ਵਰ੍ਹਿਆਂ ਦੇ ਸਰਵਜਨਕ ਜੀਵਨ ਦਾ ਤਜ਼ਰਬਾ ਹੈ, ਪਰ ਇਸ ਵੇਲੇ ਉਹ ਪੂਰੀ ਤਰ੍ਹਾਂ ਇੱਕ ਨਵੀਂ ਖੇਡ 'ਚ ਸ਼ਾਮਲ ਹੋ ਰਹੇ ਹਨ, ਜਿਸਤੋਂ ਉਹ ਪੂਰੀ ਤਰ੍ਹਾਂ ਅਣਜਾਣ ਹਨ। ਉਹ ਹੈ ਗੱਠਜੋੜ ਸਰਕਾਰ ਚਲਾਉਣਾ।

ਦੇਸ਼ 'ਚ ਚੋਣਾਂ ਬਾਅਦ ਕੁਝ ਹੱਦ ਤੱਕ ਅਤੇ ਅੰਸ਼ਿਕ ਰੂਪ 'ਚ ਲੋਕਤੰਤਰ ਦੀ ਬਹਾਲੀ ਹੋਈ ਹੈ। ਭਾਰਤ ਦੇ ਲੋਕਾਂ ਨੇ ਇਸ ਵੇਰ ਕੁਝ ਚੀਜ਼ਾਂ ਹਾਸਲ ਕੀਤੀਆਂ ਹਨ, ਜਿਹਨਾ ਨੂੰ ਕੁਝ ਹਫ਼ਤੇ ਪਹਿਲਾਂ ਅਸੰਭਵ ਗਿਣਿਆ ਜਾਂਦਾ ਸੀ। ਇਸ ਸੰਦਰਭ 'ਚ ਸੋਚਿਆ ਜਾਣ ਲੱਗਾ ਹੈ ਕਿ ਕੀ ਹੁਣ ਲੋਕ ਸਭਾ ਅਤੇ ਰਾਜ ਸਭਾ ਦਾ ਸੰਚਾਲਨ ਨਿਯਮਾਂ ਅਨੁਸਾਰ ਅਤੇ ਸਰਬਸੰਮਤੀ ਨਾਲ ਹੋਏਗਾ ?

ਕੀ ਨਵੇਂ ਬਿੱਲ ਲੋਕ ਸਭਾ, ਰਾਜ ਸਭਾ 'ਚ ਬਹਿਸ ਲਈ ਲਿਆਉਣ ਬਾਅਦ ਪਾਸ ਹੋਣਗੇ ? ਕੀ ਪਾਰਲੀਮਾਨੀ ਸਬ ਕਮੇਟੀਆਂ ਮੁੜ ਸੁਰਜੀਤ ਹੋਣਗੀਆਂ ? ਇਹਨਾਂ ਗੱਲਾਂ ਦੀ ਸੰਭਾਵਨਾ ਹੁਣ ਵਧ ਗਈ ਹੈ, ਕਿਉਂਕਿ ਵਿਸਾਖੀਆਂ, ਫੌਹੜੀਆਂ ਵਾਲੀ ਸਰਕਾਰ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ।

ਹੁਣ ਭਾਰਤ ਦੇ ਸੰਵਿਧਾਨ 'ਚ ਉਦੋਂ ਤੱਕ ਸੋਧ ਨਹੀਂ ਕੀਤੀ ਜਾ ਸਕੇਗੀ, ਜਦੋਂ ਤੱਕ ਹਾਕਮ ਧਿਰ ਅਤੇ ਵਿਰੋਧੀ ਧਿਰ 'ਚ ਆਪਸੀ ਸਹਿਮਤੀ ਨਹੀਂ ਬਣੇਗੀ। ਹੁਣ ਤਾਂ ਇਹ ਵੀ ਜਾਪਣ ਲੱਗਾ ਹੈ ਕਿ ਕੇਂਦਰੀ ਮੰਤਰੀ ਮੰਡਲ ਵਿੱਚ ਵੀ ਹਰ ਚੀਜ਼ ਬਿਨ੍ਹਾਂ ਵਿਚਾਰ ਪਾਸ ਨਹੀਂ ਹੋਏਗੀ, ਕਿਉਂਕਿ ਐਨਡੀਏ ਦੀ ਹਿੱਸੇਦਾਰ ਨਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੋ ਦੇ ਮੰਤਰੀ, ਆਪਣਾ ਵੱਖਰਾ ਦ੍ਰਿਸ਼ਟੀਕੋਨ ਪੇਸ਼ ਕਰਨਗੇ, ਕਿਉਂਕਿ ਇਲਾਕਾਈ ਪਾਰਟੀਆਂ ਵਜੋਂ ਉਹਨਾ ਦੇ ਆਪਣੇ ਹਿੱਤ ਹੋਣਗੇ।

ਇਹ ਹੁਣ ਤੋਂ ਹੀ ਦਿਖਣ ਲੱਗ ਪਿਆ ਹੈ ਕਿਉਂਕਿ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ 'ਅਗਨੀਵੀਰ ਸਕੀਮ' ਅਧੀਨ ਫੌਜ ਵਿੱਚ ਭਰਤੀ ਸਬੰਧੀ ਨਤੀਸ਼ ਕੁਮਾਰ ਦੀ ਪਾਰਟੀ ਨੇ ਮੁੜ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਹੈ। ਨਾਇਡੋ ਨੇ 50 ਵਰ੍ਹਿਆਂ ਦੀ ਉਮਰ ਦੇ ਮੁਸਲਮਾਨਾਂ ਨੂੰ ਪੈਨਸ਼ਨਾਂ ਦੇਣ ਅਤੇ ਮਸਜਿਦਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਹੁਣ ਤਾਂ ਇਹ ਵੀ ਸਪੱਸ਼ਟ ਦਿਖਣ ਲੱਗਾ ਹੈ ਕਿ ਦੇਸ਼ ਦੀ ਸੰਘੀ ਪ੍ਰਣਾਲੀ ਵਧੇਰੇ ਸੁਰੱਖਿਅਤ ਨਜ਼ਰ ਆਏਗੀ ਤੇ ਰਾਜਾਂ ਦੇ ਅਧਿਕਾਰਾਂ ਉਤੇ ਉਸ ਢੰਗ ਨਾਲ ਹਮਲਾ ਨਹੀਂ ਹੋਏਗਾ, ਜਿਵੇਂ ਖੇਤੀ ਕਾਨੂੰਨ ਪਾਸ ਕਰਨ ਵੇਲੇ ਕੀਤਾ ਗਿਆ ਸੀ। ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਗਠਬੰਧਨ 'ਚ ਬੈਠੀਆਂ ਇਲਾਕਾਈ ਪਾਰਟੀਆਂ ਆਪਣਾ ਰੋਲ ਅਦਾ ਕਰਨਗੀਆਂ।ਲੋਕ ਸਭਾ 2024 ਦੀਆਂ ਚੋਣਾਂ ਨੇ ਬਹੁਤ ਵੱਡੇ ਫ਼ੈਸਲੇ ਦਿੱਤੇ ਹਨ। ਲੋਕਾਂ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ ਹੈ, ਉਹ ਇਹ ਕਿ ਆਮ ਲੋਕ, ਆਜ਼ਾਦੀ, ਆਪਣੇ ਬੋਲਣ ਦੇ ਹੱਕ, ਨਿੱਜੀ ਆਜ਼ਾਦੀ ਆਦਿ ਨੂੰ ਧਰਮ ਨਾਲੋਂ ਵਧ ਮਹੱਤਵ ਦਿੰਦੇ ਹਨ।

(ਬਾਕੀ ਸਫ਼ਾ 31 'ਤੇ)

# ਬਸਪਾ ਦਾ ਲੋਕ ਸਭਾ ਵਿੱਚ ਹਾਰਨਾ ਦਲਿਤ ਸਮਾਜ ਲਈ ਘਾਤਕ

ਰੂਪ ਲਾਲ ਰੂਪ

ਬਹੁਜਨ ਸਮਾਜ ਪਾਰਟੀ (ਬਸਪਾ) ਦਾ ਗਠਨ 'ਡੀਐੱਸ ਫੋਰ' ਦੀ ਸਥਾਪਨਾ ਉਪਰੰਤ ਜ਼ਮੀਨੀ ਪੱਧਰ ਦੀਆਂ ਹਕੀਕਤਾਂ ਨੂੰ ਧਿਆਨ ਗੋਚਰੇ ਕਰਦਿਆਂ ਬਾਬੂ ਕਾਂਸ਼ੀ ਰਾਮ ਜੀ ਨੇ 14 ਅਪਰੈਲ 1984 ਵਿੱਚ ਕੀਤਾ। ਉਨ੍ਹਾਂ ਦਾ ਸੁਫ਼ਨਾ ਦਲਿਤ ਸਮਾਜ ਨੂੰ ਹੁਕਮਰਾਨ ਬਣਾਉਣਾ ਸੀ। ਇਹ ਸੁਫ਼ਨਾ ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਸਾਕਾਰ ਕਰ ਕੇ ਦਿਖਾ ਦਿੱਤਾ। ਆਜ਼ਾਦੀ ਉਪਰੰਤ ਲਗਭਗ 50 ਸਾਲ ਕੇਂਦਰ ਵਿੱਚ ਕਾਂਗਰਸ ਪਾਰਟੀ ਸੱਤਾ 'ਤੇ ਕਾਬਜ਼ ਰਹੀ। ਉਸ ਨੂੰ ਸੱਤਾ ਤੋਂ ਬਾਹਰ ਕੀਤੇ ਬਿਨਾ ਬਸਪਾ ਦਾ ਸੱਤਾ ਵਿੱਚ ਆਉਣਾ ਸੰਭਵ ਨਹੀਂ ਸੀ। ਇਸ ਲਈ ਬਾਬੂ ਕਾਂਸ਼ੀ ਰਾਮ ਨੇ ਪਿੰਡੋ-ਪਿੰਡ ਤੇ ਸ਼ਹਿਰੋ-ਸ਼ਹਿਰ ਸਾਈਕਲ ਯਾਤਰਾ ਕਰ ਕੇ ਲੋਕਾਂ ਨੂੰ ਜਾਗਰੂਕ ਕੀਤਾ। ਸਾਰੇ ਭਾਰਤ ਵਿੱਚ ਥਾਂ-ਥਾਂ ਦਲਿਤ ਜਾਗ੍ਰਿਤੀ ਲਈ ਰੈਲੀਆਂ ਕੀਤੀਆਂ। ਸੰਯੋਗ ਵਸ ਮੈਨੂੰ ਉਨ੍ਹਾਂ ਦੀਆਂ ਦਿੱਲੀ ਅਤੇ ਪੰਜਾਬ ਦੀਆਂ ਕਈ ਰੈਲੀਆਂ ਵਿੱਚ ਸ਼ਿਰਕਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦਲਿਤ ਸਮਾਜ ਨੂੰ ਸਾਫ ਸ਼ਬਦਾਂ ਵਿੱਚ ਦੱਸਿਆ ਕਿ ਅਸੀਂ ਕਾਂਗਰਸ ਨੂੰ ਕਮਜ਼ੋਰ ਕਰਨਾ ਹੈ; ਮਾਰਨਾ ਨਹੀਂ। ਕਾਂਗਰਸ ਮਰੇਗੀ ਤਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਉਭਾਰ ਹੋਵੇਗਾ ਜੋ ਦਲਿਤ ਸਮਾਜ ਲਈ ਬੇਹੱਦ ਘਾਤਕ ਹੋਵੇਗਾ। ਇਸ ਲਈ ਉਨ੍ਹਾਂ ਬਹੁਤ ਦੂਰ ਅੰਦੇਸ਼ੀ ਨਾਲ ਸੰਤੁਲਨ ਬਣਾ ਕੇ ਰੱਖਿਆ ਅਤੇ ਕਾਂਗਰਸ ਨੂੰ ਗੋਡਿਆਂ ਹੇਠ ਲੈ ਕੇ ਕਮਜ਼ੋਰ ਕਰ ਦਿੱਤਾ।ਲੁਧਿਆਣਾ ਦੀ ਦਰੇਸੀ ਗਰਾਊਂਡ ਵਿੱਚ 1995 ਦੀ ਰੈਲੀ ਦੌਰਾਨ ਉਨ੍ਹਾਂ 1992 ਵਿੱਚ ਪੰਜਾਬ ਵਿਧਾਨ ਸਭਾ ਲਈ ਪਹਿਲੀ ਵਾਰ ਚੁਣੇ ਨੌਂ ਦੇ ਨੌਂ ਐੱਮ.ਐੱਲ.ਏ. ਸਟੇਜ 'ਤੇ ਇੱਕ ਕਤਾਰ ਵਿੱਚ ਕੁਰਸੀਆਂ 'ਤੇ ਬਿਠਾਏ ਹੋਏ ਸਨ। ਕਨਸੋਆਂ ਸਨ ਕਿ ਕੁਝ ਐੱਮ.ਐੱਲ.ਏ. ਬਾਗੀ ਹੋ ਸਕਦੇ ਹਨ। ਬਾਬੂ ਕਾਂਸ਼ੀ ਰਾਮ ਨੇ ਇੱਕਤਰ ਭੀੜ ਨੂੰ ਗਰਜਵੀਂ ਆਵਾਜ਼ ਵਿੱਚ ਕਿਹਾ, ਇਹ ਤੁਹਾਡੇ ਨੁਮਾਇੰਦੇ ਹਨ। ਇਸੇ ਲਈ ਤੁਹਾਡੇ ਸਾਹਮਣੇ ਬਿਠਾਏ ਹਨ। ਜੇਕਰ ਇਹ ਸਮਾਜ ਨਾਲ ਗੱਦਾਰੀ ਕਰਦੇ ਹਨ ਤਾਂ ਇਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ। ਇਹ ਬਿਆਨ ਮਾਮੂਲੀ ਨਹੀਂ ਸੀ ਸਗੋਂ ਨੁਮਾਇੰਦਗੀ ਕਰਨ ਵਾਲਿਆਂ ਅਤੇ ਸਮਾਜ ਨੂੰ ਆਪੋ-ਆਪਣੀ ਜ਼ਿੰਮੇਵਾਰੀ ਪ੍ਰਤੀ ਸਪਸ਼ਟ ਸੁਨੇਹਾ ਸੀ। ਉਨ੍ਹਾਂ ਦੇ ਭਾਸ਼ਣ ਮੀਡੀਆ ਅਤੇ ਸਰਕਾਰਾਂ ਸਾਹ ਰੋਕ ਕੇ ਸੁਣਦੇ ਸਨ। ਫਿਰ ਉਨ੍ਹਾਂ ਮਾਇਆਵਤੀ ਨੂੰ ਤਖਤ 'ਤੇ ਬਿਠਾਇਆ। ਆਪਣੀ ਪਹਿਲੇ ਕਾਰਜਕਾਲ ਵਿੱਚ ਮਾਇਆਵਤੀ ਬਾਬੂ ਜੀ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਦੀ ਕਾਮਯਾਬ ਮੁੱਖ ਮੰਤਰੀ ਸਾਬਿਤ ਹੋਏ। ਬਾਬੂ ਜੀ ਦੇ ਜੀਵਨ ਕਾਲ ਦੌਰਾਨ ਉਹ ਚਾਰ ਵਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ ਪਰ ਉਨ੍ਹਾਂ ਦੇ ਤੁਰ ਜਾਣ ਬਾਅਦ ਉਹ ਇੱਕ ਵਾਰ ਵੀ ਆਪਣੇ ਬਲਬੂਤੇ ਮੁੱਖ ਮੰਤਰੀ ਨਹੀਂ ਬਣ ਸਕੇ ਤੇ ਨਾ ਲੋਕ ਸਭਾ ਵਿੱਚ ਨੁਮਾਇੰਦਗੀ ਕਾਇਮ ਰੱਖ ਸਕੇ। 1999-2004 ਦੌਰਾਨ 13ਵੀਂ ਲੋਕ ਸਭਾ ਵਿੱਚ ਬਸਪਾ ਦੇ ਲੋਕ ਸਭਾ ਵਿੱਚ 14, 14ਵੀਂ ਵਿੱਚ 17 ਅਤੇ 15ਵੀਂ ਵਿੱਚ 21 ਮੈਂਬਰ ਸਨ। ਇਸ ਨੂੰ ਬਾਬੂ ਜੀ ਦੀ ਦੂਰਅੰਦੇਸ਼ੀ ਦਾ ਕ੍ਰਿਸ਼ਮਾ ਕਿਹਾ ਜਾ ਸਕਦਾ ਹੈ ਜੋ ਮਾਇਆਵਤੀ ਵਿੱਚ ਪਾਂਸਕ ਮਾਤਰ ਨਹੀਂ ਹੈ। ਇਹੀ ਕਾਰਨ ਹੈ ਕਿ ਪੜ੍ਹਿਆ ਲਿਖਿਆ ਵਰਗ ਬਸਪਾ ਤੋਂ ਦੂਰ ਜਾ ਚੁੱਕਾ ਹੈ।




ਬਸਪਾ ਸੁਪਰੀਮੋ ਬਾਬੂ ਕਾਂਸ਼ੀ ਰਾਮ ਦੇ ਅਕਾਲ ਚਲਾਣੇ ਤੋਂ ਪਹਿਲਾਂ ਹੀ ਜਦੋਂ ਉਹ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਸਨ, ਬਸਪਾ ਦਾ ਨਿਘਾਰ ਆਰੰਭ ਹੋ ਗਿਆ ਸੀ। ਰਾਜਨੀਤੀ ਸ਼ਾਸਤਰ ਦਾ ਫਾਰਮੂਲਾ ਹੈ ਕਿ ਸਿਆਸੀ ਪਾਰਟੀ ਦਾ ਮੰਤਵ ਸੱਤਾ ਹਾਸਲ ਕਰਨਾ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ। ਸਿੱਧੀ ਸਪੱਸ਼ਟ ਗੱਲ ਹੈ ਕਿ ਸੱਤਾ ਹਾਸਲ ਕਰਨ ਲਈ ਮੁੱਖ ਲੜਾਈ ਸੱਤਾ ਧਿਰ ਨਾਲ ਹੁੰਦੀ ਹੈ। ਉਸ ਦੀਆਂ ਗਲਤ ਨੀਤੀਆਂ ਨੂੰ ਉਜਾਗਰ ਕਰਨਾ ਅਤੇ ਲੋਕਾਂ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਜਾਣੂ ਕਰਵਾਉਣਾ ਸੱਤਾ ਦੀ ਦਾਅਵੇਦਾਰ ਪਾਰਟੀ ਦਾ ਮੁੱਖ ਏਜੰਡਾ ਹੁੰਦਾ ਹੈ। ਲੰਮੇ ਸਮੇਂ ਤੋਂ ਦੇਖਣ ਵਿੱਚ ਆਇਆ ਹੈ ਕਿ ਬਸਪਾ ਕਿਸੇ ਏਜੰਡੇ ਵਿਸ਼ੇਸ਼ ਤਹਿਤ ਆਪਣੀ ਜ਼ਿੰਮੇਵਾਰੀ ਨੂੰ ਅੱਖੋਂ ਪਰੋਖੇ ਕਰ ਕੇ ਵਿਚਰ ਰਹੀ ਹੈ। ਇਸ ਨੂੰ ਇਉਂ ਵੀ ਸਮਝਿਆ ਜਾ ਸਕਦਾ ਹੈ ਕਿ ਵਰਕਰ ਸਮਰਪਿਤ ਭਾਵਨਾ ਨਾਲ ਕਾਰਜ ਕਰ ਰਿਹਾ ਹੈ ਪਰ ਉਹ ਆਪਣੀ ਲੀਡਰਸ਼ਿਪ ਨੂੰ ਸਵਾਲ ਕਰਨ ਤੋਂ ਕਤਰਾ ਰਿਹਾ ਜਾਂ ਅਖੌਤੀ ਚੌਧਰ ਕਾਰਨ ਅਸਮਰੱਥ ਹੋ ਗਿਆ ਹੈ।2014 ਤੋਂ ਭਾਜਪਾ ਸੱਤਾ ਵਿਚ ਹੈ। ਉਸ ਨੇ ਸੱਤਾ ਦਾ ਦੁਰਉਪਯੋਗ ਕਰਦਿਆਂ ਅਨੇਕਾਂ ਭਾਰਤੀ ਮਰਿਆਦਾਵਾਂ ਅਤੇ ਸੰਵਿਧਾਨਕ ਨਿਯਮਾਂ ਦਾ ਉਲੰਘਣ ਕੀਤਾ ਹੈ। ਮਜ਼ਦੂਰਾਂ, ਕਿਸਾਨਾਂ, ਫ਼ੌਜ, ਛੋਟੇ ਵਪਾਰੀਆਂ ਤੇ ਪੜ੍ਹੇ-ਲਿਖੇ ਨੌਜਵਾਨਾਂ ਵਿਰੁੱਧ ਕਾਲੇ ਕਾਰੇ ਕੀਤੇ ਹਨ ਪਰ ਸਿਤਮਜ਼ਰੀਫੀ ਇਹ ਕਿ ਬਸਪਾ ਦੇ ਬਿਆਨ ਮੋਦੀ ਰੰਗ ਵਿੱਚ ਰੰਗੇ ਹੁੰਦੇ ਹਨ। ਉਹ ਕਾਂਗਰਸ ਦੇ ਭੰਡੀ ਪ੍ਰਚਾਰ ਤਕ ਸੀਮਤ ਹੋ ਕੇ ਰਹਿ ਗਏ ਹਨ, ਕਿਸੇ ਬਿਆਨ ਨੇ ਭਾਜਪਾ ਦੀ ਕਦੇ ਸਰਦਲ ਨਹੀ ਟੱਪੀ। ਪੜ੍ਹੇ-ਲਿਖੇ ਵਰਗ ਵਿੱਚ ਇਹ ਸੁਨੇਹਾ ਸੁੱਤੇ-ਸਿੱਧ ਜਾ ਚੁੱਕਾ ਹੈ ਕਿ ਪਾਰਟੀ ਬਾਬੂ ਜੀ ਦੀਆਂ ਲੀਹਾਂ ਤੋਂ ਲਾਂਭੇ ਚਲੀ ਗਈ ਹੈ। ਇਸੇ ਲਈ ਉਸ ਨੇ ਇਸ ਤੋਂ ਦੂਰੀ ਬਣਾ ਲਈ ਹੈ। ਜ਼ਮੀਨੀ ਪੱਧਰ 'ਤੇ ਨਾਲ ਜੁੜੇ ਵਰਕਰ ਨਾ ਇਹ ਗੱਲ ਆਗੂਆਂ ਨੂੰ ਕਹਿ ਸਕੇ ਹਨ ਤੇ ਨਾ ਉਨ੍ਹਾਂ ਖੁਦ ਇਸ ਗੱਲ ਵਲ ਤਵੱਜੋ ਦਿੱਤੀ ਹੈ।

ਪਿਛਲੇ ਲੰਮੇ ਸਮੇਂ ਤੋਂ ਬਸਪਾ ਨੇ ਸੱਤਾ ਧਿਰ ਵਿਰੁੱਧ ਜਾਗਰੂਕਤਾ ਲਈ ਕੋਈ ਆਵਾਜ਼ ਉਠਾਈ ਹੋਵੇ, ਨਜ਼ਰ ਨਹੀਂ ਆਉਂਦਾ। ਹੋਰ ਤਾਂ ਹੋਰ, ਤੁਗਲਕਾਬਾਦ ਦੇ ਗੁਰੂ ਰਵਿਦਾਸ ਜੀ ਦੇ ਢਹਿ-ਢੇਰੀ ਕੀਤੇ ਮੰਦਰ ਬਾਰੇ ਕੋਈ ਰਣਨੀਤੀ ਸਮਾਜ ਅੱਗੇ ਨਹੀਂ ਰੱਖੀ। ਇਉਂ ਕਹਿ ਲਈਏ ਕਿ ਸੱਤਾ ਦੀ ਲਲਕ ਵਿੱਚ ਉਹ ਇਨ੍ਹਾਂ ਹੇਠ ਲਹਿ ਗਈ ਹੈ ਕਿ ਕੁਰਸੀ ਤੋਂ ਬਿਨਾ ਹੋਰ ਕੁਝ ਨਜ਼ਰ ਨਹੀਂ ਆਉਂਦਾ। ਦੇਸ਼ ਵਿੱਚ ਹਾਵੀ ਹੋ ਰਹੇ ਭਗਵੇ ਮੁੱਦੇ ਵੀ ਉਸ ਨੂੰ ਨਹੀਂ ਦਿਖਾਈ ਦੇ ਰਹੇ। ਜਿਸ ਸਮਾਜ ਤੋਂ ਪਾਰਟੀ ਵੋਟਾਂ ਦੀ ਉਮੀਦ ਕਰਦੀ ਹੈ, ਉਸ ਦੀ ਨਾੜ ਪਛਾਨਣਾ ਵੀ ਜ਼ਰੂਰੀ ਹੈ ਜਿਸ ਤੋਂ ਉਹ ਖੁੰਝ ਗਈ ਹੈ।ਸਮੇਂ ਅਨੁਸਾਰ ਹੁਣ ਬਹੁਤ ਕੁਝ ਬਦਲ ਚੁੱਕਾ ਹੈ। ਮਾਇਆਵਤੀ ਨੇ ਸੱਤਾ ਤੋਂ ਬਾਹਰ ਹੋ ਕੇ ਕਦੇ ਮੰਥਨ ਨਹੀਂ ਕੀਤਾ ਕਿ ਹਾਰ ਲਈ ਕਿਹੜੇ ਕਾਰਨ ਜ਼ਿੰਮੇਵਾਰ ਹਨ ? ਹੁਣ 2024 ਦੀਆਂ ਚੋਣਾਂ ਦੀ ਹਾਰ ਪਿਛੋਂ ਵੀ ਇਹੀ ਹੋਵੇਗਾ। ਅਵਤਾਰ ਸਿੰਘ ਕਰੀਮਪੁਰੀ ਦੇ ਪੰਜਾਬ ਬਸਪਾ ਪ੍ਰਧਾਨ ਹੁੰਦੇ ਹੋਏ ਬਸਪਾ ਨੇ ਲਗਭਗ ਇੱਕ ਦਰਜਨ ਲੋਕ ਸਭਾ/ਵਿਧਾਨ ਸਭਾ ਚੋਣਾਂ ਵਿੱਚ ਹਾਰ ਦਾ ਸਾਹਮਣਾ ਕੀਤਾ ਪਰ ਉਨ੍ਹਾਂ ਕਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਨਾ ਅਸਤੀਫ਼ਾ ਦਿੱਤਾ ਤੇ ਕਿਸੇ ਨੇ ਮੰਗਣ ਦੀ ਜੁਅਰਤ ਕੀਤੀ। ਇਸ ਵਿਚੋਂ ਲੋਕਤੰਤਰ ਨਹੀਂ, ਤਾਨਾਸ਼ਾਹੀ ਦਾ ਝਲਕਾਰਾ ਪੈਂਦਾ ਹੈ। ਇਹੀ ਗੱਲ ਹੁਣ ਜਸਵੀਰ ਸਿੰਘ ਗੜ੍ਹੀ 'ਤੇ ਲਾਗੂ ਹੁੰਦੀ ਹੈ।ਸਾਲ 2024 ਦੀਆਂ ਚੋਣਾਂ ਬਹੁਤ ਅਹਿਮ ਸਨ ਜਦੋਂ ਭਾਜਪਾ ਨੇ 400 ਪਾਰ ਦਾ ਨਾਅਰਾ ਦਿੱਤਾ। ਇਸ ਦੇ ਕਈ ਨੇਤਾਵਾਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੰਵਿਧਾਨ ਦੀ ਥਾਂ ਨਵਾਂ ਸੰਵਿਧਾਨ ਲਾਗੂ ਕਰਨ ਦਾ ਸੰਕੇਤ ਚਿਰ ਪਹਿਲਾਂ ਦੇ ਦਿੱਤਾ ਸੀ। ਸਾਰੀਆਂ ਵਿਰੋਧੀ ਪਾਰਟੀਆਂ 2022 ਤੋਂ ਹੀ ਰਣਨੀਤੀ ਬਣਾਉਣ ਵਿਚ ਜੁੱਟ ਗਈਆਂ ਸਨ। ਭਾਜਪਾ ਨੂੰ ਹਰਾਉਣ ਲਈ ਲਾਮਬੰਦੀ ਜ਼ਰੂਰੀ ਵੀ ਸੀ। ਸਾਰੇ ਭਾਰਤ ਦੀਆਂ ਪਾਰਟੀਆਂ ਦੋ ਗੁੱਟਾਂ ਵਿੱਚ ਵੰਡੀਆਂ ਗਈਆਂ। ਬਸਪਾ ਹੀ ਅਜਿਹੀ ਪਾਰਟੀ ਸੀ ਜੋ ਕਿਸੇ ਗਠਜੋੜ ਦਾ ਹਿੱਸਾ ਨਹੀਂ ਬਣੀ। ਮਮਤਾ ਬੈਨਰਜੀ ਵਲੋਂ ਗਠਜੋੜ ਦਾ ਹਿੱਸਾ ਬਣ ਕੇ ਅਲੱਗ ਹੋਣਾ ਹੋਰ ਗੱਲ ਹੈ ਕਿਉਂਕਿ ਉਸ ਦੀ ਪੱਛਮੀ ਬੰਗਾਲ ਤੋਂ ਬਾਹਰ ਕੋਈ ਹੋਂਦ ਨਹੀਂ। ਬਸਪਾ ਦਾ ਆਪਣੇ ਬਲਬੂਤੇ ਚੋਣ ਲੜਨ ਦਾ ਰਾਗ ਅਲਾਪਣਾ ਕਈ ਸਵਾਲ ਖੜ੍ਹੇ ਕਰਦਾ ਹੈ। ਸਮਾਜ ਕਿਸੇ ਪਾਰਟੀ ਦਾ ਗੁਲਾਮ ਨਹੀਂ ਜੋ ਉਸ ਦੇ ਇਸ਼ਾਰੇ 'ਤੇ ਨੱਚਦਾ ਫਿਰੇ। ਉਸ ਨੂੰ ਕੁਝ ਠੋਸ ਪ੍ਰਾਪਤੀ ਦਿਸਣੀ ਚਾਹੀਦੀ ਹੈ। ਜੇ ਬਸਪਾ ਕਿਸੇ ਵੀ ਗਠਜੋੜ ਦਾ ਹਿੱਸਾ ਹੁੰਦੀ ਤਾਂ ਅਜੋਕੇ ਹਾਲਾਤ ਵਿੱਚ ਉਸ ਦੇ ਘੱਟੋ-ਘੱਟ ਵੀਹ ਮੈਂਬਰ ਲੋਕ ਸਭਾ ਦਾ ਹਿੱਸਾ ਬਣ ਕੇ ਆਪਣੇ ਸਮਾਜ ਦੀ ਆਵਾਜ਼ ਬੁਲੰਦ ਕਰਨ ਦੇ ਯੋਗ ਬਣਦੇ। ਸਮਾਜਵਾਦੀ ਪਾਰਟੀ ਦੇ ਲਗਭਗ ਤਿੰਨ ਦਰਜਨ ਐੱਮ.ਪੀ. ਚੁਣੇ ਜਾਣ ਨੂੰ ਅਸੀਂ ਸਿਆਸੀ ਰਣਨੀਤੀ ਕਹਿ ਸਕਦੇ ਹਾਂ, ਬਸਪਾ ਦੇ ਖਾਲੀ ਠੂਠੇ ਨੂੰ ਨਹੀਂ। ਮਾਇਆਵਤੀ ਦਾ ਇਹ ਕਦਮ ਦਲਿਤ ਸਮਾਜ ਦੇ ਕਿਸੇ ਸੂਝਵਾਨ ਨੇ ਪਸੰਦ ਕੀਤਾ ਹੋਵੇ; ਧਿਆਨ ਵਿੱਚ ਨਹੀਂ ਆਇਆ। ਹੁਣ 2029 ਤਕ ਬਹੁਤ ਦੇਰ ਹੋ ਜਾਵੇਗੀ। ਜਾਪਦਾ ਹੈ, ਲੀਡਰਸ਼ਿਪ ਨੇ ਸਮਾਜ ਦੇ ਉਸ ਜਹਾਜ਼ ਨੂੰ ਅਧਵਾਟੇ ਛੱਡ ਦਿੱਤਾ ਜਿਸ ਨੂੰ ਬਾਬੂ ਕਾਂਸ਼ੀ ਰਾਮ ਦਿਨ-ਰਾਤ ਇੱਕ ਕਰ ਕੇ ਉਡਾਣ ਭਰਨ ਲਈ ਵੱਡੀ ਮਿਹਨਤ ਨਾਲ ਰਨਵੇ 'ਤੇ ਲੈ ਆਏ ਸਨ। ਜਾਪਦਾ ਇੰਝ ਹੈ ਕਿ ਬਸਪਾ ਜਿੱਤਣ ਲਈ ਚੋਣ ਨਹੀਂ ਲੜਦੀ ਬਲਕਿ ਆਪਣੀ ਹੋਂਦ ਦਰਜ ਕਰਾਉਣ ਤਕ ਹੀ ਸਿਮਟ ਗਈ ਹੈ ਜੋ ਦਲਿਤ ਸਮਾਜ ਲਈ ਘਾਤਕ ਹੈ। ਇਸ ਲਈ ਸਮੂਹ ਬਸਪਾ ਲੀਡਰਸ਼ਿਪ ਅਤੇ ਵਰਕਰਾਂ ਨੂੰ ਗਹਿਰੀ ਪੁਣਛਾਣ ਕਰ ਕੇ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰਨ ਦੀ ਵੱਡੀ ਲੋੜ ਹੈ ਤਾਂ ਜੋ ਪਾਰਟੀ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕੇ।

# ਮੋਦੀ ਸਰਕਾਰ ਦਾ ਤੀਜਾ ਕਾਰਜਕਾਲ-ਚੁਣੌਤੀਆਂ ਭਰਪੂਰ ਹੋਵੇਗਾ ?





ਕਲਿਆਣੀ ਸ਼ੰਕਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਗੱਠਜੋੜ ਸਰਕਾਰ ਨੇ ਹੁਣੇ-ਹੁਣੇ ਕਾਰਜਭਾਰ ਸੰਭਾਲਿਆ ਹੈ ਅਤੇ ਇਹ ਅਨੁਮਾਨ ਲਗਾਉਣਾ ਜਲਦਬਾਜ਼ੀ ਹੋਵੇਗੀ ਕਿ ਇਹ ਕਿਹੋ ਜਿਹਾ ਪ੍ਰਦਰਸ਼ਨ ਕਰੇਗੀ, ਇੱਥੋਂ ਤੱਕ ਕਿ ਇਹ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰੇਗੀ ਵੀ ਜਾਂ ਨਹੀਂ। ਇਹ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਭਾਰਤ 'ਚ ਬਹੁ-ਪਾਰਟੀ ਸਰਕਾਰਾਂ ਦਾ ਇਤਿਹਾਸ ਗੜਬੜਾ ਗਿਆ ਹੈ। ਮਰਹੂਮ ਭਾਜਪਾ ਨੇਤਾ ਅਟਲ ਬਿਹਾਰੀ ਵਾਜਪਾਈ ਨੇ ਵੀ 1998 ਤੋਂ 2004 ਤੱਕ 24 ਪਾਰਟੀਆਂ ਦੇ ਗੱਠਜੋੜ ਨੂੰ ਚਲਾਇਆ ਸੀ। ਗੱਠਜੋੜ ਸਰਕਾਰਾਂ ਦੇ ਨਾਲ ਭਾਰਤ ਦਾ ਤਜਰਬਾ ਕੁਝ ਹੱਦ ਤੱਕ ਉਥਲ-ਪੁਥਲ ਭਰਿਆ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਜਾ ਕਾਰਜਕਾਲ ਜਿੱਤਿਆ ਹੈ, ਜੋ ਇੱਕ ਮਹੱਤਵਪੂਰਨ ਨਿੱਜੀ ਉਪਲਬਧੀ ਵੀ ਹੈ, ਪਰ ਭਾਜਪਾ ਨੂੰ ਸੁਤੰਤਰ ਰੂਪ ਨਾਲ ਸ਼ਾਸਨ ਕਰਨ ਲਈ ਜ਼ਰੂਰੀ 272 ਸੀਟਾਂ 'ਚੋਂ ਸਿਰਫ਼ 240 ਸੀਟਾਂ ਹੀ ਮਿਲੀਆਂ ਹਨ। ਮੋਦੀ ਹੁਣ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀਆਂ ਹੋਰ ਪਾਰਟੀਆਂ ਦੇ ਨਾਲ ਗੱਠਜੋੜ ਸਰਕਾਰ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੀ ਸਰਕਾਰ ਦਾ ਭਵਿੱਖ ਇਨ੍ਹਾਂ ਸਹਿਯੋਗੀਆਂ 'ਤੇ ਨਿਰਭਰ ਕਰਦਾ ਹੈ ਅਤੇ ਮੋਦੀ ਇੰਨੇ ਚੁਸਤ ਸਿਆਸਤਦਾਨ ਹਨ ਕਿ ਉਨ੍ਹਾਂ ਤੋਂ ਇਹ ਉਮੀਦ ਨਹੀਂ ਕਿ ਉਹ ਇਹ ਨਾ ਸਮਝਣ ਕਿ ਹਾਲਾਤ ਦੀ ਉਨ੍ਹਾਂ ਤੋਂ ਕੀ ਉਮੀਦ ਹੈ।

ਐਨ.ਡੀ.ਏ. ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਿੱਚ ਕੇਂਦਰ ਤੋਂ ਸੱਜੇ ਪੱਖ ਵੱਲ ਝੁਕਾਅ ਰੱਖਣ ਵਾਲੀਆਂ ਪਾਰਟੀਆਂ ਦਾ ਗੱਠਜੋੜ ਹੈ। ਹਾਲ ਦੀਆਂ ਚੋਣਾਂ 'ਚ ਸਹਿਯੋਗੀਆਂ ਨੇ 53 ਸੀਟਾਂ ਹਾਸਿਲ ਕੀਤੀਆਂ, ਜਿਸ ਨਾਲ ਐਨ.ਡੀ.ਏ. ਦੀਆਂ ਕੁੱਲ ਸੀਟਾਂ 283 ਹੋ ਗਈਆਂ, ਜੋ ਸਰਕਾਰ ਬਣਾਉਣ ਲਈ ਜ਼ਰੂਰੀ ਗਿਣਤੀ ਤੋਂ 21 ਵੱਧ ਹਨ। ਮੋਦੀ ਲਈ ਇਹ ਇੱਕ ਨਵੀਂ ਸਥਿਤੀ ਹੈ। ਇੱਕ ਅਜਿਹੇ ਨੇਤਾ ਵਜੋਂ ਜੋ ਸੱਤਾ ਨੂੰ ਕੇਂਦਰੀਕ੍ਰਿਤ ਕਰਨ 'ਚ ਵਿਸ਼ਵਾਸ ਰੱਖਦਾ ਹੈ, ਗੱਠਜੋੜ ਸਰਕਾਰ ਦਾ ਸੰਕਲਪ ਮੋਦੀ ਦੇ ਅਧਿਕਾਰ ਨੂੰ ਚੁਣੌਤੀ ਦਿੰਦਾ ਹੈ।

ਇਹ ਉਨ੍ਹਾਂ ਦੇ ਰਾਜਨੀਤਕ ਏਜੰਡੇ ਦੀ ਦਿਸ਼ਾ ਨੂੰ ਮਹੱਤਵਪੂਰਨ ਤੌਰ 'ਤੇ ਬਦਲ ਸਕਦਾ ਹੈ, ਜਿਸ ਦੇ ਸਿੱਟੇ ਵਜੋਂ ਸੰਭਾਵਿਤ ਤੌਰ 'ਤੇ ਉਨ੍ਹਾਂ ਨੀਤੀਆਂ 'ਤੇ ਵਧੇਰੇ ਜ਼ੋਰ ਦਿੱਤਾ ਜਾ ਸਕਦਾ ਹੈ ਜੋ ਸਿਰਫ਼ ਭਾਜਪਾ ਦੇ ਏਜੰਡੇ ਦੇ ਅਨੁਕੂਲ ਹੋਣ ਦੀ ਬਜਾਏ ਵੱਖ-ਵੱਖ ਗੱਠਜੋੜ ਭਾਈਵਾਲਾਂ ਨੂੰ ਆਕਰਸ਼ਿਤ ਕਰਦੀਆਂ ਹਨ। ਐਨ.ਡੀ.ਏ. ਗੱਠਜੋੜ ਸਰਕਾਰ ਦੇ ਗਠਨ ਨਾਲ ਸਰਕਾਰ ਦੀਆਂ ਤਰਜੀਹਾਂ 'ਚ ਬਦਲਾਅ ਹੋ ਸਕਦਾ ਹੈ।

ਗੱਠਜੋੜ ਦੀਆਂ ਨੀਤੀਆਂ 'ਤੇ ਵਧੇਰੇ ਜ਼ੋਰ ਦਿੱਤਾ ਜਾ ਸਕਦਾ ਹੈ ਅਤੇ ਮੋਦੀ ਦੇ ਧਾਰਮਿਕ ਰਾਸ਼ਟਰਵਾਦੀ ਏਜੰਡੇ ਵਿੱਚ ਸੰਭਾਵਿਤ ਤੌਰ 'ਤੇ ਨਰਮੀ ਆ ਸਕਦੀ ਹੈ। ਇਸ ਦਾ ਭਾਰਤ ਦੇ ਰਾਜਨੀਤਕ ਅਤੇ ਸਮਾਜਿਕ ਤਾਣੇ-ਬਾਣੇ 'ਤੇ ਦੂਰਗਾਮੀ ਪ੍ਰਭਾਵ ਪੈ ਸਕਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਹੁਣ ਆਪਣੇ ਤੀਜੇ ਕਾਰਜਕਾਲ 'ਚ ਹਨ, ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਰਥਿਕ ਸੁਧਾਰ, ਕੌਮੀ ਸੁਰੱਖਿਆ ਅਤੇ ਸਮਾਜ ਭਲਾਈ ਸੰਬੰਧੀ ਆਪਣੀਆਂ ਨੀਤੀਆਂ ਨੂੰ ਜਾਰੀ ਰੱਖਣਗੇ। ਫਿਰ ਵੀ, ਉਨ੍ਹਾਂ ਨੂੰ ਇੱਕ ਵਿਭਿੰਨਤਾਵਾਂ ਵਾਲੇ ਗੱਠਜੋੜ ਨੂੰ ਸੰਭਾਲਣ ਦੀ ਵਾਧੂ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੱਠਜੋੜ ਭਾਈਵਾਲਾਂ ਨਾਲ ਨਜਿੱਠਣਾ ਅਤੇ ਸੰਸਦ ਚਲਾਉਣਾ ਮੁਸ਼ਕਿਲ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਅਧਿਕਾਰਤ ਵਿਰੋਧੀ ਧਿਰ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

ਆਪਣੇ ਤੀਜੇ ਕਾਰਜਕਾਲ 'ਚ ਮੋਦੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਉਨ੍ਹਾਂ ਦੇ ਅਧਿਕਾਰ ਦੀ ਹੱਦ ਬਾਰੇ ਸਵਾਲ ਹੈ, ਖ਼ਾਸਕਰ ਉਦੋਂ ਜਦੋਂ ਭਾਜਪਾ ਨੇ ਆਪਣਾ ਬਹੁਮਤ ਗੁਆ ਦਿੱਤਾ ਹੈ। ਨਵੀਂ ਰਾਜਨੀਤਕ ਗਤੀਸ਼ੀਲਤਾ ਉੱਭਰੀ ਹੈ, ਜਿਸ 'ਚ ਪਾਰਟੀ ਦੇ ਮੁਢਲੇ ਐਨ.ਡੀ.ਏ. ਭਾਈਵਾਲ ਹੁਣ ਸੱਤਾਧਾਰੀ ਗੱਠਜੋੜ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਸ ਬਦਲਾਅ ਨੂੰ ਖੇਤਰੀ ਰਾਜਨੀਤਕ ਗਤੀਸ਼ੀਲਤਾ ਸਮੇਤ ਵੱਖ-ਵੱਖ ਕਾਰਕਾਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪਹਿਲੀ ਵੱਡੀ ਰੁਕਾਵਟ ਸਰਕਾਰ ਬਣਾਉਣਾ ਸੀ, ਜਿਸ ਲਈ ਉਨ੍ਹਾਂ ਨੇ ਗੱਠਜੋੜ ਦੀ ਰਾਜਨੀਤੀ ਦੀਆਂ ਪੇਚੀਦਗੀਆਂ ਨੂੰ ਸਮਝਣਾ ਸੀ। ਆਪਣੀ ਸਪੱਸ਼ਟ ਅਤੇ ਸੁਤੰਤਰ ਰਾਜਨੀਤਕ ਸ਼ੈਲੀ ਨੂੰ ਜਾਰੀ ਰੱਖਣ ਸਮਾਂ ਤੇ ਕੋਸ਼ਿਸ਼ਾਂ ਲਾਉਣੀਆਂ ਪੈ ਸਕਦੀਆਂ ਹਨ।

ਮੁੱਖ ਗੱਲ ਐਨ.ਡੀ.ਏ. ਨੂੰ ਨਾਲ ਰੱਖਣਾ ਹੈ। ਅਫ਼ਵਾਹਾਂ ਅਨੁਸਾਰ, 'ਇੰਡੀਆ' ਗੱਠਜੋੜ ਜੇ.ਡੀ.ਯੂ. ਅਤੇ ਟੀ.ਡੀ.ਪੀ. ਨੂੰ ਆਪਣੇ ਪਾਲੇ 'ਚ ਲਿਆਉਣਾ ਚਾਹੁੰਦਾ ਸੀ ਅਤੇ ਆਪਣੀ ਸਰਕਾਰ ਬਣਾਉਣਾ ਚਾਹੁੰਦਾ ਸੀ। ਇਹ ਚਾਲ ਅਸਫਲ ਰਹੀ, ਪਰ ਇਸ ਨਾਲ ਰਾਜਨੀਤਕ ਤਾਕਤਾਂ ਦਾ ਮੁੜ ਤੋਂ ਧਰੁਵੀਕਰਨ ਹੋ ਸਕਦਾ ਹੈ, ਜਿਸ ਨਾਲ ਗੱਠਜੋੜ ਅੰਦਰ ਸੱਤਾ ਦਾ ਸੰਤੁਲਨ ਵਿਗੜ ਸਕਦਾ ਹੈ। ਮੋਦੀ ਦੇ ਐਨ.ਡੀ.ਏ. ਭਾਈਵਾਲ ਵਫ਼ਾਦਾਰ ਰਹਿਣਗੇ ਜਾਂ ਉਨ੍ਹਾਂ ਦੇ ਸ਼ਾਸਨ ਨੂੰ ਕਮਜ਼ੋਰ ਕਰਨਗੇ, ਇਹ ਕਿਆਸ ਅਰਾਈਆਂ ਅਤੇ ਸਵਾਲ ਹੈ। ਪ੍ਰਮੁੱਖ ਭਾਈਵਾਲਾਂ ਦੀ ਬੇਭਰੋਸੇਯੋਗਤਾ ਦੇ ਇਤਿਹਾਸ ਨੂੰ ਦੇਖਦਿਆਂ ਅਨਿਸਚਿਤਤਾ 'ਤੇ ਨਜ਼ਰ ਰੱਖਣ ਦੀ ਲੋੜ ਹੈ।

ਪਿਛਲੇ ਦਹਾਕੇ 'ਚ ਟੀ.ਡੀ.ਪੀ., ਸ਼ਿਵ ਸੈਨਾ, ਏ.ਆਈ.ਏ.ਡੀ.ਐਮ.ਕੇ. ਅਤੇ ਅਕਾਲੀ ਦਲ ਵਰਗੇ ਭਾਜਪਾ ਦੇ ਕੁਝ ਪ੍ਰਮੁੱਖ ਭਾਈਵਾਲਾਂ ਨੇ ਆਪਣੀ ਸਾਂਝੇਦਾਰੀ ਖ਼ਤਮ ਕਰ ਦਿੱਤੀ ਸੀ। 2018 'ਚ ਟੀ.ਡੀ.ਪੀ. ਨੇ ਗੱਠਜੋੜ ਛੱਡ ਦਿੱਤਾ ਸੀ, ਕਿਉਂਕਿ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਸ਼੍ਰੇਣੀ ਦਾ ਦਰਜਾ ਨਹੀਂ ਮਿਲਿਆ ਸੀ। ਹੁਣ ਟੀ.ਡੀ.ਪੀ. ਅਤੇ ਜੇ.ਡੀ.ਯੂ. ਮੁੜ ਤੋਂ ਭਾਜਪਾ ਦੇ ਨਾਲ ਹਨ। ਮੋਦੀ ਨੂੰ ਇਸ ਗੱਲ ਦਾ ਧਿਆਨ ਰੱਖਣਾ ਹੋਵੇਗਾ ਕਿ ਤੇਲਗੂ ਦੇਸ਼ਮ ਪਾਰਟੀ ਅਤੇ ਜਨਤਾ ਦਲ (ਯੂਨਾਈਟਿਡ) ਅਲੱਗ-ਥਲੱਗ ਨਾ ਪੈ ਜਾਣ।

ਚੰਦਰਬਾਬੂ ਨਾਇਡੂ ਅਤੇ ਨਿਤਿਸ਼ ਕੁਮਾਰ ਜਿਨ੍ਹਾਂ ਕੋਲ 28 ਸੀਟਾਂ ਹਨ, 'ਕਿੰਗਮੇਕਰ' ਹਨ।

(ਬਾਕੀ ਸਫ਼ਾ 31 'ਤੇ)

# ਸਿੱਖ ਸਿਆਸਤ ਅਤੇ ਬਦਲਦੇ ਸਮੀਕਰਣ



ਸ. ਦਲਵਿੰਦਰ ਸਿੰਘ ਘੁੰਮਣ

ਦੁਨੀਆਂ ਵਿੱਚ ਆਦਿ ਕਾਲ ਤੋਂ ਵੱਸਦੀਆਂ ਕੌਮਾਂ ਨੇ ਆਪਣੇ ਧਰਮਾਂ, ਪਰੰਪਰਾਵਾਂ, ਭਾਸ਼ਾਵਾਂ, ਮਾਨਤਾਵਾਂ ਦੇ ਘੇਰੇ ਮਾਰ ਕੇ ਲਗਾਤਾਰ ਗਤੀਸ਼ੀਲ ਹੋ ਕੇ ਉਹਨਾਂ ਨੂੰ ਸਮੇਂ ਦੇ ਨਾਲ ਨਾਲ ਪੱਕਿਆਂ ਕਰਦੇ ਹੋਏ ਉਸ ਦੀ ਰੱਖਿਆ ਲਈ ਸਖ਼ਤ ਪਹਿਰਾ ਦਿੱਤਾ। ਜਿਸ ਨਾਲ ਕੌਮਾਂ ਨੂੰ ਦੁਨੀਆਂ ਵਿੱਚ ਆਪਣੀ ਵੱਖਰੀ ਹੋਂਦ ਸਥਾਪਤੀ ਲਈ ਰਾਜਨੀਤਕ ਪਹਿਲ ਕਦਮੀਆਂ ਦੀ ਬਣਤਰ ਬਣਾਉਣ ਦੀ ਜ਼ਰੂਰਤ ਪੈਂਦੀ ਹੈ। ਜੋ ਅੱਗੇ ਜਾ ਕੇ ਕਿਸੇ ਖਾਸ ਖ਼ਿੱਤੇ, ਦੇਸ਼, ਦੁਨੀਆਂ ਵਿੱਚ ਵਿਚਰਦੀ ਹੋਈ ਵੱਡੀ ਹੁੰਦੀ ਵਿਖਾਈ ਦਿੰਦੀ ਹੈ। ਪਿੰਡ, ਸ਼ਹਿਰ, ਦੇਸ਼ ਬਣਦੇ ਹਨ।

ਸਿੱਖ ਧਰਮ ਦੁਨੀਆਂ ਦੇ ਧਰਮਾਂ ਵਿੱਚੋਂ ਨਵੀਨ ਵੱਖਰਤਾ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਗੁਰੂ ਸਨ। ਜਿਨ੍ਹਾਂ ਨੇ ਵਿਗਿਆਨ ਯੁੱਗ ਵੱਲ ਵੱਧ ਰਹੇ ਸਮਾਜ ਨੂੰ ਤਰਕ ਦੀ ?ਭਾਸ਼ਾ, ਵਿਚਾਰ ਗੋਸਟੀ ਦੇ ਰਾਹ ਪਾ ਕੇ ਨਵੇਂ ਸਮਾਜ ਦੀ ਸਿਰਜਨਾ ਰਚੀ। ਜੋ ਨਿਰੰਤਰ ਦਸ ਗੁਰੂ ਜ਼ਾਮਿਆਂ ਤੱਕ ਆਪਣੇ ਵੱਖਰੇ ਵੱਖਰੇ ਪ੍ਰਭਾਵਾਂ ਨਾਲ ਮਨੁੱਖ ਨੂੰ ਆਤਮਾ ਅਤੇ ਪਰਮਾਤਮਾ ਨਾਲ ਅੰਤਰੀਵ ਕਰਦੀ ਹੈ।

ਸਿੱਖਾਂ ਦੀ ਭਗਤੀ ਅਤੇ ਸ਼ਕਤੀ ਦੇ ਸੋਮੇ ਸ਼ਬਦ, ਗੁਰਬਾਣੀ ਹਨ। ਸਿੱਖ ਇੱਕ ਧਰਮ ਹੈ ਜੋ ਅੰਤਰਮੁਖੀ ਸ਼ਰਧਾ, ਵਿਸ਼ਵਾਸ ਨਾਲ ਗੁਰੂ ਨਾਲ ਰੂਪਮਾਨ ਹੁੰਦਾ ਹੈ। ਛੇਵੇ ਪਾਤਿਸ਼ਾਹ ਸ਼੍ਰੀ ? ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਗਤੀ ਸ਼ਕਤੀ ਦੇ ਸੋਮੇ ਸ਼੍ਰੀ ? ਅਕਾਲ ਤਖ਼ਤ ਦੀ ਉਸਾਰੀ ਕਰਵਾਈ। ਜੋ ਰਾਜਨੀਤੀ ਪ੍ਰਾਪਤੀ ਦੀ ਪਿਰਤ ਪਾ ਕੇ ਜੰਗਾਂ ਵਿੱਚ ਰੁੱਝਣ ਵਾਲ਼ੇ ਪਹਿਲੇ ਗੁਰੂ ਬਣੇ। ਸਿੱਖਾਂ ਨੂੰ ਮਿਲਟਰੀ ਟ੍ਰੇਨਿੰਗ ਅਤੇ ਜੰਗੀ ਕਲਾ ਵਿੱਚ ਹਿੱਸਾ ਲੈਣ ਲਈ ਸਲਾਹ ਦਿੱਤੀ, ਮੀਰੀ ਪੀਰੀ ਦੀ ਕਾਇਮੀ ਕੀਤੀ। ਜਿਥੋਂ ਸਾਨੂੰ ਰਾਜ ਸ਼ਕਤੀ ਦੀ ਪ੍ਰਾਪਤੀ ਲਈ ਸੰਦੇਸ਼ ਮਿਲਦਾ ਹੈ। ਜਿਸ ਨਾਲ ਸਿੱਖ ਨੇ ਮਾਨਵਤਾਵਾਦੀ ਹੋ ਕੇ ਸੰਸਾਰ ਦੇ ਭਲੇ ਲਈ ਹੱਕ ਸੱਚ ਲਈ ਗੁਰੂ ਪ੍ਰਣਾਈ ਸਿਧਾਂਤਿਕ ਸੋਚ ਨੂੰ ਦੁਨੀਆਂ ਵਿੱਚ ਲੈ ਜਾਣਾ ਹੈ।

ਸਿੱਖਾਂ ਲਈ ਰਾਜਨੀਤੀ ਸੋਚ ਹਮੇਸ਼ਾ ਭਾਰੂ ਰਹੀ ਹੈ। ਆਪਣੇ ਖ਼ਿੱਤੇ ਲਈ ਸੁਰੱਖਿਅਤ ਘੇਰਾ ਬਣਾਈ ਰੱਖਣ ਦੀ ਲੜਾਈ ਆਦਿ ਕਾਲ ਤੋਂ ਹੈ। ਸਿੱਖਾਂ ਨੂੰ ਰਾਜਨੀਤੀ ਦੀ ਚੇਟਕ ਗੁਰੂ ਸਾਹਿਬ ਤੋਂ ਸ਼ੁਰੂ ਹੋ ਕੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਕਾਇਮ ਕਰਨ ਤੱਕ ਦਾ ਸਫ਼ਰ ਕਿਸੇ ਕੌਮ ਲਈ ਬਹੁਤ ਘੱਟ ਸਮੇਂ ਵਿੱਚ ਕਾਇਮ ਹੋਇਆ ਇਤਿਹਾਸ ਹੈ। ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਬਹੁਤ ਬੇਮਿਸਾਲ ਸੁਘੜ, ਨਿਪੁੰਨ ਰਾਜਨੀਤੀ ਦੀ ਨੀਂਹ ਰੱਖ ਕੇ ਗਿਆ। ਜਿਸ ਮਿਸਾਲ ਤੋਂ ਉਪਰ ਕੋਈ ਮਿਸਾਲ ਅੱਜ ਤੱਕ ਕਾਇਮ ਨਹੀਂ ਹੋ ਸਕੀ। ਜੋ ਪ੍ਰਤੱਖ ਕਰਦਾ ਹੈ ਕਿ ਸਿੱਖ ਅਸੂਲੀ ਰਾਜਨੀਤੀ ਦੇ ਧਾਰਨੀ ਹਨ। ਪਰ ਸਮੇਂ ਦੀ ਬਹੁਤ ਵੱਡੀ ਕਰਵੱਟ ਨੇ ਸਿੱਖਾਂ ਨੂੰ ਰਾਜ ਵਿਹੂਣੇ ਕਰ ਦਿੱਤਾ। 1849 ਵਿੱਚ ਵਿਸ਼ਵਾਸਘਾਤ ਕਰਕੇ ਧੋਖਾ ਹੋਇਆ ਅਤੇ 1947 ਵਿੱਚ ਵਿਸ਼ਵਾਸ ਕਰਕੇ ਧੋਖਾ ਹੋਇਆ। ਸਿੱਖਾਂ ਲਈ ਖੁੰਝੇ ਮੌਕੇ ਹਮੇਸ਼ਾਂ ਗ਼ੈਰਾਂ ਦੀ ਥਾਲ਼ੀ ਵਿੱਚ ਪਰੋਸਣ ਬਰਾਬਰ ਸਨ। ਹਿੰਦੁਸਤਾਨ ਨਾਲ ਕਿਸਮਤ ਬੰਨ੍ਹਣ ਦੇ ਨਤੀਜੇ ਅੱਜ ਸਾਡੇ ਸਾਹਮਣੇ ਹਨ।

ਅੱਜ ਗੁਰੂ ਗ੍ਰੰਥ ਸਾਹਿਬ, ਸਿੱਖੀ, ਪੰਜਾਬ, ਭਾਸ਼ਾ ਨਾਲ ਯੋਜਨਾਂ ਬੰਦ ਤਰੀਕੇ ਨਾਲ ਖਤਮ ਕਰਨ ਦੇ ਚਾਣਕਿਆ ਨੀਤੀ ਚੱਲ ਰਹੀ ਹੈ। ਸਿੱਖ ਰਾਜਨੀਤੀ ਵਿੱਚ ਸਿੱਖੀ ਸਰੂਪ ਨਾਲ ਮਿਲਦੇ ਭੇਖੀ ਲੋਕਾਂ ਨਾਲ ਖ਼ਲਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਚਰਮ ਸੀਮਾਂ 'ਤੇ ਹਨ। ਸਿੱਖਾਂ ਦੇ ਧਾਰਮਿਕ ਸੋਮਿਆਂ ਉੱਪਰ ਮਾਰੂ ਹਮਲੇ ਹੋ ਰਹੇ ਹਨ। ਕੌਮ ਦਾ ਸਰਮਾਇਆ ਅਕਾਲੀ ਦਲ, ਸ਼੍ਰੋਮਣੀ ਕਮੇਟੀ ਪੰਜਾਬ ਸਮੇਤ ਦਿੱਲੀ, ਹਰਿਆਣਾ ਦੀਆਂ ਕਮੇਟੀਆਂ, ਅਖ਼ਬਾਰਾਂ, ਯੂਨੀਵਰਸਿਟੀਆਂ, ਚੀਫ਼ ਖ਼ਾਲਸਾ ਦੀਵਾਨ, ਉੱਪਰ ਹਿੰਦੂ ਤਵੀ ਸ਼ਕਤੀਆਂ ਦਾ ਕਬਜ਼ਾ ਬਣ ਰਿਹਾ ਹੈ। ਸਿੱਖੀ ਅਤੇ ਪੰਜਾਬ ਨੂੰ ਫਨਾਈ ਦੇ ਕੰਢੇ 'ਤੇ ਲਿਆਉਣ ਦੇ ਯਤਨ ਹੋ ਰਹੇ ਹਨ।

ਭਾਰਤ ਦੀਆਂ ਲੋਕ ਸਭਾ ਇਲੈਕਸ਼ਨਾਂ ਆਪਣੇ 4 ਤਾਰੀਖ਼ 2024 ਦੇ ਨਤੀਜੇ ਦੇ ਕੇ ਖਤਮ ਹੋਈ ਹੈ। ਜਿਸ ਵਿੱਚ ਨਰਿੰਦਰ ਮੋਦੀ ਦੀ ਹਿੰਦੂ ਤਵੀ ਰਾਜਨੀਤੀ ਦੀ ਪਿਛਲ ਖੁਰੀ ਹੋਈ ਹੈ। ਪਿਛਲੀ 2014 ਅਤੇ 2019 ਦੀਆਂ ਪੂਰੀ ਬਹੁਮਤ ਨਾਲ ਜਿੱਤੀਆਂ ਇਲੈਕਸ਼ਨਾਂ ਨਾਲ ਇਸ ਵਾਰ ਇਹ ਟੀਚੇ ਤੋਂ ਵਿਹੂਣੀ ਰਹੀ ਹੈ। 400 ਪਾਰ ਦੇ ਟੀਚੇ ਤੋਂ 40% ਘੱਟ ਦਾਅਵੇਦਾਰੀ ਨਾਲ 240 ਸੀਟਾਂ 'ਤੇ ਸਿਮਟਣਾ ਪਿਆ। ਨਰਿੰਦਰ ਮੋਦੀ ਭਾਵੇਂ ਤੀਜੀ ਵਾਰ ਵੀ ਪ੍ਰਧਾਨ ਮੰਤਰੀ ਬਣ ਗਏ ਹਨ ਪਰ ਦੂਜੀਆਂ ਅਲਾਇੰਸ ਪਾਰਟੀਆਂ ਦੇ ਰਹਿਮੋ ਕਰਮ 'ਤੇ ਰਾਜਨੀਤਕ ਸਾਹ ਲੈਣਗੇ। ਪੰਜਾਬ ਵਿੱਚ ਇਹਨਾਂ ਚੋਣਾਂ ਨਾਲ ਵੱਡੇ ਨਵੇਂ ਸਮੀਕਰਣਾਂ ਦੀ ਆਹਟ ਵਿਖਾਈ ਦਿੰਦੀ ਹੈ।

ਭਾਈ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਅਤੇ ਭਾਈ ਸਰਬਜੀਤ ਸਿੰਘ ਫਰੀਦਕੋਟ ਤੋਂ ਜਿੱਤ ਅਤੇ ਸ੍ਰ. ਸਿਮਰਨਜੀਤ ਸਿੰਘ ਮਾਨ ਅਤੇ ਲੱਖਾ ਸਿਧਾਣਾ ਦੀ ਹਾਰ ਨਾਲ ਪੰਥਕ ਸਿਆਸਤ ਦੀ ਉਥਲ ਪੁਥੱਲ ਹੋਣ ਵਾਲੀ ਹੈ ?

ਕੀ ਪੰਜਾਬ ਦੇ ਹਰਖ ਨੂੰ ਮੱਠਾ ਕਰਨ ਲਈ ਕੋਈ ਆਸਵੰਦ ਯਤਨਾਂ ਦੇ ਰਾਹ ਪਈ ਸਿੱਖ ਸਿਆਸਤ ਕੋਈ ਨਵਾਂ ਕਰ ਗੁਜ਼ਰਨ ਦੀ ਦਿਸ਼ਾ ਵੱਲ ਚੁੱਕਿਆ ਕਦਮ ਮੰਨ ਲਿਆ ਜਾਵੇ ? ਕੀ ਪਿਛਲੇ 40 ਸਾਲਾਂ ਤੋਂ ਸਿੱਖਾਂ ਦੇ ਆਪਣੇ ਸਿੱਖ ਰਾਸ਼ਟਰਵਾਦ ਦੀ ਨਵੀਂ ਸਵੇਰ ਹੋ ਸਕਦੀ ਹੈ ? ਨਵੇਂ ਤਰੀਕੇ ਨਾਲ ਨਵੇਂ ਕਦਮ ਪੁੱਟਣ ਵਿੱਚ ਕਾਮਯਾਬ ਹੋਵੇਗੀ !ਸਵਾਲ ਪੈਦਾ ਕਰਨ ਦਾ ਸਮਾਂ ਹੈ ਪਰ ਜੁਆਬ ਤੱਕ ਪਹੁੰਚਣ ਲਈ ਸਮੇਂ ਦੀ ਵਿਉਂਤਬੰਦੀ ਅਹਿਮ ਹੋਵੇਗੀ। ਅਜ਼ਾਦ ਭਾਰਤ ਵਿੱਚ ਪੰਜਾਬ ਵੱਲੋਂ ਹੰਢਾਏ ਵੱਡੇ ਸੰਤਾਪ ਦੀ ਚੀਸ ਸਦੀਆਂ ਤੱਕ ਨਾਲ ਨਾ-ਭੁੱਲਣਯੋਗ ਹੈ। ਸਿੱਖਾਂ ਦੀ ਗੁਲਾਮ ਜ਼ਿਹਨੀ ਤੜਫ ਉਸਲ ਵੱਟੇ ਲੈ ਰਹੀ ਹੈ। ਉਹ ਆਪਣੇ ਵੱਖ ਵੱਖ ਰੂਪ ਲੈ ਰਹੀ ਹੈ। ਸਿੱਖ ਭਾਰਤ ਸਮੇਤ ਦੂਜੇ ਦੇਸ਼ਾਂ ਵਿੱਚ ਰਾਜਨੀਤਕ ਪਹੁੰਚ ਨਾਲ ਹਰ ਥਾਂ ਨੇੜੇ ਹੋ ਕੇ ਵਿਚਰ ਰਹੇ ਹਨ। ਆਪਣੇ ਸਰੂਪ, ਸੀਰਤ ਦਾ ਇੱਕ ਪਹੁੰਚ ਵਿਖਾਵਾ ਕਰ ਰਹੇ ਹਨ। ਪੰਜਾਬੀ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਖ਼ਾਲਸਾ ਦਰਬਾਰ ਦੀ ਬਾਦਸ਼ਾਹਤ ਦਾ ਰਾਜ ਭਾਗ ਕਦੇ ਵੀ ਵਿਸਾਰ ਨਹੀਂ ਸਕੇ। ਬਾਬਾ ਬੰਦਾ ਸਿੰਘ ਬਹਾਦਰ ਦੀ ਵਾਹੀ ਤੇਗ ਨੇ ਪੰਜਾਬ ਨੂੰ ਸਮਰੱਥ ਰਾਜ ਭਾਗ ਦੀ ਗੁੜ੍ਹਤੀ ਦੇ ਕੇ ਬੇਪ੍ਰਵਾਹ ਬਾਦਸ਼ਾਹਤ ਦੇ ਰੰਗ ਦਿੱਤੇ ਸਨ। ਜਿਸ ਨਿਆਈ ਸਿੱਖਾਂ ਅੰਦਰ ਰਾਜ ਕਰਨ ਦੀ ਅਥਾਹ ਪ੍ਰਬਲ ਇੱਛਾ ਵਿਖਾਈ ਦਿੰਦੀ ਹੈ। ਭਾਈ ਅਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਦਾ ਜਿੱਤਣਾ ਸਿੱਖੀ ਮੂੰਹ ਮੁਹਾਂਦਰੇ ਵਾਲੀ ਸਿਆਸਤ ਦਾ ਪੰਜਾਬ ਦੀ ਧਰਤੀ ਨੂੰ ਇੱਕ ਵੱਖਰੇ ਰੂਪ ਵਿੱਚ ਸਿਜਦਾ ਕਰਦਾ ਨਜ਼ਰੀ ਪੈਦਾ ਹੈ। ਜੋ ਅਗਲੇ ਸਾਲਾਂ ਵਿੱਚ ਕੌਮ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਤਹਿ ਕਰਨ ਦੇ ਸਮਰੱਥ ਹੋ ਸਕਣਗੀਆਂ ਕਿ ਇਹ ਥੋੜ੍ਹ ਚਿਰਾ ਵਰਤਾਰਾ ਹੈ ਜਾਂ ਲੰਮੀ ਜੱਦੋ-ਜਹਿਦ ਵਾਲੀ ਸਥਿਰ ਰਣਨੀਤੀ 'ਤੇ ਡਟੇਗਾ । ਭਾਜਪਾ, ਆਰਐੈਸਐੈਸ ਦਾ ਸਿੱਖ ਸੰਸਥਾਵਾਂ ਉਪਰ ਕਬਜ਼ਾਨੀਤੀ ਜਾਂ ਖਤਮ ਕਰਨ ਦੀ ਸਾਜ਼ਿਸ਼ੀ ਚਾਲ ਤੋਂ ਪੰਥਕ ਧਿਰਾਂ ਸਾਵਧਾਨ ਹੋਈਆਂ ਮਹਿਸੂਸ ਹੁੰਦੀਆਂ ਹਨ। ਜੋ ਇਹ ਚੋਣਾ ਵਿੱਚ ਹੋਈ ਜਿੱਤ ਨਾਲ ਸਿੱਧ ਹੁੰਦਾ ਹੈ।

ਸ. ਸਿਮਰਨਜੀਤ ਸਿੰਘ ਮਾਨ ਦੀ ਸੰਗਰੂਰ ਸੀਟ ਤੋਂ ਹਾਰ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ ਸੀ। ਪਿਛਲੀ 2022 ਵਿੱਚ ਜ਼ਿਮਨੀ ਚੋਣ ਵਿੱਚ ਜਿੱਤ ਨੇ ਇਹ ਸਮੀਕਰਣ ਬਣਾ ਦਿੱਤੇ ਸਨ ਕਿ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਪੰਜਾਬ, ਕੌਮ ਲਈ ਪਾਰਲੀਮੈਂਟ ਵਿੱਚ ਦੁਨੀਆਂ ਨੂੰ ਆਵਾਜ਼ ਮਾਰੀ ਜਾ ਸਕਦੀ ਹੈ। ਸ. ਸਿਮਰਨਜੀਤ ਸਿੰਘ ਮਾਨ ਦੀ ਹੈਰਾਨੀ ਜਨਕ ਹਾਰ ਦਾ ਰਾਹ ਦੇਣ ਵਿੱਚ ਸ਼ੱਕੀ ਭੂਮਿਕਾਵਾਂ ਵੀ ਨਜ਼ਰ ਪੈਂਦੀਆਂ ਹਨ। ਕਿਉਂਕਿ ਇਕੱਲਾ ਹੀ ਪਾਰਲੀਮੈਂਟ ਮੈਂਬਰ ਸੀ ਜੋ ਇਕੋ ਲੱਤੇ ਖੜ੍ਹੇ ਰਹਿ ਕਿ ਕੌਮ ਦੀ ਆਵਾਜ਼ ਬਣਿਆ। ਸਿੱਖ ਕੈਦੀਆਂ ਦੀ ਰਿਹਾਈ, ਵਿਦੇਸ਼ਾਂ ਵਿੱਚ ਸਿੱਖਾਂ ਦੇ ਕਤਲਾਂ ਦੀ ਗੱਲ ਨੂੰ ਲਗਾਤਾਰ ਉਠਾਇਆ। ਜਿਸ ਦਾ ਅਸਰ ਦੁਨੀਆਂ ਦੀਆਂ ਪੰਜ ਵੱਡੀਆਂ ਤਾਕਤਾਂ ਦਾ ਸੰਗਠਨ 'ਫਾਈਵ ਆਈਜ਼' 'ਤੇ ਪਿਆ ਮਹਿਸੂਸ ਹੁੰਦਾ ਹੈ। ਇਸ ਪੱਛਮੀ ਸੰਗਠਨ ਨੇ ਸਖ਼ਤ ਰੁਖ ਅਪਣਾਉਂਦੇ ਹੋਏ ਭਾਰਤ ਨੂੰ ਦੁਨੀਆਂ ਦੇ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਜਿਸ ਨਾਲ ਭਾਰਤ ਦੀ ਜਵਾਬਦੇਹੀ ਕੀਤੀ ਜਾ ਰਹੀ ਹੈ। ਜਿਸ ਨਾਲ ਸਰਕਾਰੀ ਕਤਲਾਂ ਨੂੰ ਰੋਕ ਵੀ ਲੱਗੀ ਹੈ। ਸਿਮਰਨਜੀਤ ਸਿੰਘ ਮਾਨ ਦੀ ਲਿਆਕਤੀ ਰਣਨੀਤੀ ਪੰਜਾਬ ਨੂੰ ਇੱਕ ਸਖ਼ਤ ਅਤੇ ਸਪੱਸ਼ਟ ਵਿਚਾਰਧਾਰਾ ਦਾ ਨਵਾਂ ਪਲੇਟਫਾਰਮ ਦੇਣ ਲਈ ਤਿਆਰ ਹੈ। ਜੇਕਰ ਸਿੱਖ ਆਪਣੀ ਦੁਬਿਧਾ 'ਚੋਂ ਬਾਹਰ ਨਿਕਲਣ ਤਾਂ ਇੱਕ ਸਿਧਾਂਤਿਕ ਸੋਚ ਨਾਲ ਹੀ ਕੌਮ ਦੇ ਲਈ ਸਿਆਸੀ ਕਿਲਾ ਉਸਾਰਿਆ ਜਾ ਸਕਦਾ ਹੈ। ਜੋ ਖੇਤਰੀ ਪਾਰਟੀ ਦੀ ਮੰਗ ਨੂੰ ਪੂਰਾ ਕਰਦਾ ਹੋਇਆ ਸਿੱਖੀ ਸਿਧਾਂਤਾਂ ਦਾ ਪੂਰਕ ਸਾਬਤ ਹੁੰਦਾ ਹੈ। ਭਾਵੇਂ ਕਿ ਚੋਣਾਂ ਵਿੱਚ ਵੱਡੀ ਲੋੜ ਸਮਰੱਥਾ ਅਤੇ ਤਾਕਤ ਹੈ ਪਰ ਅਸੂਲੀ ਪ੍ਰਬੰਧ ਜ਼ਰੂਰੀ ਹੈ ਜੋ ਕੌਮੀ ਪੱਧਰ 'ਤੇ ਲਾਹੇਵੰਦ ਸਾਬਤ ਹੋ ਸਕੇ ।

ਦੂਜੇ ਪਾਸੇ ਪੰਜਾਬ ਵਿੱਚ ਇੱਕ ਸਰਕਾਰ ਪੱਖੀ ਨਵੇਂ ਅਕਾਲੀ ਦਲ ਦੇ ਉਭਰਨ ਦੇ ਸੰਕੇਤ ਵੀ ਆਉਣੇ ਸ਼ੁਰੂ ਹੋਏ ਹਨ। ਜੋ ਬਾਦਲ ਅਕਾਲੀ ਦਲ ਦੀ ਸਮਾਪਤੀ ਕੰਢੇ ਪਹੁੰਚੇ ਹਾਲਾਤ ਦਾ ਫਾਇਦਾ ਲੈਣ ਲਈ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ। ਸੋ ਇਸੇ ਵਿੱਚੋਂ ਹੀ ਇੱਕ ਸਰਕਾਰੀ ਮੰਨਸ਼ਾਧਾਰੀ ਪਲੇਟਫਾਰਮ ਬਣਾਇਆ ਜਾ ਰਿਹਾ ਹੈ। ਜਿਸ ਕਰਕੇ ਪੰਜਾਬ ਲਈ ਬਹੁਤ ਚੇਤੰਨ ਹੋ ਕੇ ਚੱਲਣ ਦੀ ਲੋੜ ਹੈ ਜੋ ਕਈ ਵਾਰ ਹੋਈਆਂ ਗਲਤੀਆਂ ਨੂੰ ਦੁਬਾਰਾ ਪੌੜੀ ਦੇ ਪਹਿਲੇ ਪੌਡੇ ਤੱਕ ਸੀਮਤ ਨਾ ਕਰ ਸਕਣ।

ਸਿੱਖ ਅਫ਼ਸਰਸ਼ਾਹੀ ਨੂੰ ਮੋਹਰਾ ਬਣਾਇਆ ਜਾ ਰਿਹਾ ਹੈ ਜੋ ਖਾਸ ਕਰਕੇ ਤਰਨਜੀਤ ਸਿੰਘ ਸੰਧੂ ਵਾਂਗ ਚੰਗੇ ਉਘੇ ਪੰਥਕ ਪਰਿਵਾਰਾਂ ਵਿੱਚੋਂ ਸੰਨ ? ਲਾਈ ਜਾ ਰਹੀ ਹੈ। ਜੋ ਪਰਿਵਾਰ ਕਦੇ ਕੌਮ ਲਈ ਲੜਦੇ ਸ਼ਹੀਦ ਹੋ ਗਏ ਪਰ ਔਲਾਦਾਂ ਦਾ ਆਪਣੇ ਇਤਿਹਾਸ ਤੋਂ ਪਰਾਂ ਹੋਣਾ ਵੱਡਾ ਦੁਖਾਂਤ ਹੈ।

ਸੋ ਸਿੱਖਾਂ ਨੂੰ ਰਾਜ ਭਾਗ ਦੀ ਕਾਇਮੀ ਦੇ ਤੌਰ ਤਰੀਕਿਆਂ ਦੇ ਨਾਲ ਨਾਲ ਵੱਡਾ ਜ਼ਰੂਰੀ ਹੈ ਕਿ ਭਾਰਤੀ ਸਿਆਸਤ ਦੀ ਬੇ-ਅਸੂਲੀ ਰਾਜਨੀਤੀ ਤੋਂ ਜ਼ਿਆਦਾ ਅਸੂਲੀ ਸੰਗਠਿਤ ਦੇ ਰੂਪ ਖੇਤਰੀ ਸਿਆਸੀ ਰਣਨੀਤੀ ਬਣਾਈਏ ਤਾਂ ਪੰਜਾਬ ਅਤੇ ਸਿੱਖਾਂ ਦਾ ਦਮ ਭਰਦੇ ਇੱਕ ਮਜ਼ਬੂਤ ਪਲੇਟਫਾਰਮ ਰਾਹੀਂ ਆਉਣ ਵਾਲੀਆਂ ਸਾਰੀਆਂ ਇਲੈਕਸ਼ਨਾਂ ਜਿੱਤੀਆਂ ਜਾ ਸਕਣ, ਜਿਸ ਨਾਲ ਦੁਨੀਆਂ ਵਿੱਚ ਵਿਲੱਖਣ ਪਹਿਚਾਣ ਲਈ ਅਧਾਰ ਬਣਾਇਆ ਜਾ ਸਕੇ।

# ਮੁਨਾਫ਼ੇ ਕਾਰਨ ਵੱਡੀਆਂ ਕੰਪਨੀਆਂ ਲੋਕਾਂ ਦੀ ਸਿਹਤ ਲਈ ਬਣੀਆਂ ਖ਼ਤਰਾ



ਦਵਿੰਦਰ ਕੌਰ ਖੁਸ਼ ਧਾਲੀਵਾਲ
88472-27740

ਪਿਛਲੇ ਦਿਨੀਂ ਇੱਕ ਖ਼ਬਰ ਬੜੀ ਚਰਚਾ ਵਿੱਚ ਰਹੀ ਜਦੋਂ ਹਾਂਗਕਾਂਗ ਦੇ ਭੋਜਨ ਸੁਰੱਖਿਆ ਅਦਾਰੇ ਨੇ 5 ਅਪ੍ਰੈਲ ਨੂੰ ਭਾਰਤ ਦੇ ਮਸਾਲਿਆਂ ਦੀਆਂ ਦੋ ਵੱਡੀਆਂ ਕੰਪਨੀਆਂ ਦੇ ਪੰਜ ਮਸਾਲਿਆਂ ਦੀ ਵਿਕਰੀ 'ਤੇ ਪਾਬੰਦੀ ਲਾ ਦਿੱਤੀ ਸੀ। ਹਾਂਗਕਾਂਗ ਤੋਂ ਪਹਿਲਾਂ ਆਸਟ੍ਰੇਲੀਆ, ਬੰਗਲਾਦੇਸ਼, ਮਾਲਦੀਵ, ਸਿੰਗਾਪੁਰ ਅਤੇ ਅਮਰੀਕਾ ਆਦਿ ਦੇਸ਼ ਸਿਹਤ ਸੁਰੱਖਿਆ ਦਾ ਹਵਾਲਾ ਦੇ ਕੇ ਭਾਰਤ ਦੇ ਬਹੁਤ ਸਾਰੇ ਡੱਬਾਬੰਦ ਭੋਜਨ ਪਦਾਰਥਾਂ ਦੀ ਵਿਕਰੀ 'ਤੇ ਪਾਬੰਦੀ ਲਗਾ ਚੁੱਕੇ ਹਨ। ਹਾਂਗਕਾਂਗ ਦੇ ਇਸ ਅਦਾਰੇ ਮੁਤਾਬਿਕ ਭਾਰਤੀ ਕੰਪਨੀਆਂ ਦੇ ਮਸਾਲਿਆਂ 'ਚ ਲੋੜੋਂ ਵੱਧ ਈਥੀਲੀਨ ਆਕਸਾਈਡ ਦੀ ਮਾਤਰਾ ਪਾਈ ਗਈ ਸੀ। ਈਥੀਲੀਨ ਆਕਸਾਈਡ ਇੱਕ ਜਲਣਸ਼ੀਲ ਗੈਸ ਹੈ, ਜਿਸ ਦੀ ਵਰਤੋਂ ਮਸਾਲਿਆਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਕੀਤੀ ਜਾਂਦੀ ਹੈ। ਸਿਹਤ ਮਾਹਿਰਾਂ ਮੁਤਾਬਿਕ ਈਥੀਲੀਨ ਆਕਸਾਈਡ ਸਿਹਤ ਲਈ ਬਹੁਤ ਖ਼ਤਰਨਾਕ ਹੈ। ਈਥੀਲੀਨ ਆਕਸਾਈਡ ਦੀ ਵਰਤੋਂ ਖੇਤੀਬਾੜੀ ਕੀਟਨਾਸ਼ਕਾਂ, ਸੁੱਕੀਆਂ ਸਬਜ਼ੀਆਂ ਅਤੇ ਹੋਰ ਭੋਜਨ ਪਦਾਰਥਾਂ ਵਿੱਚ ਕੀਤੀ ਜਾਂਦੀ ਹੈ ਪਰ ਭੋਜਨ ਸਮੱਗਰੀ ਖ਼ਾਸ ਕਰਕੇ ਡੱਬਾਬੰਦ ਪਦਾਰਥਾਂ 'ਚ ਲੋੜੋਂ ਵੱਧ ਇਸ ਦੀ ਮਾਤਰਾ ਜਾਨਲੇਵਾ ਵੀ ਹੋ ਸਕਦੀ ਹੈ। ਅਮਰੀਕਾ ਦੀ ਭੋਜਨ ਜਾਂਚ ਏਜੰਸੀ 'ਐੈਫ.ਡੀ.ਏ.' ਵੱਲੋਂ ਸਾਲ 2002 ਤੋਂ 2019 ਤੱਕ ਭੋਜਨ, ਫਲ ਤੇ ਹੋਰ ਡੱਬਾਬੰਦ ਪਦਾਰਥਾਂ ਦੇ ਨਮੂਨਿਆਂ ਦੀ ਜਾਂਚ ਤੋਂ ਬਾਅਦ ਦੋ ਭਾਰਤੀ ਕੰਪਨੀਆਂ ਦੇ 5115 ਨਮੂਨੇ ਫ਼ੇਲ੍ਹ ਪਾਏ ਗਏ ਸਨ। ਇਕੱਲੇ ਸਾਲ 2023 ਦੌਰਾਨ ਭਾਰਤ ਦੇ ਲਗਭਗ 30 ਭੋਜਨ ਪਦਾਰਥ ਅਮਰੀਕਾ ਦੇ ਸਿਹਤ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਸਕੇ। ਸਿਹਤ ਸੁਰੱਖਿਆ ਮਾਪਦੰਡਾਂ ਦੇ ਪੱਖ ਤੋਂ ਫ਼ੇਲ੍ਹ ਹੋ ਗਏ ਸਨ। ਅਮਰੀਕਾ ਦੇ ਭੋਜਨ ਜਾਂਚ ਅਦਾਰੇ ਨੇ ਕਿਹਾ ਕਿ ਇਨ੍ਹਾਂ ਭੋਜਨ ਪਦਾਰਥਾਂ 'ਚ ਸਲਮੋਨੇਲ ਪਾਇਆ ਗਿਆ। ਸਲਮੋਨੇਲ ਅਸਲ 'ਚ ਬੈਕਟੀਰੀਆ ਦਾ ਇੱਕ ਸਮੂਹ ਹੈ, ਜੋ ਜਿਗਰ ਨਾਲ ਸੰਬੰਧਿਤ ਬਿਮਾਰੀਆਂ, ਦਸਤ ਅਤੇ ਪੇਟ ਦਰਦ ਜਿਹੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਅੱਗੇ ਗੱਲ ਕਰੀਏ ਤਾਂ ਯੂਰਪੀ ਭੋਜਨ ਸੁਰੱਖਿਆ ਅਦਾਰੇ ਨੇ ਸਤੰਬਰ 2020 ਤੋਂ ਅਪ੍ਰੈਲ 2024 ਤੱਕ ਭਾਰਤ ਦੇ ਲਗਭਗ 257 ਉਤਪਾਦਨਾਂ ਜਿਵੇਂ ਦਵਾਈਆਂ, ਮਸਾਲੇ, ਫਲ, ਡੱਬਾਬੰਦ ਜੂਸ ਆਦਿ ਦੀ ਵਿਕਰੀ ਉੱਤੇ ਪਾਬੰਦੀ ਲਗਾ ਦਿੱਤੀ ਸੀ। ਯੂਰਪੀਅਨ ਯੂਨੀਅਨ ਦੇ ਇਸ ਅਦਾਰੇ ਦਾ ਕਹਿਣਾ ਹੈ ਕਿ ਭਾਰਤ ਤੋਂ ਆਉਣ ਵਾਲੇ ਭੋਜਨ ਪਦਾਰਥਾਂ 'ਚ ਲੋੜ ਤੋਂ ਵੱਧ ਰਸਾਇਣ ਪਾਏ ਗਏ, ਜੋ ਮਨੁੱਖੀ ਸਿਹਤ ਉੱਪਰ ਬੁਰਾ ਅਸਰ ਪਾਉਂਦੇ ਹਨ।

ਇਕ ਪਾਸੇ ਬਾਹਰਲੇ ਮੁਲਕਾਂ ਵਿੱਚ ਭਾਰਤ ਦੇ ਭੋਜਨ ਪਦਾਰਥਾਂ ਉੱਤੇ ਸਵਾਲ ਖੜ੍ਹੇ ਹੋ ਰਹੇ ਹਨ, ਉੱਥੇ ਹੀ ਦੂਸਰੇ ਪਾਸੇ ਭਾਰਤ ਦੀ 'ਭੋਜਨ ਸੁਰੱਖਿਆ ਅਤੇ ਮਾਣਕ ਅਥਾਰਿਟੀ' ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਜਦੋਂ ਵਿਦੇਸ਼ੀ ਮੀਡੀਆ 'ਚ ਭਾਰਤ ਦੇ ਭੋਜਨ ਪਦਾਰਥਾਂ ਦੀ ਥੂਹ-ਥੂਹ ਹੋਣ ਲੱਗੀ ਤਾਂ ਭਾਰਤ ਦਾ ਭੋਜਨ ਸੁਰੱਖਿਆ ਮਹਿਕਮਾ ਅੱਬੜਵਾਹੀ ਨੀਂਦ ਤੋਂ ਜਾਗਿਆ ਤਾਂ ਸਹੀ ਪਰ ਏਨਾ ਕੁ ਹੀ ਕਿਹਾ ਕਿ, 'ਜਿਨ੍ਹਾਂ ਦੇਸ਼ਾਂ ਨੇ ਸਿਹਤ ਸੁਰੱਖਿਆ ਕਾਰਨਾਂ ਕਰਕੇ ਭਾਰਤੀ ਉਤਪਾਦਨਾਂ 'ਤੇ ਸਵਾਲ ਖੜ੍ਹੇ ਕੀਤੇ ਹਨ, ਉਨ੍ਹਾਂ ਉਪਜਾਂ ਦੇ ਨਮੂਨਿਆਂ ਦੀ ਜਾਂਚ ਕੀਤੀ ਜਾਵੇਗੀ।'

ਕਿੰਨੀ ਕੁ ਜਾਂਚ ਕੀਤੀ ਜਾਵੇਗੀ ਇਹ ਤਾਂ ਅਸੀਂ ਜਾਣਦੇ ਹੀ ਹਾਂ ਪਰ ਇੱਥੇ ਇੱਕ ਗੱਲ ਹੋਰ ਕਰਨ ਵਾਲੀ ਬਣਦੀ ਹੈ ਕਿ ਭਾਰਤ ਦੇ ਲਗਭਗ ਦਸ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਭੋਜਨ ਜਾਂਚ ਲੈਬਾਂ ਦੀ ਭਾਰੀ ਘਾਟ ਹੈ ਤੇ ਭੋਜਨ ਸੁਰੱਖਿਆ ਅਫ਼ਸਰਾਂ ਦੀ ਗਿਣਤੀ ਵੀ ਬਹੁਤ ਥੋੜ੍ਹੀ ਹੈ ਅਤੇ ਉੱਪਰੋਂ ਵੱਡੀਆਂ ਕੰਪਨੀਆਂ ਦਾ ਸਿਆਸੀ ਰਸੂਖ਼ ਹੋਣ ਕਰਕੇ ਖੁੱਲ੍ਹੇਆਮ ਇਹ ਗ਼ੈਰ-ਮਿਆਰੀ ਖੁਰਾਕੀ ਉਤਪਾਦਨ ਆਮ ਲੋਕਾਂ ਨੂੰ ਪਰੋਸੇ ਜਾ ਰਹੇ ਹਨ।

ਇਸ ਦੇ ਨਾਲ ਹੀ ਇੱਕ ਹੋਰ ਵਿਦੇਸ਼ੀ ਕੰਪਨੀਆਂ, ਜੋ ਭਾਰਤ ਵਿੱਚ ਵੀ ਆਪਣਾ ਉਤਪਾਦਨ ਕਰਦੀ ਹੈ, ਨਾਲ ਜੁੜੀ ਹੋਈ ਹੈ। ਇਹ ਕੰਪਨੀ ਸ਼ੁਰੂ 'ਚ ਨਵਜੰਮੇ ਬੱਚਿਆਂ ਲਈ ਦੁੱਧ ਜਾਂ ਇਸ ਨਾਲ ਸੰਬੰਧਿਤ ਪਦਾਰਥ ਬਣਾਉਂਦੀ ਸੀ। ਇਸ ਦੇ ਬੱਚਿਆਂ ਦੇ ਭੋਜਨ ਪਦਾਰਥਾਂ ਦੇ ਬਰਾਂਡ ਜਰਬਰ, ਨੇਚਰਨੈੱਸ, ਸੇਰੇਲੈਕ ਅਤੇ ਨਿਡੋ ਆਦਿ ਹਨ। ਸੰਸਾਰ ਵਿੱਚ ਇਨ੍ਹਾਂ ਬਰਾਂਡਾਂ ਦਾ ਲਗਭਗ 11.2 ਅਰਬ ਡਾਲਰ ਦਾ ਕਾਰੋਬਾਰ ਹੈ। ਸਵਿਟਜ਼ਰਲੈਂਡ ਦੀ ਹੀ ਇੱਕ 'ਪਬਲਿਕ ਆਈ' ਨਾਂਅ ਦੀ ਸੰਸਥਾ ਨੇ ਆਪਣੀ ਇੱਕ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸੰਬੰਧਿਤ ਕੰਪਨੀ ਵੱਲੋਂ ਤਿੰਨ ਸਾਲ ਤੱਕ ਦੇ ਬੱਚਿਆਂ ਲਈ ਤਿਆਰ ਕੀਤੇ ਭੋਜਨ ਪਦਾਰਥਾਂ 'ਚ ਲੋੜ ਤੋਂ ਵੱਧ ਸ਼ੂਗਰ ਦੀ ਮਾਤਰਾ ਪਾਈ ਗਈ। ਕੌਮਾਂਤਰੀ 'ਬੇਬੀ ਫੂਡ ਐੈਕਸ਼ਨ ਨੈੱਟਵਰਕ' ਨੇ ਸੰਬੰਧਿਤ ਕੰਪਨੀ ਦੀਆਂ ਲਗਭਗ 115 ਉਪਜਾਂ ਦੀ ਜਾਂਚ ਕੀਤੀ। ਜਾਂਚ 'ਚ ਪਾਇਆ ਗਿਆ ਕਿ ਲਗਭਗ 94 ਫ਼ੀਸਦੀ ਬੱਚਿਆਂ ਦੇ ਭੋਜਨ ਪਦਾਰਥਾਂ 'ਚ ਖੰਡ ਦੀ ਮਾਤਰਾ ਵੱਧ ਹੈ। ਸੰਸਾਰ ਸਿਹਤ ਸੰਸਥਾ ਮੁਤਾਬਿਕ 0-3 ਸਾਲ ਤੱਕ ਦੇ ਛੋਟੇ ਬੱਚਿਆਂ ਦੇ ਭੋਜਨ ਵਿੱਚ ਸ਼ੂਗਰ ਬਿਲਕੁਲ ਨਹੀਂ ਹੋਣੀ ਚਾਹੀਦੀ। ਹੈਰਾਨੀ ਦੀ ਗੱਲ ਇਹ ਹੈ ਕਿ ਉਕਤ ਵਿਦੇਸ਼ੀ ਕੰਪਨੀ ਬੱਚਿਆਂ ਦੇ ਜਿਹੜੇ ਉਤਪਾਦ ਵਿਕਸਿਤ ਮੁਲਕਾਂ ਜਿਵੇਂ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਆਦਿ ਵਿੱਚ ਵੇਚਦੀ ਹੈ, ਉੱਥੇ ਜ਼ੀਰੋ ਸ਼ੂਗਰ ਨੀਤੀ ਨੂੰ ਲਾਗੂ ਕਰਦੀ ਹੈ ਪਰ ਤੀਜੀ ਦੁਨੀਆ ਦੇ ਗ਼ਰੀਬ ਮੁਲਕਾਂ 'ਚ ਬੱਚਿਆਂ ਨੂੰ ਮਿੱਠੇ ਦੇ ਰੂਪ 'ਚ ਜ਼ਹਿਰ ਦਿੱਤਾ ਜਾ ਰਿਹਾ ਹੈ। ਸੰਸਾਰ ਸਿਹਤ ਸੰਸਥਾ ਮੁਤਾਬਿਕ ਛੋਟੇ ਬੱਚਿਆਂ ਦੇ ਭੋਜਨ ਪਦਾਰਥਾਂ ਵਿੱਚ ਸ਼ੂਗਰ ਦੀ ਮਾਤਰਾ ਉਨ੍ਹਾਂ ਦੇ ਤੰਦਰੁਸਤ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਹੈ। ਨਵਜੰਮੇ ਬੱਚੇ ਦੀ ਪਾਚਨ ਪ੍ਰਣਾਲੀ ਇਸ ਸ਼ੂਗਰ ਨੂੰ ਪਚਾਉਣ ਦੇ ਅਸਮਰੱਥ ਹੁੰਦੀ ਹੈ, ਜਿਸ ਕਰਕੇ ਬੱਚਿਆਂ ਨੂੰ ਗੰਭੀਰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਵਿੱਚ ਮੋਟਾਪਾ, ਡਾਇਬਟੀਜ਼, ਦਿਲ ਦੀਆਂ ਬਿਮਾਰੀਆਂ, ਚਮੜੀ ਦੀਆਂ ਸਮੱਸਿਆਵਾਂ, ਦੰਦਾਂ ਅਤੇ ਮਸੂੜਿਆਂ ਦਾ ਕਮਜ਼ੋਰ ਹੋਣਾ, ਰੋਗਾਂ ਨਾਲ ਲੜਨ ਦੀ ਸ਼ਕਤੀ ਦਾ ਘੱਟ ਜਾਣਾ, ਇੱਥੋਂ ਤੱਕ ਕਿ ਬੱਚੇ ਦੀ ਮਾਨਸਿਕਤਾ ਉੱਤੇ ਵੀ ਬੁਰਾ ਅਸਰ ਪੈਂਦਾ ਹੈ। ਬੇਸ਼ੱਕ ਸੰਬੰਧਿਤ ਕੰਪਨੀ ਨੇ ਰਿਪੋਰਟ ਉੱਪਰ ਜਨਤਕ ਟਿੱਪਣੀ ਕਰਦਿਆਂ ਕਿਹਾ ਹੈ ਕਿ ਉਸ ਨੂੰ ਬੱਚਿਆਂ ਦੀ ਸਿਹਤ ਦਾ ਖ਼ਿਆਲ ਹੈ ਅਤੇ 2024 ਦੇ ਅੰਤ ਤੱਕ ਦੁਨੀਆ ਦੇ ਬਾਕੀ ਦੇਸ਼ਾਂ ਵਿੱਚ ਵੀ ਜ਼ੀਰੋ ਸ਼ੂਗਰ ਨੀਤੀ ਪੂਰਨ ਤੌਰ 'ਤੇ ਲਾਗੂ ਕੀਤੀ ਜਾਵੇਗੀ ਪਰ ਕੀਤੀ ਜਾਵੇਗੀ ਜਾਂ ਕਿਸ ਹੱਦ ਤੱਕ ਕੀਤੀ ਜਾਵੇਗੀ, ਇਹ ਤਾਂ ਸਮਾਂ ਹੀ ਦੱਸੇਗਾ ਅਤੇ ਜੋ ਜ਼ਹਿਰ ਇਸ ਨੇ ਅਤੇ ਹੋਰਾਂ ਅਜਿਹੀਆਂ ਕੰਪਨੀਆਂ ਨੇ ਆਮ ਲੋਕਾਂ ਨੂੰ ਪਰੋਸਿਆ, ਉਸ ਦੀ ਭਰਪਾਈ ਕਿੰਝ ਹੋਵੇਗੀ, ਇਸ ਬਾਰੇ ਕੋਈ ਗੱਲ ਕੰਪਨੀ ਨੇ ਨਹੀਂ ਕੀਤੀ।

ਅੱਜ ਮੁਨਾਫ਼ੇ ਦੀ ਹੋੜ ਵਿੱਚ ਜਿਹੜੀਆਂ ਕੰਪਨੀਆਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ, ਇਨ੍ਹਾਂ ਉੱਪਰ ਸਖ਼ਤੀ ਨਾਲ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਗ਼ੈਰ-ਮਿਆਰੀ ਖੁਰਾਕੀ ਵਸਤਾਂ ਵੇਚਣ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਪਰ ਮੁਨਾਫ਼ੇ 'ਤੇ ਟਿਕਿਆ ਇਹ ਪ੍ਰਬੰਧ ਅਜਿਹਾ ਨਹੀਂ ਕਰ ਸਕਦਾ। ਲੋਕਾਂ ਨੂੰ ਚੰਗੇ ਭੋਜਨ, ਚੰਗੀ ਰਿਹਾਇਸ਼, ਪੱਕੀ ਤਣਾਅ ਰਹਿਤ ਨੌਕਰੀ ਆਦਿ ਦਾ ਸਵਾਲ ਸਰਮਾਏਦਾਰੀ ਪ੍ਰਬੰਧ ਦੇ ਖਾਸੇ ਨਾਲ ਜੁੜਿਆ ਸਵਾਲ ਹੈ ਅਤੇ ਇਸ ਮੁਨਾਫ਼ੇਖੋਰ ਸਰਮਾਏਦਾਰਾਂ ਪ੍ਰਬੰਧ ਨੂੰ ਬਦਲ ਕੇ ਹੀ ਲੋਕਾਂ ਨੂੰ ਮਿਆਰੀ ਖੁਰਾਕ ਉਤਪਾਦਨ ਮੁਹੱਈਆ ਕੀਤੇ ਜਾ ਸਕਦੇ ਹਨ। ਫਿਰ ਵੀ ਜਾਗਰੂਕ ਲੋਕਾਂ ਨੂੰ ਇਸ ਸੰਬੰਧੀ ਚੌਕਸੀ ਬਣਾ ਕੇ ਰੱਖਣੀ ਚਾਹੀਦੀ ਹੈ। ਇਸ ਨਾਲ ਹੀ ਕੰਪਨੀਆਂ 'ਤੇ ਦਬਾਅ ਪਾ ਕੇ ਉਨ੍ਹਾਂ ਨੂੰ ਬਿਹਤਰ ਉਤਪਾਦਨਾਂ ਲਈ ਮਜਬੂਰ ਕੀਤਾ ਜਾ ਸਕਦਾ ਹੈ।



# ਪੀੜ ਗ਼ੈਰਕਾਨੂੰਨੀ ਪਰਵਾਸ ਦੀ

# ਘਰ ਤੇ ਜ਼ਮੀਨਾਂ ਵੇਚ ਕੇ ਵੀ ਵਿਦੇਸ਼ ਕਿਉਂ ਜਾਂਦੇ ਹਨ ਪੰਜਾਬੀ?




## ਖ਼ੁਦਗਰਜ਼ ਏਜੰਟਾਂ ਨੇ ਵਿਦੇਸ਼ਾਂ ਦੀਆਂ ਜੇਲ੍ਹਾਂ 'ਚ ਪਹੁੰਚਾਏ ਪੰਜਾਬੀ ਨੌਜਵਾਨ

**ਗ਼ੈਰਕਾਨੂੰਨੀ ਪਰਵਾਸ ਦਾ ਵੱਡਾ ਦੁਖਾਂਤ ਪੇਸ਼ ਕਰਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ, ਜਿਸ ਵਿੱਚ ਚਾਰ ਪੰਜ ਨੌਜਵਾਨਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਇੱਕ ਦਰਜਨ ਤੋਂ ਵੱਧ ਨੌਜਵਾਨ ਯੂਰਪ ਜਾਣ ਦੇ ਸੁਨਹਿਰੀ ਸੁਪਨੇ ਦੇਖਦਿਆਂ ਧੋਖੇਬਾਜ਼ ਟਰੈਵਲ ਏਜੰਟਾਂ ਦਾ ਸ਼ਿਕਾਰ ਹੋ ਕੇ ਆਰਮੀਨੀਆ ਦੀ 'ਅਮਰਾਵੀਰ ਜੇਲ੍ਹ' ਵਿੱਚ ਫਸ ਗਏ।ਇਸ ਵੀਡੀਓ ਤੋਂ ਬਾਅਦ ਗ਼ੈਰਕਾਨੂੰਨੀ ਪਰਵਾਸ ਦਾ ਮਾਮਲਾ ਇੱਕ ਵਾਰ ਫਿਰ ਸੁਰਖ਼ੀਆਂ ਵਿੱਚ ਆ ਗਿਆ ਹੈ**



ਨਸ਼ਾ ਤੇ ਨਸ਼ੀਲੀਆਂ ਦਵਾਈਆਂ, ਹਥਿਆਰਾਂ ਦੀ ਤਸਕਰੀ ਤੋਂ ਬਾਅਦ ਗ਼ੈਰਕਾਨੂੰਨੀ ਪਰਵਾਸ ਤੇ ਮਨੁੱਖੀ ਤਸਕਰੀ ਦੁਨੀਆਂ ਵਿੱਚ ਸਭ ਤੋਂ ਵੱਡੇ ਜੁਰਮ ਮੰਨੇ ਜਾਂਦੇ ਹਨ। ਏਸ਼ੀਆ ਖ਼ਿੱਤੇ ਵਿੱਚ ਭਾਰਤ ਨੂੰ ਗ਼ੈਰਕਾਨੂੰਨੀ ਪਰਵਾਸ ਅਤੇ ਮਨੁੱਖੀ ਤਸਕਰੀ ਦਾ ਗੜ੍ਹ ਮੰਨਿਆ ਜਾਂਦਾ ਹੈ। ਇਹ ਇੱਕ ਕੁਸੈਲੀ ਹਕੀਕਤ ਹੈ ਕਿ ਪੰਜਾਬ ਹੁਣ ਗ਼ੈਰਕਾਨੂੰਨੀ ਪਰਵਾਸ ਅਤੇ ਮਨੁੱਖੀ ਤਸਕਰੀ ਦਾ ਕੇਂਦਰੀ ਧੁਰਾ ਬਣ ਗਿਆ ਹੈ। ਪੰਜਾਬ ਵਿੱਚੋਂ ਕਾਨੂੰਨੀ ਤਰੀਕੇ ਨਾਲ ਦੂਜੇ ਮੁਲਕਾਂ ਨੂੰ ਪਰਵਾਸ ਕਰਨ ਵਾਲਿਆਂ ਦੀ ਗਿਣਤੀ ਨਾਲੋਂ ਕਿਤੇ ਵੱਧ ਗਿਣਤੀ ਗ਼ੈਰਕਾਨੂੰਨੀ ਪਰਵਾਸ ਕਰਨ ਵਾਲਿਆਂ ਦੀ ਹੈ।

ਸੰਯੁਕਤ ਰਾਸ਼ਟਰ ਦੀ ਸੰਸਥਾ "ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਅੈਂਡ ਕਰਾਈਮ" ( ਜਿਸ ਨੂੰ ਯੂ. ਐਨ. ਓ. ਡੀ. ਸੀ. ਵੀ ਕਹਿੰਦੇ ਹਨ) ਵਲੋਂ ਕੁੱਝ ਸਮਾਂ ਪਹਿਲਾਂ ਪੰਜਾਬ ਵਿੱਚੋਂ ਗ਼ੈਰਕਾਨੂੰਨੀ ਤੌਰ 'ਤੇ ਹੁੰਦੇ ਪਰਵਾਸ ਬਾਰੇ ਪੂਰੇ ਪੰਜਾਬ ਦੇ ਇਲਾਕਿਆਂ ਦਾ ਦੌਰਾ ਕਰਕੇ ਇੱਕ ਵੱਡਾ ਸਰਵੇਖਣ ਕੀਤਾ ਗਿਆ ਸੀ, ਇਸ ਸਰਵੇਖਣ ਵਿੱਚ ਇਸ ਸੰਸਥਾ ਨੇ ਕਿਹਾ ਸੀ ਕਿ ਪੰਜਾਬ ਵਿਚੋਂ ਹਰ ਸਾਲ ਹੀ 20 ਹਜ਼ਾਰ ਤੋਂ ਵੱਧ ਨੌਜਵਾਨ ਗ਼ੈਰਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਲਈ ਗ਼ੈਰਕਾਨੂੰਨੀ ਪਰਵਾਸ ਕਰਦੇ ਹਨ। ਇਸ ਸੰਸਥਾ ਦੀ ਰਿਪੋਰਟ ਮੁਤਾਬਕ ਗ਼ੈਰਕਾਨੂੰਨੀ ਪਰਵਾਸ ਕਰਨ ਵਾਲੇ ਪੰਜਾਬੀਆਂ ਵਿਚੋਂ 84 ਫੀਸਦੀ ਪੇਂਡੂ ਖੇਤਰਾਂ ਨਾਲ ਸਬੰਧ ਰੱਖਦੇ ਹਨ ਅਤੇ ਪੰਜਾਬ ਵਿਚੋਂ ਦੂਜੇ ਮੁਲਕਾਂ ਲਈ ਗ਼ੈਰਕਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾਂ ਦੀ ਉਮਰ 21 ਤੋਂ 30 ਸਾਲ ਦੇ ਵਿਚਕਾਰ ਹੀ ਹੁੰਦੀ ਹੈ। ਅਸਲ ਵਿੱਚ ਪੰਜਾਬ ਦੇ ਇਹ ਗ਼ੈਰਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨ ਪੇਟ ਦੀ ਅੱਗ ਅੱਗੇ ਝੁਲਸ ਜਾਂਦੇ ਹਨ ਅਤੇ ਉਹਨਾਂ ਨੂੰ ਆਪਣੇ ਬੱਚਿਆਂ ਦੇ ਮੂੰਹ ਵਿੱਚ ਰੋਟੀ ਪਾਉਣ ਲਈ ਬੇਗਾਨੇ ਮੁਲਕਾਂ ਵਿੱਚ ਇੱਕ ਤਰਾਂ ਗੁਲਾਮੀ ਭਰੀ ਮਜ਼ਦੂਰੀ ਕਰਨੀ ਪੈਂਦੀ ਹੈ।

ਗ਼ੈਰਕਾਨੂੰਨੀ ਪਰਵਾਸ ਸਬੰਧੀ ਕੀਤੀ ਗਈ ਖੋਜ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਵੱਡੀ ਗਿਣਤੀ ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ , ਕੈਨੇਡਾ ਅਤੇ ਹੋਰ ਵਿਕਸਤ ਮੁਲਕਾਂ ਵਿੱਚ ਜਾਣ ਲਈ 10 ਹਜ਼ਾਰ ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਇੱਕ ਦਰਜਨ ਮੁਲਕਾਂ ਵਿਚੋਂ ਲੰਘ ਕੇ ਫਿਰ ਗ਼ੈਰਕਾਨੂੰਨੀ ਤਰੀਕੇ ਨਾਲ ਹੀ ਲੁਕ ਛਿਪ ਕੇ ਅਮਰੀਕਾ ਜਾਂ ਕੈਨੇਡਾ ਦਾਖਲ ਹੁੰਦੇ ਹਨ ਅਤੇ ਫਿਰ ਉਥੇ ਹੀ ਸ਼ਰਨ ਮੰਗਦੇ ਹਨ। ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ, ਕੈਨੇਡਾ ਅਤੇ ਹੋਰ ਵਿਕਸਤ ਮੁਲਕਾਂ ਵਿੱਚ ਜਾਣ ਲਈ ਵੱਡੀ ਗਿਣਤੀ ਪੰਜਾਬੀ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਨਵੀਂ ਦਿੱਲੀ ਦੇ ਅੰਤਰਰਾਸ਼ਟਰੀ ਏਅਰਪੋਰਟ ਤੋਂ ਆਪਣੀਆਂ ਅੱਧ ਮੀਟੀਆਂ ਅੱਖਾਂ ਵਿੱਚ ਹੀ ਲੱਖਾਂ ਸੁਪਨੇ ਲੈ ਕੇ ਪਹਿਲੀ ਵਾਰ ਜਹਾਜ਼ ਚੜ ਕੇ ਸਭ ਤੋਂ ਪਹਿਲਾਂ ਬ੍ਰਾਜੀਲ ਪਹੁੰਚਦੇ ਹਨ। ਇਸੇ ਤਰਾਂ ਗ਼ੈਰਕਨੂੰਨੀ ਤਰੀਕੇ ਨਾਲ ਪਰਵਾਸ ਕਰਨ ਵਾਲੇ ਪੰਜਾਬੀ ਬੋਲੀਵੀਆ ਪਹੁੰਚ ਕੇ ਫਿਰ ਲੀਮਾ, ਪੇਰੂ ਹੁੰਦੇ ਹੋਏ ਇਕਵਾਡੋਰ, ਕੋਲੰਬੀਆ ਤੇ ਉਸ ਤੋਂ ਬਾਅਦ ਪਨਾਮਾ ਪਹੁੰਚਦੇ ਹਨ। ਪਨਾਮਾ ਤੋਂ ਇਹ ਗ਼ੈਰਕਾਨੂੰਨੀ ਪਰਵਾਸ ਕਰਨ ਵਾਲੇ ਪੰਜਾਬੀ ਫਿਰ ਕੋਸਟਾ ਪਹੁੰਚਦੇ ਹਨ, ਉਸ ਤੋਂ ਬਾਅਦ ਇਹ ਪੰਜਾਬੀ ਹੇਂਡੂਰਾਸ ਪਹੁੰਚਦੇ ਹਨ। ਹੇਂਡੂਰਾਸ ਤੋਂ ਅਗਲਾ ਸਫ਼ਰ ਤੈਅ ਕਰਕੇ ਇਹ ਗ਼ੈਰਕਨੂੰਨੀ ਪਰਵਾਸ ਕਰਨ ਵਾਲੇ ਪੰਜਾਬੀ ਗੁਆਟੇਮਾਲਾ ਹੁੰਦੇ ਹੋਏ ਮੈਕਸੀਕੋ ਪਹੁੰਚਦੇ ਹਨ। ਮੈਕਸੀਕੋ ਤੋਂ ਉਹਨਾਂ ਦਾ ਫਿਰ ਸਮੁੰਦਰੀ ਸਫ਼ਰ ਸ਼ੁਰੂ ਹੁੰਦਾ ਹੈ ਅਤੇ ਇਹ ਕਿਸ਼ਤੀ ਰਾਹੀਂ ਗ਼ੈਰਕਾਨੂੰਨੀ ਤਰੀਕੇ ਨਾਲ ਹੀ ਅਮਰੀਕਾ ਦੀ ਧਰਤੀ ਉੱਪਰ ਪਹੁੰਚਦੇ ਹਨ। ਇਹਨਾਂ ਵਿਚੋਂ



ਕਈ ਪੰਜਾਬੀ ਤਾਂ ਅਮਰੀਕਾ ਵਿੱਚ ਲੁਕ ਛਿਪ ਕੇ ਰਹਿਣ ਦਾ ਜੁਗਾੜ ਕਰ ਲੈਂਦੇ ਹਨ , ਨਹੀਂ ਤਾਂ ਅਨੇਕਾਂ ਪੰਜਾਬੀਆਂ ਦਰਜਨ ਭਰ ਮੁਲਕਾਂ ਵਿੱਚ ਹੀ ਗੇੜੇ ਖਾਂਦਿਆਂ ਅੱਧ ਵਿਚਾਲੇ ਜਿਹੇ ਹੀ ਜਾਂ ਤਾਂ ਮੌਤ ਦੇ ਮੂੰਹ ਵਿੱਚ ਪੈ ਜਾਂਦੇ ਹਨ ਜਾਂ ਫਿਰ ਉਹ ਇਹਨਾਂ ਬੇਗਾਨੇ ਮੁਲਕਾਂ ਦੀ ਪੁਲਿਸ ਦੇ ਹੱਥ ਚੜ੍ਹ ਜਾਂਦੇ ਹਨ ਅਤੇ ਫਿਰ ਇਹਨਾਂ ਦੀ ਅਗਲੀ ਜ਼ਿੰਦਗੀ ਵਲੈਤ ਦੇ ਸੁਪਨੇ ਲੈਂਦਿਆਂ ਜੇਲ੍ਹ ਵਿੱਚ ਹੀ ਬੀਤਦੀ ਹੈ।

ਇੱਕ ਅੰਦਾਜ਼ੇ ਮੁਤਾਬਕ ਮਾਲਟਾ ਕਾਂਡ ਸਮੇਤ ਕਿਸ਼ਤੀਆਂ ਰਾਹੀਂ ਗੈਰ ਕਾਨੂੰਨੀ ਪਰਵਾਸ ਵੇਲੇ ਪੰਜਾਬੀਆਂ ਸਮੇਤ ਹੁਣ ਤੱਕ 35 ਹਜ਼ਾਰ ਤੋਂ ਵੱਧ ਪਰਵਾਸੀ ਸਮੁੰਦਰ ਵਿੱਚ ਡੁੱਬ ਮੋਏ ਹਨ। ਬੇਗਾਨੇ ਮੁਲਕਾਂ ਵਿੱਚ ਸਮੁੰਦਰ ਦੇ ਬਰਫ਼ ਵਰਗੇ ਪਾਣੀ ਵਿੱਚ ਡੁੱਬਣ ਕਾਰਨ ਉਹਨਾਂ ਦੀਆਂ ਜਿਉਂਦਿਆਂ ਦੀਆਂ ਸਮਾਧਾਂ ਹੀ ਪਾਣੀ ਵਿੱਚ ਬਣ ਗਈਆਂ। ਉਹਨਾਂ ਦੀਆਂ ਅੰਤਿਮ ਰਸਮਾਂ ਤਾਂ ਕਿਸੇ ਨੇ ਕੀ ਕਰਨੀਆਂ ਸਨ ਸਗੋਂ ਉਹਨਾਂ ਦੇ ਸਰੀਰ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਦੀ ਖੁਰਾਕ ਬਣ ਗਏ । ਅਜਿਹੇ ਡੁੱਬ ਮੋਏ ਨੌਜਵਾਨਾਂ ਦੇ ਮਾਪੇ ਅਜੇ ਵੀ ਆਪਣੇ ਪੁੱਤਰਾਂ ਦੀ ਉਡੀਕ ਕਰ ਰਹੇ ਹਨ, ਜੋ ਕਿ ਕਦੇ ਵੀ ਪੂਰੀ ਨਹੀਂ ਹੋਣੀ।

ਮਾਲਟਾ ਕਿਸ਼ਤੀ ਹਾਦਸੇ ਤੋਂ ਬਾਅਦ ਪਨਾਮਾ ਕਿਸ਼ਤੀ ਹਾਦਸਾ, ਲੈਂਪੀਡੂਸਾ ਕਿਸ਼ਤੀ ਹਾਦਸਾ, ਯੂਨਾਨੀ ਟਾਪੂਆਂ ਵਿੱਚ ਵਾਪਰੇ ਕਿਸ਼ਤੀ ਹਾਦਸਿਆਂ ਸਮੇਤ ਅਨੇਕਾਂ ਹੀ ਹੋਰ ਹਾਦਸੇ ਗ਼ੈਰਕਾਨੂੰਨੀ ਪਰਵਾਸ ਕਰਨ ਵਾਲਿਆਂ ਨਾਲ ਵਾਪਰ ਚੁੱਕੇ ਹਨ, ਜਿਨ੍ਹਾਂ ਵਿੱਚ ਵੱਖ ਵੱਖ ਮੁਲਕਾਂ ਦੇ ਹਜ਼ਾਰਾਂ ਗ਼ੈਰਕਾਨੂੰਨੀ ਪਰਵਾਸੀਆਂ ਸਮੇਤ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ , ਕੈਨੇਡਾ, ਇਟਲੀ ਅਤੇ ਹੋਰ ਮੁਲਕਾਂ ਵਿੱਚ ਜਾ ਰਹੇ ਸੈਂਕੜੇ ਪੰਜਾਬੀ ਵੀ ਮੌਤ ਦੇ ਮੂੰਹ ਵਿੱਚ ਜਾ ਪਏ ਹਨ, ਇਸ ਦੇ ਬਾਵਜੂਦ ਹਰ ਦਿਨ ਹੀ ਮਨੁੱਖੀ ਤਸਕਰੀ ਦੇ ਦਲਾਲਾਂ ਵਲੋਂ ਗ਼ੈਰਕਾਨੂੰਨੀ ਪਰਵਾਸੀਆਂ ਦੀਆਂ ਕਿਸ਼ਤੀਆਂ ਦੀਆਂ ਕਿਸ਼ਤੀਆਂ ਭਰ ਕੇ ਸਮੁੰਦਰੀ ਰਸਤੇ ਰਾਹੀਂ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਤੇ ਹੋਰ ਵਿਕਸਤ ਦੇਸ਼ਾਂ ਵਿਚ ਦਾਖਲ ਹੋਣ ਲਈ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਕਿਸ਼ਤੀਆਂ ਸਮੁੰਦਰ ਦੇ ਬਿਲਕੁਲ ਵਿਚਾਲੇ ਜਿਹੇ ਜਾ ਕੇ ਹੀ ਡੁੱਬ ਜਾਂਦੀਆਂ ਹਨ ਜਾਂ ਫਿਰ ਮਨੁੱਖੀ ਤਸਕਰੀ ਦੇ ਖ਼ੁਦਗਰਜ਼ ਦਲਾਲਾਂ ਵਲੋਂ ਜਾਣ ਬੁੱਝ ਦੇ ਡੋਬ ਦਿੱਤੀਆਂ ਜਾਂਦੀਆਂ ਹਨ। ਇਸ ਤਰਾਂ ਵਿਕਸਤ ਮੁਲਕਾਂ ਵਿੱਚ ਜਾ ਕੇ ਡਾਲਰ ਕਮਾਉਣ ਦਾ ਸੁਪਨਾ ਲੈ ਕੇ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਕਰ ਰਹੇ ਹਜ਼ਾਰਾਂ ਪਰਵਾਸੀ ਕਾਲ ਦਾ ਗਰਾਸ ਬਣ ਜਾਂਦੇ ਹਨ। ਅਜਿਹੇ ਲੋਕਾਂ ਵਿਚ ਪੰਜਾਬੀਆਂ ਦੀ ਗਿਣਤੀ ਸਭ ਤੋਂ ਜਿਆਦਾ ਹੁੰਦੀ ਹੈ।

ਪੰਜਾਬੀਆਂ ਦਾ ਅਸਲ ਵਿੱਚ ਹੁਣ ਪੰਜਾਬ ਵਿੱਚ ਜੀਅ ਹੀ ਨਹੀਂ ਲੱਗਦਾ ਤੇ ਉਹ ਹਰ ਹੀਲੇ ਪਰਵਾਸ ਕਰਨ ਨੂੰ ਲੋਚਦੇ ਹਨ। ਅਸਲ ਵਿੱਚ ਪੰਜਾਬ ਵਿੱਚ ਨਸ਼ੇ ਦਾ ਪ੍ਰਚਲਣ, ਰੁਜ਼ਗਾਰ ਦੀ ਘਾਟ, ਮਿਹਨਤਾਂ ਦਾ ਮੁੱਲ ਨਾ ਪੈਣ, ਮਹਿੰਗਾਈ ਵਿੱਚ ਵਾਧੇ, ਸਮੇਂ ਦੀਆਂ ਸਰਕਾਰਾਂ ਦਾ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਫ਼ੇਲ੍ਹ ਹੋਣ, ਪ੍ਰਸ਼ਾਸਨਿਕ ਪ੍ਰਬੰਧ ਵਿਗੜਨ, ਪਾਰ-ਦਰਸ਼ਤਾ ਦੀ ਘਾਟ, ਭ੍ਰਿਸ਼ਟਾਚਾਰ ਵਿੱਚ ਵਾਧੇ, ਖੁਸ਼ਕ ਸੁਭਾਅ ਦੇ ਮਾਲਕ ਅਫ਼ਸਰਾਂ ਕਾਰਨ, ਉਦਯੋਗਿਕ ਖੇਤਰ ਵਿੱਚ ਪੰਜਾਬੀਆਂ ਦੀ ਥਾਂ ਹੋਰਨਾਂ ਰਾਜਾਂ ਦੇ ਵਿਅਕਤੀਆਂ ਨੂੰ ਵਧੇਰੇ ਨੌਕਰੀਆਂ ਦੇਣ, ਉੱਚ ਯੋਗਤਾ ਪ੍ਰਾਪਤ ਨੌਜਵਾਨਾਂ ਨੂੰ ਵੀ ਪੰਜਾਬ ਵਿੱਚ ਸਿਰਫ਼ ਪੰਜ ਪੰਜ ਹਜ਼ਾਰ ਰੁਪਏ ਮਹੀਨਾ ਉਪਰ ਹੀ ਨੌਕਰੀ ਮਿਲਣ, ਕਿਰਤ ਦੀ ਕੋਈ ਕਦਰ ਨਾ ਪੈਣ ਕਾਰਨ, ਖੂਨ ਪੀਣੀਆਂ ਸੜਕਾਂ, ਹਰ ਪਾਸੇ ਆਪੋ ਧਾਪੀ ਦਾ ਮਾਹੌਲ, ਪੰਜਾਬ ਵਿੱਚ ਗੰਭੀਰ ਹੁੰਦੀ ਜਾ ਰਹੀ ਅਮਨ ਕਾਨੂੰਨ ਦੀ ਸਥਿਤੀ, ਅਮਨ ਸ਼ਾਂਤੀ ਦੇ ਨਾਂਅ 'ਤੇ ਸਿੱਖ ਨੌਜਵਾਨਾਂ ਦੀ ਪੁਲਿਸ ਵੱਲੋਂ ਕੀਤੀ ਜਾਂਦੀ ਤਫ਼ਤੀਸ਼ ਅਤੇ ਹੋਰ ਅਜਿਹੇ ਕਾਰਨਾਂ ਕਰਕੇ ਹੁਣ ਵੱਡੀ ਗਿਣਤੀ ਪੰਜਾਬੀਆਂ ਦਾ ਆਪਣੇ ਜੱਦੀ ਸੂਬੇ ਪੰਜਾਬ ਨਾਲੋਂ ਮੋਹ ਜਿਹਾ ਹੀ ਭੰਗ ਹੋ ਗਿਆ ਹੈ , ਇਹ ਹੀ ਕਾਰਨ ਹੈ ਕਿ ਹੁਣ ਵੱਡੀ ਗਿਣਤੀ ਪੰਜਾਬੀ ਦੂਜੇ ਮੁਲਕਾਂ ਵਿੱਚ ਜਾਣ ਲਈ ਕਾਨੂੰਨੀ ਅਤੇ ਗ਼ੈਰਕਾਨੂੰਨੀ ਪਰਵਾਸ ਕਰ ਰਹੇ ਹਨ।

## ਪੰਜਾਬੀਆਂ ਦੇ ਪਰਵਾਸ ਨੂੰ ਠੱਲ੍ਹ ਨਾ ਪਾ ਸਕੀ ਕੋਈ ਵੀ ਸਰਕਾਰ



ਪੰਜਾਬ ਵਿੱਚ ਅਨੇਕਾਂ ਸਰਕਾਰਾਂ ਆਈਆਂ ਤੇ ਗਈਆਂ ਪਰ ਕੋਈ ਵੀ ਸਰਕਾਰ ਪੰਜਾਬੀਆਂ ਦੇ ਪਰਵਾਸ ਅਤੇ ਗ਼ੈਰਕਾਨੂੰਨੀ ਪਰਵਾਸ ਨੂੰ ਠੱਲ੍ਹ ਨਹੀਂ ਪਾ ਸਕੀ। ਪੰਜਾਬ ਸਰਕਾਰ ਵਲੋਂ ਭਾਵੇਂ ਪੰਜਾਬ ਵਿਚੋਂ ਗ਼ੈਰਕਾਨੂੰਨੀ ਪਰਵਾਸ ਰੋਕਣ ਅਤੇ ਮਨੁੱਖੀ ਤਸਕਰੀ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਕਾਨੂੰਨ ਬਣਾ ਕੇ ਲਾਗੂ ਕੀਤਾ ਗਿਆ ਹੈ ਪਰ ਕਿਹਾ ਜਾਂਦਾ ਹੈ ਕਿ ਇਸ ਦੇ ਬਾਵਜੂਦ ਪੰਜਾਬ ਵਿਚੋਂ ਦੂਜੇ ਮੁਲਕਾਂ ਨੂੰ ਗ਼ੈਰਕਾਨੂੰਨੀ ਪਰਵਾਸ ਵੱਡੇ ਪੱਧਰ ਉਪਰ ਜਾਰੀ ਹੈ, ਜਿਸ ਨੂੰ ਕਿਸੇ ਵੀ ਤਰਾਂ ਠੱਲ੍ਹ ਨਹੀਂ ਪਾਈ ਜਾ ਸਕੀ। ਪੰਜਾਬ ਵਿੱਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਇਸ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਇਸ ਸਰਕਾਰ ਵੱਲੋਂ ਪੰਜਾਬੀਆਂ ਦੇ ਪਰਵਾਸ ਨੂੰ ਰੋਕਣ ਅਤੇ ਪੰਜਾਬੀ ਨੌਜਵਾਨਾਂ ਨੂੰ ਪੰਜਾਬ ਵਿੱਚ ਰੁਜ਼ਗਾਰ ਦੇਣ ਦੇ ਪ੍ਰਬੰਧ ਕੀਤੇ ਜਾਣਗੇ ਅਤੇ ਵਿਦੇਸ਼ੀ ਵੀ ਪੰਜਾਬ ਵਿੱਚ ਆ ਕੇ ਨੌਕਰੀਆਂ ਕਰਿਆ ਕਰਨਗੇ। ਇਹ ਸਰਕਾਰ ਵੀ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਪੰਜਾਬੀਆਂ ਦੇ ਪਰਵਾਸ ਨੂੰ ਨਹੀਂ ਰੋਕ ਸਕੀ।



## 25 ਲੱਖ ਭਾਰਤੀ ਹਰ ਸਾਲ ਜਾਂਦੇ ਨੇ ਵਿਦੇਸ਼

ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2.9 ਕਰੋੜ ਭਾਰਤੀ ਵਿਦੇਸ਼ਾਂ 'ਚ ਰਹਿ ਰਹੇ ਹਨ, ਜਿਹੜੇ ਐਨ.ਆਰ.ਆਈ. ਤੇ ਓ.ਸੀ.ਆਈਜ਼. ਹਨ। ਇਨ੍ਹਾਂ 'ਚ 1.79 ਕਰੋੜ ਭਾਰਤੀ ਫਾਰਸੀ ਖਾੜੀ ਦੇਸ਼ਾਂ 'ਚ ਹਨ, ਜਿਨ੍ਹਾਂ 'ਚੋਂ ਇਕੱਲੇ ਯੂ.ਏ.ਈ. 'ਚ 37 ਲੱਖ ਭਾਰਤੀ ਸ਼ਾਮਲ ਸਨ। ਇਹੀ ਨਹੀਂ ਵਿਦੇਸ਼ਾਂ ਵੱਲ ਕੂਚ ਕਰਨ ਦਾ ਲੋਕਾਂ ਦਾ ਰੁਝਾਨ ਬਾਦਸਤੂਰ ਜਾਰੀ ਹੈ ਅਤੇ ਅੰਕੜਿਆਂ ਮੁਤਾਬਕ ਹਰ ਸਾਲ 25 ਲੱਖ ਭਾਰਤੀ ਵਿਦੇਸ਼ਾਂ 'ਚ ਜਾ ਰਹੇ ਹਨ। ਤਾਜ਼ਾ ਅੰਦਾਜ਼ੇ ਮੁਤਾਬਕ ਵਿਦੇਸ਼ਾਂ 'ਚ ਵਸੇ ਭਾਰਤੀਆ ਦੀ ਗਿਣਤੀ 3 ਕਰੋੜ ਤੋਂ ਟੱਪ ਗਈ ਹੈ। ਇਨ੍ਹਾਂ ਵਿੱਚੋਂ ਵਧੇਰੇ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਹਨ ਜੋ ਸਟੱਡੀ ਤੇ ਵਰਕ ਵੀਜ਼ੇ 'ਤੇ ਜਾ ਰਹੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖੀ ਅਜ਼ਾਦੀ ਤੇ ਵੈਲ.ਫੇਅਰ ਸਟੇਟ ਦਾ ਹੈ ਬਿਰਤਾਂਤ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਬੀਤੇ ਦਿਨੀਂ ਵੀਰ ਹਰਚਰਨ ਸਿੰਘ ਸੰਪਾਦਕ ਸਿੱਖ ਵਿਰਸਾ ਨੇ ਬਿਆਨ ਕੀਤਾ ਕਿ ਇੱਕ ਵੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹਾ ਨਹੀਂ ਜੋ ਹਮਲਾ ਕਰਨ ਤੇ ਬਦਲਾ ਲੈਣ ਲਈ ਪ੍ਰੇਰਦਾ ਹੈ। ਇਸਦੇ ਉਲਟ ਗੁਰਬਾਣੀ ਵਿੱਚ ਅਨੇਕਾਂ ਸ਼ਬਦ ਸਬਰ, ਸੰਤੋਖ, ਖਿਮਾਂ ਬਾਰੇ ਮਿਲਣਗੇ ਪਰ ਸਿੱਖ ਵਿਦਵਾਨਾਂ ਪ੍ਰਚਾਰਕਾਂ ਦਾ ਜੋਰ ਬਦਲਾ,ਹਮਲੇ ਕਰਨ ਉੱਪਰ ਲਗਿਆ ਹੈ ।

ਮੈਨੂੰ ਨਹੀਂ ਜਾਪਦਾ ਕਿ ਵੀਰ ਹਰਚਰਨ ਸਿੰਘ ਪਰਿਹਾਰ ਕੈਨੇਡਾ ਨੇ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਇਤਿਹਾਸ ਦਾ ਪੂਰਾ ਅਧਿਐਨ ਕੀਤਾ ਹੋਵੇ ਪਰ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਜੈਨ ਮਤਿ ਵਰਗੀ ਵੀ ਨਹੀਂ ਕਿ ਮਨੁੱਖ, ਸਬਰ, ਸੰਤੋਖ, ਸ਼ਾਂਤੀ, ਖਿਮਾਂ ਤਕ ਸੀਮਤ ਹੋ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਲਈ, ਸ਼ਹਾਦਤ ਲਈ ਮਹਾਨ ਵਿਚਾਰ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਂਤੀ ਦਾ ਸੰਕਲਪ ਅਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਖੜਨ ਦਾ ਇਨਕਲਾਬ ਹੈ। ਬਦਲਾ ਨਹੀਂ, ਨਿਆਂ ਲਈ ਸੰਘਰਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਾਜੇ ਸੀਂਹ ਮੁਕੱਦਮ ਕਿਤੇ ਵੀ ਮਨਜੂਰ ਨਹੀਂ। ਸਤਿਗੁਰੂ ਹਦਾਇਤ ਦਿੰਦੇ ਹਨ ਕਿ ਤੁਹਾਡੇ ਵਿੱਚ ਆਤਮਿਕ ਤੇ ਸਰੀਰਕ ਬਲ ਜਰੂਰੀ ਹੈ ਤਾਂ ਹੀ ਤੁਹਾਡੇ ਬੰਧਨ ਟੁਟਣਗੇ। ਗੁਰਮਤਿ ਨੇ ਸਰੀਰਾਂ ਨੂੰ ਕੈਦ ਕਰ ਲੈਣ ਨੂੰ ਗੁਲਾਮੀ ਨਹੀਂ ਕਿਹਾ, ਗੁਰਮਤਿ ਨੇ ਗੁਲਾਮੀ ਉਸ ਨੂੰ ਕਿਹਾ ਜੋ ਆਪਣੀ ਸੋਚ ਨੂੰ ਦੂਜੇ ਦੇ ਅਧੀਨ ਕਰ ਲਵੇ, ਆਪਣੀ ਜ਼ਮੀਰ ਨੂੰ ਗੈਰ ਦੇ ਪੈਰਾਂ ਵਿੱਚ ਸੁੱਟ ਦੇਵੇ, ਭਾਵ ਮਾਨਸਿਕ ਤੌਰ 'ਤੇ ਖਤਮ ਹੋ ਜਾਵੇ..। ਜੇ ਮਨ ਗੁਲਾਮ ਹੈ ਤਾਂ ਯਕੀਨੀ ਹੈ ਕਿ ਸਰੀਰ ਵੀ ਗੁਲਾਮ ਹੋ ਜਾਵੇਗਾ। ਗੁਰੂ ਸਾਹਿਬਾਨ ਸਮੇਂ ਭਾਵੇਂ ਰਾਜ ਮੁਗਲਾਂ ਦਾ ਸੀ, ਸ਼ਾਹੀ ਫੁਰਮਾਨ ਮੁਗਲ ਸਰਕਾਰਾਂ ਦੇ ਸਨ, ਦੇਸ਼ ਵਿੱਚ ਸਿੱਕੇ ਮੁਗਲ ਸਰਕਾਰ ਦੇ ਚੱਲਦੇ ਸਨ ਜਹਾਂਗੀਰ, ਔਰੰਗਜ਼ੇਬ ਵਰਗੇ ਬਾਦਸ਼ਾਹ ਹੋਏ, ਪਰ ਗੁਰੂ ਸਾਹਿਬਾਂਨਾਂ ਨੇ ਗੁਲਾਮੀ ਨੂੰ ਪ੍ਰਵਾਨ ਨਹੀਂ ਕੀਤਾ।

ਸਤਿਗੁਰੂ ਨਾਨਕ ਜੀ ਦਾ ਫੁਰਮਾਨ ਹੈ ਕਿ ਗ਼ੁਲਾਮੀ ਖ਼ਤਰਨਾਕ ਹੈ। ਗੁਲਾਮੀ ਵਿੱਚ ਖਾਣਾ ਪੀਣਾ ਸਭ ਹਰਾਮ ਹੈ। ਅਰਥਾਤ ਜ਼ਿੰਦਗੀ ਦਾ ਅਨੰਦ ਨਹੀਂ

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥

ਗੁਰਮਤਿ ਮਾਨਵਤਾ ਦੇ ਕਲਿਆਣ ਦਾ ਮਾਰਗ ਹੈ। ਇਹ ਸੰਸਾਰ ਦੀ ਅਸਲੀਅਤ ਬਿਆਨ ਕਰਦੀ ਉਸ ਨੂੰ ਭਵਜਲ ਆਖਦੀ ਹੈ ਅਤੇ ਮਨੁੱਖ ਦੀਆਂ ਸੰਸਾਰਕ ਪ੍ਰਾਪਤੀਆਂ ਨੂੰ ਤੁੱਛ ਦੱਸਦੀ ਹੈ। ਇਹ ਸੰਸਾਰਕ ਸੁੱਖ ਨੂੰ ਦੁੱਖ ਦਾ ਹੀ ਦੂਜਾ ਰੂਪ ਆਖਦੀ ਹੈ ਅਤੇ ਮਨੁੱਖ ਨੂੰ ਸੰਸਾਰਕ ਪ੍ਰਾਪਤੀਆਂ ਲਈ ਦੌੜ ਭੱਜ ਕਰਨ ਦੀ ਥਾਂ ਆਪਣੇ ਮਨ ਨੂੰ ਵਸ ਕਰ ਧਰਮ ਦਾ ਰਾਹ ਅਪਨਾ ਕੇ ਆਤਮਕ ਅਨੰਦ ਮਾਣਨ ਅਤੇ ਪ੍ਰਭੂ ਦੀ ਵਿਸ਼ਾਲ ਸ਼ਕਤੀ ਦਾ ਭਾਗੀਦਾਰ ਬਣਨ ਲਈ ਪ੍ਰੇਰਿਤ ਕਰਦੀ ਹੈ ਤੇ ਅਜ਼ਾਦੀ ਦਾ ਅਸਲ ਮਾਰਗ ਦਰਸਾਉਂਦੀ ਹੈ। ਜੁਲਮ ਤੇ ਅਨਿਆਂ ਵਿਰੁੱਧ ਜੂਝਨ ਲਈ ਮਨੁੱਖ ਨੂੰ ਮਾਨਸਿਕ ਤੌਰ ਉੱਪਰ ਬਲਵਾਨ ਕਰਦੀ ਹੈ। ਅੱਜ ਵੀ ਗੁਰੂ ਗਰੰਥ ਸਾਹਿਬ ਦਾ ਰੂਹਾਨੀ , ਸਮਾਜਿਕ , ਸੱਭਿਆਚਾਰਕ, ਰਾਜਨੀਤਕ ਮਾਡਲ ਹੀ ਇਸ ਸੰਸਾਰ ਨੂੰ ਬਚਾ ਸਕਦਾ ਹੈ। ਅੱਜ ਸੰਸਾਰ ਵਿੱਚ ਜੋ ਸੰਕਟ ਪੈਦਾ ਹੋਇਆ ਹੈ ਉਹ ਮਨੁੱਖਤਾ ਦੇ ਇੱਕ ਹਿੱਸੇ ਵੱਲੋਂ ਦੂਜੇ ਦੀ ਪਹਿਚਾਣ ਨੂੰ ਸਹਿਣ ਨਾ ਕਰਨ ਕਰਕੇ ਪੈਦਾ ਹੋਇਆ ਹੋਇਆ ਹੈ। ਸਿੱਖ ਵੀ ਇਸ ਸੰਕਟ ਨੂੰ ਹੰਡਾ ਰਹੇ ਹਨ। ਗੁਰੂ ਤੇਗ ਬਹਾਦਰ ਜੀ ਦਾ ਹੁਕਮ ਹੈ

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ॥54॥

ਰੱਬੀ ਸੱਚ ਅਪਨਾਏ ਬਿਨਾਂ ਤੇ ਸਤਿਗੁਰੂ ਦੇ ਰਾਹ ਉੱਪਰ ਚਲੇ ਬਿਨਾਂ ਮਨੁੱਖ ਆਪਣੇ ਗੁਲਾਮੀ ਦੇ ਬੰਧਨ ਨਹੀਂ ਤੋੜ ਸਕਦਾ। ਸਤਿਗੁਰੂ ਦੀ ਰਜਾ ਵਿੱਚ ਮਨੁੱਖ ਦਾ ਮਨੋਬਲ ਕਾਇਮ ਰਹਿ ਸਕਦਾ ਹੈ। ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਕ ਬਲ ਪੈਦਾ ਹੋ ਜਾਂਦਾ ਹੈ। ਸੋ, ਹੇ ਨਾਨਕ! (ਆਖ- ਹੇ ਪ੍ਰਭੂ!) ਸਭ ਕੁਝ ਤੇਰੇ ਹੱਥ ਵਿੱਚ ਹੈ ਤੂੰ ਹੀ ਮੈਨੂੰ ਬੰਧਨ ਮੁਕਤ ਹੋਣ ਦੀ ਸ਼ਕਤੀ ਦੇ।

ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਥੀ ਸਿੱਖਾਂ ਦੀ ਸ਼ਹਾਦਤ ਇਹ ਯਾਦ ਦਿਵਾਉਂਦੀ ਹੈ ਕਿ ਜਬਰ ਵਿਰੁੱਧ ਕੀਤਾ ਜਾਣ ਵਾਲਾ ਸੰਘਰਸ਼ ਕਿੰਨਾ ਔਖਾ ਤੇ ਮੁਸੀਬਤਾਂ ਭਰਿਆ ਹੋ ਸਕਦਾ ਹੈ ਪਰ ਅਜ਼ਾਦੀ ਲਈ ਜੂਝਨਾ ਪੈਂਦਾ ਹੈ। ਸੰਘਰਸ਼ ਤੇ ਸ਼ਹਾਦਤਾਂ ਦੇ ਇਸ ਸਫ਼ਰ ਨੇ ਪੰਜਾਬ ਵਿੱਚ ਸਮਾਜਿਕ ਬਰਾਬਰੀ ਲਈ ਅਤੇ ਜਬਰ ਵਿਰੁੱਧ ਲੜਨ ਦੀ ਰੂਹ ਫੂਕੀ; ਇਸ ਸਫ਼ਰ ਵਿਚੋਂ ਨਿਆਂ ਦੇ ਰਾਜ ਖ਼ਾਲਸਾ ਰਾਜ ਨੇ ਜਨਮ ਲਿਆ ਜਿਸਨੇ ਲੋਕਾਂ ਦੀ ਗੁਲਾਮੀ ਮਿਟਾ ਦਿਤੀ। ਸਭ ਨਾਲ ਨਿਆਂ ਕੀਤਾ। ਧਰਤੀ ਉੱਪਰ ਸਵਰਗ ਸਿਰਜ ਦਿੱਤਾ ਜ਼ਫ਼ਰਨਾਮੇ ਵਿੱਚ ਗੁਰੂ ਗੋਬਿੰਦ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ, "ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥ ਕਿ ਬਾਕੀ ਬਮਾਂਦਸਤ ਪੇਚੀਦਾ ਮਾਰ ॥"

ਭਾਵ ਭਾਵੇਂ ਮੇਰੇ ਚਾਰ ਬੱਚੇ ਸ਼ਹੀਦ ਹੋਏ ਪਰ ਕੁੰਡਲੀਆ ਨਾਗ (ਭਾਵ ਭੁਝੰਗੀ ਖ਼ਾਲਸਾ) ਬਾਕੀ ਹੈ। ਗੁਰੂ ਸਾਹਿਬ ਦੁਆਰਾ ਖ਼ਾਲਸੇ ਅਤੇ ਲੋਕਾਂ ਵਿੱਚ ਪ੍ਰਗਟਾਏ ਗਏ ਇਸ ਵਿਸ਼ਵਾਸ ਨੇ ਭਵਿੱਖ ਦੀ ਲੜਾਈ ਦੀ ਜ਼ਮੀਨ ਦੀ ਸਿਰਜਣਾ ਕੀਤੀ। ਜ਼ਫ਼ਰਨਾਮੇ ਵਿੱਚ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਦੀ ਸ਼ਖ਼ਸੀਅਤ ਦੇ ਪਰਦਾਫਾਸ਼ ਕੀਤਾ, "ਸ਼ਹਿਨਸ਼ਾਹ ਔਰੰਗਜ਼ੇਬ ਆਲਮੀ॥ ਕਿ ਦਾਰਾਇ ਦੌਰ ਅਸਤ ਦੂਰ ਅਸਤ ਦੀਂ॥"

ਭਾਵ, ਹੇ ਔਰੰਗਜ਼ੇਬ ਭਾਵੇਂ ਤੂੰ ਦੁਨੀਆਂ ਦਾ ਸ਼ਹਿਨਸ਼ਾਹ ਹੈਂ, ਸਮੇਂ ਦਾ ਸ਼ਹਿਨਸ਼ਾਹ (ਦਾਰਾ-ਇ-ਦੌਰ) ਹੈਂ ਪਰ ਧਰਮ ਤੋਂ ਦੂਰ (ਦੂਰ ਅਸਤ ਦੀਂ) ਹੀ ਹੈਂ। ਇਉਂ ਲੱਗਦਾ ਹੈ ਜਿਵੇਂ ਗੁਰੂ ਸਾਹਿਬ ਨੇ ਸਾਰੇ ਅਜਿਹੇ ਹਾਕਮਾਂ ਦਾ ਚਿੱਤਰ ਪੇਸ਼ ਕਰ ਦਿੱਤਾ ਹੈ ਜਿਹੜੇ ਧਰਮ ਨੂੰ ਆਪਣੀ ਤਾਕਤ, ਸੱਤਾ ਤੇ ਸਿਆਸਤ ਨੂੰ ਮਜ਼ਬੂਤ ਕਰਨ ਲਈ ਵਰਤਦੇ ਹਨ। ਪਰ ਜ਼ਾਲਮ ਤੇ ਨਸਲਵਾਦੀ ਹਨ।

ਜਬਰ ਵਿਰੁੱਧ ਲੜਦਿਆਂ ਸ਼ਹੀਦ ਹੋਣਾ ਸਿੱਖ ਧਰਮ ਦਾ ਅਜਿਹਾ ਪੱਖ ਬਣਿਆ ਜਿਸ ਨੇ 18ਵੀਂ ਸਦੀ ਦੇ ਮਹਾਨ ਸੰਘਰਸ਼ਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਜ਼ੁਲਮ ਤੇ ਅਨਿਆਂ ਵਿਰੁੱਧ ਲੜਨ ਤੇ ਕੁਰਬਾਨੀ ਦੇਣ ਲਈ ਪ੍ਰੇਰਿਤ ਕੀਤਾ। ਇਹ ਸਫ਼ਰ 19ਵੀਂ ਤੇ 20ਵੀਂ ਸਦੀ ਵਿੱਚ ਜਾਰੀ ਰਿਹਾ। ਦਇਆ,ਖਿਮਾਂ ਤਦ ਹੀ ਸੰਭਵ ਹੈ ਜੇ ਤੁਹਾਡਾ ਮਨੋਬਲ ਉਚਾ ਹੈ। ਗੁਰਮਤਿ ਦਾਰਸ਼ਨਿਕਤਾ ਵਿੱਚ ਬਦਲਾ ਨਹੀਂ, ਨਿਆਂ ਲਈ ਸੰਘਰਸ਼ ਹੈ। ਗੁਰਬਾਣੀ ਹਿੰਸਾ ਦੀ ਨਹੀਂ ਨਿਆਂ ਤੇ ਨਿਆਂ ਰਾਜ ਦੀ ਪੈਰਵਾਈ ਕਰਦੀ ਹੈ-

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ।

# ਭੰਬਲਭੂਸਾ ਪੰਜਾਬ ਸਿਆਸਤ ਦਾ !



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਪੰਜਾਬ ਦੀ ਧਰਤੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਵਾਰਸਾਂ ਤਥਾ ਸਮਝ ਵਾਲਿਆਂ ਦੀ ਧਰਤੀ ਆਖੀ ਜਾਂਦੀ ਹੈ। ਗੁਰੂ ਸ਼ਬਦ ਮਨੁੱਖੀ ਅਗਿਆਨਤਾ ਦੇ ਛੌੜ ਕੱਟਣ ਦੀ ਸਮਰੱਥਾ ਦਾ ਕੇਂਦਰ ਹੈ। ਜਿਵੇਂ ਚੜ੍ਹੇ ਸੂਰਜ ਵੇਲੇ ਵੀ ਹਰ ਉਹ ਵਿਅਕਤੀ ਭਟਕ ਭੁੱਲ ਜਾਂਦੇ ਹਨ, ਜਿਨ੍ਹਾਂ ਸੂਰਜ ਰੌਸ਼ਨੀ ਦੀ ਇੱਕ ਤਾਂ ਸਮਝ ਨਹੀਂ ਹੁੰਦੀ, ਦੂਜਾ ਉਹ ਅਹਿਮੀਅਤ ਨਹੀਂ ਜਾਣਦੇ।ਐਸੇ ਵਿਅਕਤੀ ਸਿਖਰ ਦੁਪਿਹਰੇ ਭੁੱਲ ਦੇ ਗਵਾਚਦੇ ਆਏ ਹਨ ਤੇ ਐਸਾ ਐਸੀ ਬੇਸਮਝੀ ਵਾਲਿਆਂ ਨਾਲ ਨਿਰੰਤਰ ਹੁੰਦਾ ਹੀ ਰਹੇਗਾ।

ਪੰਜਾਬ ਦੇ ਵਾਸੀਆਂ ਦੀ ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਗਰੀਬੀ ਇਹੀ ਹੈ ਕਿ ਇਨ੍ਹਾਂ ਤੋਂ ਸ਼ਬਦ ਗੁਰੂ ਦੂਰ ਕਰਨ ਦੀ ਲੰਮੇ ਦੀ ਸਾਜਿਸ਼ ਵਾਲਾ ਖੇਲ, ਜਿਸ ਨੂੰ ਕਦੀ ਪੰਜਾਬੀਆਂ ਵੱਲੋਂ ਧਿਆਨ ਦੇ ਕੇ ਸਮਝਿਆ ਜਾਣਿਆ ਹੀ ਨਹੀਂ, ਅੱਜ ਆਪਣੇ ਖੁੱਲ ਕੇ ਰੰਗ ਵਿਖਾਉਣ ਲੱਗਾ ਹੈ।

ਵੈਸੇ ਤਾਂ ਪੰਜਾਬ ਦੀ ਸਿਆਸਤ ਕਈ ਦਹਾਕਿਆਂ ਤੋਂ ਹੀ ਸਿਧਾਂਤਕ ਲੀਹ ਤੋਂ ਹੇਠਾਂ ਡਿਗਣੀ ਸ਼ੁਰੂ ਹੋ ਗਈ ਸੀ ਜੋ ਡਿਗਦਿਆਂ ਡਿਗਦਿਆਂ ਵਰਤਮਾਨ ਦਾ ਭਿਆਨਕ ਰੂਪ ਅਖ਼ਤਿਆਰ ਕਰ ਗਈ ਹੈ। ਪੰਜਾਬੀ ਕਿਉਂਕਿ ਆਪਣੇ ਵਿਰਸੇ ਦੀ ਵਧੇਰੇ ਕਰਕੇ ਪਰਵਾਹ ਕਰਨ ਤੋਂ ਹੋਰ ਪਾਸੇ ਭਟਕ ਗਏ ਹਨ। ਸ਼ਬਦ ਗੁਰੂ ਦੀ ਸਾਂਝ ਇਨ੍ਹਾਂ ਸਾਰਿਆਂ ਦੇ ਅੰਦਰ ਜਿਵੇਂ ਪਰਪੱਕ ਹੋਣੀ ਚਾਹੀਦੀ ਦੀ ਉਹ ਅੱਜ ਟਾਂਵਿਆਂ ਦੇ ਹਿੱਸੇ ਹੀ ਰਹਿ ਗਈ ਹੈ।

ਅੱਜ ਪੰਜਾਬ ਕੋਲ ਉਸ ਕੱਦ ਕਾਠ ਦੇ ਸਿਆਸੀ ਆਗੂ ਨਹੀਂ, ਜਿਨ੍ਹਾਂ ਤੋਂ ਪੁੱਛੇ ਬਗੈਰ ਭਾਰਤੀ ਸਿਆਸਤਦਾਨ ਵੀ ਨਿੱਛ ਨਾ ਮਾਰਨ। ਸ਼ਬਦ ਗੁਰੂ ਦੀ ਚੇਤਨਾ ਵਾਲਾ ਮਨੁੱਖ ਭੂਤ ਵਰਤਮਾਨ ਤੇ ਭਵਿੱਖ ਦੀ ਬਹੁ ਪੱਖੀ ਸਮਝ ਵਾਲਾ ਹੁੰਦਾ ਹੈ।ਉਸ ਪਾਸ ਗੁਰੂ ਬਖਸ਼ੀ ਇਹ ਇਹ ਚੇਤਨਾ ਹੁੰਦੀ ਹੈ।

ਆਗਾਹ ਕੂ ਤ੍ਰਾਘਿ ਪਿਛ ਫੇਰਿ ਨ ਮੁਹਡੜਾ ॥

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥

ਇਸੇ ਸਮਝ ਵਿਚੋਂ ਦੂਰਅੰਦੇਸ਼ੀ ਸਿਆਸਤ ਲਈ ਆਦਰਸ਼ ਜਨਮਦੇ ਹਨ। ਵਾਰਸਾਂ ਲਈ ਅਮਲੀ ਅਸੂਲ ਸਾਕਾਰ ਹੁੰਦੇ ਹਨ। ਇਹ ਅਸਲੀ ਵਾਰਸ ਨਿਰ ਸਵਾਰਥ ਹੁੰਦੇ ਹਨ, ਨਿਰਵੈਰ ਤੇ ਨਿਰਭੈਤਾ ਵਾਲੀ ਸਮਝ ਦਾ ਰੂਹ ਵਿੱਚ ਵਸੇਬਾ ਰੱਖਦੇ ਹਨ।

ਪੰਜਾਬ ਦੇ ਪੁਰਾਤਨ ਸਿਆਸਤਦਾਨਾਂ ਦੇ ਜੀਵਨ ਵੇਰਵਿਆਂ ਬਾਰੇ ਬੀਤੇ ਇਤਿਹਾਸਕ ਵੇਰਵੇ ਲਾਜ਼ਮੀਂ ਟੋਹਾਂ ਦੇਂਦੇ ਹਨ।ਪਹਿਲਾਂ ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਜੀਵਨ ਜੀਊਣ ਦੇ ਬਹੁ ਪੱਖੀ ਗੁਰ ਸਿਖਾਏ ਜਾਂਦੇ ਸਨ। ਬਜ਼ੁਰਗ ਆਪਣੀ ਸਮਝ ਦੇ ਤਜ਼ਰਬੇ ਕੋਲ ਬੈਠਾ ਕੇ ਵਿਦਿਆਰਥੀ ਨੂੰ ਸਬਕ ਪੜ੍ਹਾਉਣ ਵਾਂਗ ਪਕਾਉਂਦੇ ਸਨ। ਅੱਜ ਦਾ ਬਜ਼ੁਰਗ ਪਹਿਲਾਂ ਤਾਂ ਆਪਣੇ ਪਾਸ ਆਪਣੀਆਂ ਬਹੁਤੀਆਂ ਖ਼ੂਬੀਆਂ ਰੱਖਦਾ ਜਾਪਦਾ ਨਹੀਂ। ਜੇਕਰ ਹੋਣਗੀਆਂ ਵੀ ਤਾਂ ਉਨ੍ਹਾਂ ਕੋਲ ਇਨ੍ਹਾਂ ਨੂੰ ਵੰਡਣ ਦੀ ਹੁਬ ਵਾਲਾ ਪਾਗਲਪਨ ਨਹੀਂ ਹੈ।

ਸਭ ਤੋਂ ਵੱਡੀ ਘਾਟ ਪੰਜਾਬ ਦੇ ਸਿਆਸਤਦਾਨਾਂ ਦੀ ਇਹ ਬਣ /ਬਣਾ ਦਿੱਤੀ ਕਿ ਉਹ ਭਾਰਤੀ ਰਾਜਤੰਤਰ ਦੀ ਕਪਟ ਫਰੇਬ ਵਾਲੀ ਡੂੰਘੀ ਕੂੜ ਨੀਤੀ ਨੂੰ ਚੀਰ ਫਾੜ ਕਰਕੇ ਵੇਖਣ ਪਰਖਣ ਦੀ ਸਮਰੱਥਾ ਦਾ ਘੋਖੀ ਬਣ ਕੇ ਹੀ ਨਹੀਂ ਉੱਭਰਿਆ।ਪੰਜਾਬ ਦਾ ਸਿਆਸਤਦਾਨ ਦਰਅਸਲ ਵਿਰਸੇ ਦੀ ਅਮੀਰੀ ਨੂੰ ਜਿਵੇਂ ਜਿਵੇਂ ਛੱਡ ਕੇ ਨਿੱਜਵਾਦੀ ਸਵਾਰਥੀ ਸੋਚ ਦਾ ਪਿਛਲੱਗ ਬਣਦਾ ਗਿਆ ਇਸ ਨਾਲ ਸੁਰਤਿ ਸਹੀ ਸਿਆਸਤੀ ਧੁਰੇ ਤੋਂ ਭਟਕਦੀ ਭਟਕਦੀ ਭਟਕ ਗਈ ਹੈ।

ਵਰਤਮਾਨ ਪੰਜਾਬ ਦੀ ਸਿਆਸਤ ਦਾ ਭੰਬਲਭੂਸਾ ਇਸੇ ਹੀ ਪੈਦਾ ਹੋਏ ਹਾਲਾਤ ਦੀ ਅਫਸੋਸਨਾਕ ਉਪਜ ਹੈ। ਪੰਜਾਬ ਦੇ ਸਕੂਲ / ਕਾਲਜ/ਯੂਨੀਵਰਸਿਟੀਆਂ ਦੇ ਸਮੂਹ ਪ੍ਰਬੰਧਕ ਤੇ ਵਿੱਦਿਆ ਵੰਡਣ ਹਾਰੇ ਵਿਦਿਆਰਥੀਆਂ ਦੀ ਸਮਝ ਨੂੰ ਪੰਜਾਬ ਦੇ ਇਤਿਹਾਸ ਦੀ ਅਮੀਰੀ ਨਾਲ ਜੋੜਨ ਦੇ ਆਹਰ ਤੋਂ ਜਾਪਦਾ ਕਿ ਜਿਵੇਂ ਸਭ ਪੱਧਰ ਤੇ ਮੁਨਕਰ ਹੋ ਗਏ ਹੋਣ! ਦੋ ਹੀ ਤਲ ਹਨ ਸਿਆਸਤ ਦੇ ਪਾਠਕ੍ਰਮ ਨੂੰ ਅਗਲੀਆਂ ਪੀੜ੍ਹੀਆਂ ਤੱਕ ਦੇ। ਇੱਕ ਸਿਆਸਤ ਪਿੜ ਦੇ ਅਮਲ ਕਾਰ ਉਹ ਭਾਵੇਂ ਅਧੂਰੇ ਹਨ ਜਾਂ ਪੂਰੇ ਉਹ ਸਿਆਸਤ ਦੀ ਬੀਜ-ਸ਼ਕਤੀ ਨੂੰ ਨਾ ਚਾਹੁੰਦਿਆਂ ਵੀ ਵੰਡਦੇ ਹਨ। ਵਿਦਿਆ ਅਦਾਰਿਆਂ ਦੇ ਅੰਦਰ ਦੀਆਂ ਗਤੀਵਿਧੀਆਂ ਦਾ ਪ੍ਰਭਾਵ। ਜਦੋਂ ਇਹ ਦੋਵੇਂ ਤਲ ਗੈਰ-ਜ਼ਿੰਮੇਵਾਰੀ ਅਖਤਿਆਰ ਕਰ ਲੈਣ ਤਾਂ ਪੀੜ੍ਹੀਆਂ ਲਈ ਇਹ ਸਰੋਤ ਸੁੱਕੇ ਸਰੋਵਰ ਹੋ ਜਾਂਦੇ ਹਨ।

ਪੰਜਾਬ ਦੀ ਸਿਆਸਤ ਦਾ ਵਰਤਮਾਨ ਭੰਬਲਭੂਸਾ ਬੜਾ ਦੁਖਦਾਈ ਹੈ। ਇਮਾਨਦਾਰ ਸਿਆਸਤਦਾਨ ਆਪਣੀ ਪਛਾਣ ਹੀ ਖੋਹ ਰਿਹਾ ਹੈ । ਬੇਭਰੋਸਗੀ ਆਲਮ ਭਾਰੂ ਹੈ। ਪੰਜਾਹ ਸਾਲ ਪਹਿਲਾਂ ਸਰਦਾਰ ਪਿਆਰਾ ਸਿੰਘ ਪਦਮ ਵੱਲੋਂ ਜੋ ਕਿਤਾਬ ਸੰਪਾਦਨ ਕੀਤੀ ਹੋਈ ਹੈ ਹਿੰਦੋਸਤਾਨੀ ਕਵੀ! ਵਿਚੋਂ ਪੜ੍ਹਿਆ ਸੀ ਕਿ ਸਿਆਸਤ ਦਾ ਕੋਈ ਇਤਬਾਰ ਨਹੀਂ। ਇਹ ਵੇਸਵਾ ਦੇ ਕੱਪੜੇ ਬਦਲਣ ਵਾਂਗ ਆਪਣੇ ਧੜੇ ਬਦਲ ਲੈਂਦੇ ਹਨ । ਹੁਣ ਤੋਬਾ ਹੀ ਹੋ ਗਈ। ਪੰਜਾਬ ਅੰਦਰ ਤਾਂ ਅੱਜ ਇਨ੍ਹਾਂ ਕੁਰਸੀ ਦੇ ਭਿਖਾਰੀ ਤੇ ਕੂੜੀ ਰਾਜਨੀਤੀ ਦੇ ਵਾਪਾਰੀਆਂ ਨੇ ਲੋਕਾਂ ਦੀ ਸੋਚ ਨੂੰ ਬੌਂਦਲਾ ਕੇ ਰੱਖ ਦਿੱਤਾ ਹੈ। ਕੌਣ ਜਿੱਤੇਗਾ ? ਕੌਣ ਹਾਰੇਗਾ ? ਦਾ ਸਵਾਲ ਹੁਣ ਬਹੁਤੇ ਵੱਡੇ ਅਰਥ ਨਹੀਂ ਰੱਖਦਾ! ਹੁਣ ਤੇ ਪੰਜਾਬ ਵਾਸੀ ਇਸ ਤ੍ਰਾਸਦੀ ਭਰੀ ਸੋਚ ਦਾ ਸ਼ਿਕਾਰ ਹੈ ਕਿ ਕੋਈ ਇਨ੍ਹਾਂ ਸਿਆਸਤਦਾਨਾਂ ਵਿੱਚ ਆਪਣੇ ਸਿਆਸੀ ਦਲ ਜਾਂ ਧਿਰ ਵਫ਼ਾਦਾਰ ਹੈ ਵੀ ਕਿ ਨਹੀਂ।ਜੇ ਇਹ ਲੋਕ ਆਪਣੀ ਜੱਥੇਬੰਦੀ ਪਜ਼ੀ ਲਈ ਸੁਹਿਰਦ ਜਾਂ ਵਫ਼ਾਦਾਰ ਨਹੀਂ ਤਾਂ ਪੰਜਾਬ ਲਈ / ਦੇਸ਼ ਲਈ ਕਿਵੇਂ ਭਰੋਸੇਯੋਗ ਆਖ ਸਕਦੇ ਹਾਂ!

ਪੰਜਾਬ ਦੀ ਵਰਤਮਾਨ ਰਾਜਨੀਤਕ ਹਾਲਾਤ ਦੀ ਨਿੰਮੋਝੂਣੀ ਦਸ਼ਾ ਇਸ ਦੇ ਭਵਿੱਖ ਲਈ ਖਤਰੇ ਦੇ ਘੜਿਆਲ ਖੜਕਾ ਰਹੀ ਹੈ। ਵੱਡੇ ਸਿਆਸੀ ਆਗੂਆਂ ਦੀ ਬੋਲਬਾਣੀ ਅਤਿ ਨਿਰਾਸ਼ਾਜਨਕ ਹੈ। ਭਾਸ਼ਾ ਦੀ ਗਰਿਮਾ ਬੋਲਾਂ ਦਾ ਮਹੱਤਵ ਦੋਵੇ ਦਰ ਕਿਨਾਰੇ ਕਰ ਦਿੱਤੇ ਗਏ ਹਨ। ਊਲ ਜਲੂਲ ਬੋਲਾਂ ਦੀ ਹਉਮੈ ਭਰੀ ਸੜਿਆਂਦ ਸੋਚਵਾਨ ਲੋਕਾਂ ਦੇ ਨੱਕ ਵਿੱਚ ਦਮ ਕਰ ਰਹੀ ਹੈ। ਉਹ ਲੋਕ ਜੋ ਰੋਜ਼ੀ ਰੋਟੀ ਦੀਆਂ ਲੋੜਾਂ ਦੇ ਸ਼ੋਰ ਸ਼ਰਾਬੇ ਵਿੱਚ ਫ਼ਰਜਾਂ ਵੱਲੋਂ ਅੰਨ੍ਹੇ ਬੋਲ਼ੇ ਹੋ ਗਏ ਹਨ ਉਨ੍ਹਾਂ ਨੂੰ ਸਿਆਸਤ ਦੇ ਭੰਬਲਭੂਸੇ ਨਾਲ ਕੋਈ ਫਰਕ ਨਹੀਂ ਪੈਂਦਾ, ਨਾ ਹੀ ਪੈਣਾ ਹੈ। ਪੰਜਾਬ ਸਿਆਸਤ ਦੇ ਇਸ ਦਰਦਨਾਕ ਰੂਪ ਤੇ ਭਾਰੀ ਚਿੰਤਨ ਦੀ ਲੋੜ ਹੈ। ਮਗਰ ਬਣੇ ਮਾਲਾਹਾਂ ਦਾ ਧਿਆਨ ਇਸ ਪਾਸੇ ਨਹੀਂ ਪੈ ਰਿਹਾ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਬੈਠੇ ਰਾਜਨੀਤਕ ਮਾਹਿਰ ਵੀ ਕਿਧਰੇ ਮਿਲ ਬੈਠ ਕੇ ਇਨ੍ਹਾਂ ਨਿਰਾਸ਼ਾ ਭਰੇ ਹਾਲਾਤਾਂ ਲਈ ਨਾ ਬੈਠੇ ਦਿਖਾਈ ਦੇਂਦੇ ਹਨ ਤੇ ਨਾ ਹੀ ਹੋਰ ਕਿਸੇ ਯੋਗ ਢੰਗ ਨਾਲ ਆਵਾਜ਼ ਹੀ ਉਠਾ ਰਹੇ ਹਨ।

ਅਖਬਾਰਾਂ ਦੇ ਕਾਲਮ ਨਵੀਸ ਤੇ ਚਿੰਤਕ ਵੀ ਪਤਾ ਨਹੀਂ ਕਿੰਨਾਂ ਕੁ ਮੋੜਾ ਦੇ ਰਹੇ ਹਨ। ਬਾਕੀ ਪਸਾਰ ਪੂਰ ਸਾਧਨਾਂ ਨਾਲ ਜੁੜੇ ਚਿੰਤਕ ਵੀ ਵਿਧੀਵਤ ਆਵਾਜ਼ ਲਈ ਵੱਡੇ ਪੱਧਰ 'ਤੇ ਕੰਮ ਕਰਦੇ ਲੱਭਣੇ ਵੀ ਔਖੇ ਹਨ। ਨੌਜਵਾਨ ਪੀੜੀ ਪੰਜਾਬ ਦੀ ਸਾਰੇ ਪ੍ਰਕਾਰ ਦੀਆਂ ਚੇਤਨਾਵਾਂ ਤੋਂ ਦਰ ਅਸਲ ਕੋਹਾਂ ਦੂਰ ਖੜ੍ਹੀ ਡਉਰ ਭਉਰ ਹੋਈ ਹੋਈ ਮਿਲ ਰਹੀ ਹੈ।ਉਹ ਨਾ ਪੰਜਾਬ ਨੂੰ ਸਮਝਣ ਲਈ ਦਰਦਵਾਨ ਹੈ ਨਾ ਹੀ ਪੰਜਾਬ ਸਿਆਸਤ ਦੀ ਵਰਤਮਾਨ ਦਸ਼ਾ ਤੋਂ ਵਾਕਫ ਹੈ।

ਇਹ ਵਾਕਫੀ ਆਖਰ ਦੇਵੇਗਾ ਕੌਣ ? ਕੌਣ! ਕੌਣ!! ਕੌਣ!!!

ਸਮੇਂ ਨੇ ਅੱਗੇ ਤੁਰ ਜਾਣਾ ਹੈ। ਪੰਜਾਬ ਦੀ ਸਿਆਸਤ ਦੇ ਅੱਜ ਵਾਲੇ ਹਾਲਾਤਾਂ 'ਤੇ ਬੀਤੇ ਸਮੇਂ ਦੀ ਗੱਲ ਵਾਲੀ ਮੋਟੀ ਚਾਦਰ ਤਣ ਜਾਣੀ ਹੈ। ਤੁਰਦੇ ਫਿਰਦੇ ਅੱਜ ਵਾਲੇ ਆਗੂਆਂ ਨੇ ਆਪਣੇ ਆਪਣੇ ਢੰਗ ਨਾਲ ਜਾਤੀ ਸੁੱਖਾਂ ਵਿੱਚ ਮਸ਼ਰੂਫ਼ ਹੋ ਜਾਣਾ ਹੈ। ਇਨ੍ਹਾਂ ਦੁਆਰਾ ਪੈਦਾ ਕੀਤੇ ਗਏ ਪੰਜਾਬ ਸਿਆਸਤ ਵਾਲੇ ਭੰਬਲਭੂਸੇ ਵਾਲੇ ਮਾਹੌਲ ਵਿੱਚ ਉਭੋਸਾਹ ਹੋ ਕੇ ਜਿਉਣਾ ਪਵੇਗਾ। ਪੰਜਾਬ ਨੂੰ ਸਹੀ ਸੇਧ ਦੇਣ ਵਾਲੀ ਸਿਆਸਤ ਦਾ ਬੇਹਤਰੀਨ ਰੂਪ ਐਸੇ ਗਰਭ ਵਿੱਚ ਜਾ ਡਿੱਗੇਗਾ ਜਿਥੋਂ ਮੁੜ ਉਭਰਨ ਵਾਲੀਆਂ ਸੰਭਾਵਨਾਵਾਂ ਮੱਧਮ ਦਿਖਾਈ ਦੇ ਰਹੀਆਂ ਹਨ।



# ਪੰਜਾਬ ਕਿਤੇ ਬਣ ਨਾ ਜਾਵੇ ਰੇਗਿਸਤਾਨ

- ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਡਿੱਗਣ ਕਾਰਨ ਸੰਕਟ 'ਚ ਘਿਰਿਆ ਪੰਜਾਬ
- ਪੰਜਾਬ ਦੇ 138 ਬਲਾਕਾਂ ਵਿਚੋਂ 11 ਬਲਾਕਾਂ ਦਾ ਹੀ ਪਾਣੀ ਬਚਿਆ
- ਪੰਜਾਬ ਨਹਿਰੀ ਪਾਣੀ ਦੀ ਵਰਤੋਂ 'ਚ ਫਾਡੀ

ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘੱਟਦਾ ਜਾ ਰਿਹਾ ਹੈ ਤੇ ਦੂਜੇ ਪਾਸੇ ਐਸ.ਵਾਈ.ਐਲ. ਮਾਮਲਾ ਅਣਸੁਲਝਿਆ ਪਿਆ ਹੈ। ਪੰਜਾਬ ਵਿੱਚ ਕਰੀਬ ਦੋ ਦਹਾਕੇ ਤੋਂ ਜ਼ਮੀਨਦੋਜ਼ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਡਿੱਗਣ ਕਾਰਨ ਪੰਜ ਦਰਿਆਵਾਂ ਦੀ ਧਰਤੀ ਗੰਭੀਰ ਸੰਕਟ ਵਿੱਚ ਘਿਰਦੀ ਜਾ ਰਹੀ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਅਤਿ-ਘਾਤਕ ਯੂਰੇਨੀਅਮ ਵਰਗੇ ਤੱਤ ਸ਼ਾਮਲ ਹੋ ਗਏ ਹਨ ਜਿਸ ਕਾਰਨ ਪੰਜਾਬ ਵਾਸੀ ਗੰਭੀਰ ਬਿਮਾਰੀਆਂ ਦੀ ਮਾਰ ਹੇਠ ਆ ਰਹੇ ਹਨ। ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਡਿੱਗਣ ਕਾਰਨ ਸੂਬੇ ਦੇ ਲਗਪਗ ਸਾਰੇ ਬਲਾਕ ਡਾਰਕ ਜ਼ੋਨ ਵਿੱਚ ਆ ਚੁੱਕੇ ਹਨ। ਪੰਜਾਬ ਦੇ 138 ਬਲਾਕਾਂ ਵਿਚੋਂ 11 ਬਲਾਕਾਂ ਦਾ ਪਾਣੀ ਬਚਿਆ ਹੈ। ਪੰਜਾਬ ਵਿੱਚ ਸਾਲਾਨਾ ਕੁੱਲ 21.44 ਬੀਸੀਐਮ (ਬਿਲੀਅਨ ਕਿਊਬਿਕ ਮੀਟਰ) ਭੂਮੀਗਤ ਪਾਣੀ ਦੀ ਉਪਲੱਬਧਤਾ ਹੁੰਦੀ ਹੈ, ਪਰ 31.16 ਬੀ.ਸੀ.ਐਮ. ਭੂਮੀਗਤ ਪਾਣੀ ਕੱਢਿਆ ਜਾ ਰਿਹਾ ਹੈ। ਭੂਮੀਗਤ ਪਾਣੀ ਦੇ ਨਿਕਾਸ ਦੀ ਸਭ ਤੋਂ ਵੱਧ ਦਰ ਫਤਿਹਗੜ੍ਹ ਸਾਹਿਬ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਲੁਧਿਆਣਾ, ਮਾਨਸਾ, ਮੋਗਾ, ਨਵਾਂਸ਼ਹਿਰ, ਪਟਿਆਲਾ ਅਤੇ ਸੰਗਰੂਰ ਵਿੱਚ ਹੈ। ਇਸ ਕਾਰਨ ਪਾਣੀ ਦਾ ਪੱਧਰ 30 ਮੀਟਰ ਤੋਂ ਵੀ ਵਧੇਰੇ ਥੱਲੇ ਚਲਿਆ ਗਿਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਬਲਾਕ ਦਾ ਪਾਣੀ 50 ਮੀਟਰ ਤੋਂ ਵੀ ਥੱਲੇ ਚਲਿਆ ਗਿਆ ਹੈ। ਝੋਨਾ ਪੰਜਾਬ ਦੀ ਵਿਰਾਸਤੀ ਫਸਲ ਨਹੀਂ ਸੀ ਪਰ 1966 ਵਿੱਚ ਹਰੀ-ਕ੍ਰਾਂਤੀ ਤਹਿਤ ਤੇ ਕੇਂਦਰ ਦੀ ਮੰਗ 'ਤੇ ਅਨਾਜ ਦੀ ਕਮੀ ਪੂਰੀ ਕਰਨ ਲਈ ਬੀਜਿਆ ਜਾਣ ਲੱਗਿਆ। ਪੰਜਾਬ ਦਾ ਕਿਸਾਨ ਅੰਨਦਾਤਾ ਤਾਂ ਬਣਿਆ ਪਰ ਅਨਾਜ ਦੀ ਕਮੀ ਪੂਰੀ ਕਰਨ ਲਈ ਪਾਣੀ ਦਾ ਵੱਡਾ ਨੁਕਸਾਨ ਹੋਇਆ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਬੁੱਢਾ ਨਾਲਾ ਇਸ ਸਮੇਂ ਭਾਰਤ ਦਾ ਸਭ ਤੋਂ ਵੱਧ ਦੂਸ਼ਿਤ ਨਾਲਾ ਹੈ। ਇਹ ਨਾਲਾ ਵਲੀਪੁਰ ਕਲਾਂ ਨੇੜੇ ਸਤਲੁਜ ਦਰਿਆ 'ਚ ਮਿਲ ਜਾਂਦਾ ਹੈ। ਇਸ ਥਾਂ ਤੋਂ ਦਰਿਆ ਦਾ ਰੰਗ ਪੂਰੇ ਤੌਰ 'ਤੇ ਕਾਲਾ ਹੋ ਜਾਂਦਾ ਹੈ। ਅੱਗਿਉਂ ਜਾ ਕੇ ਵੀ ਸਤਲੁਜ 'ਚ ਫਗਵਾੜਾ ਡਰੇਨ, ਜਮਸ਼ੇਰ ਡਰੇਨ, ਕਾਲਾ ਸੰਘਿਆਂ ਡਰੇਨ ਚਿੱਟੀ ਵੇਈਂ ਰਾਹੀਂ ਸਤਲੁਜ 'ਚ ਆ ਪੈਂਦੀਆਂ ਹਨ। ਇਨ੍ਹਾਂ ਡਰੇਨਾਂ ਰਾਹੀਂ ਵੀ ਨਿਰੀਆਂ ਜ਼ਹਿਰਾਂ ਹੀ ਇਸ ਦਰਿਆ 'ਚ ਪੈ ਰਹੀਆਂ ਹਨ। ਸਤਲੁਜ ਦਰਿਆ ਹਰੀਕੇ ਪੱਤਣ 'ਤੇ ਬਿਆਸ ਨਾਲ ਮਿਲ ਜਾਂਦਾ ਹੈ ਜਿਥੋਂ ਦੋ ਨਹਿਰਾਂ ਰਾਹੀਂ ਇਸ ਦਾ ਜ਼ਹਿਰੀਲਾ ਪਾਣੀ ਮਾਲਵੇ ਤੇ ਰਾਜਸਥਾਨ ਜਾਂਦਾ ਹੈ। ਜਿਥੇ-ਜਿਥੇ ਲੋਕ ਇਹ ਪਾਣੀ ਪੀਣ ਲਈ ਵਰਤਦੇ ਹਨ, ਉਥੇ-ਉਥੇ ਕੈਂਸਰ ਤੇ ਕਾਲੇ ਪੀਲੀਏ ਦੇ ਮਰੀਜ਼ਾਂ ਦੀ ਗਿਣਤੀ ਦੂਜੇ ਥਾਵਾਂ ਦੇ ਮੁਕਾਬਲੇ ਵਧੇਰੇ ਹੈ।

ਲੁਧਿਆਣੇ 'ਚ ਗੰਦੇ ਨਾਲੇ ਦੇ ਆਸ-ਪਾਸ ਪਾਣੀ ਵੀ ਜ਼ਹਿਰੀਲਾ ਹੋ ਚੁੱਕਿਆ ਹੈ। ਮਲੇਰਕੋਟਲੇ ਕੋਲ ਵਗਦੀ ਡਰੇਨ ਵੀ ਇਸੇ ਨਾਲੇ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਕਿਸਾਨ ਇਸ ਰਾਹੀਂ 'ਜ਼ਹਿਰ ਦੀ ਖੇਤੀ' ਕਰ ਰਹੇ ਹਨ ਜੋ ਕਿ ਕੈਂਸਰ ਤੇ ਕਾਲਾ ਪੀਲੀਆ ਲੋਕਾਂ ਨੂੰ ਵੰਡ ਰਹੀ ਹੈ।

ਮਲੇਰਕੋਟਲਾ ਭਾਰਤ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਮੰਨੀ ਜਾਂਦੀ ਹੈ, ਜਿੱਥੋਂ ਸਾਰੇ ਭਾਰਤ ਵਿੱਚੋਂ ਸਬਜ਼ੀਆਂ ਸਪਲਾਈ ਹੁੰਦੀਆਂ ਹਨ, ਉਹ ਸਬਜ਼ੀਆਂ ਗੰਦੇ ਨਾਲੇ ਦੇ ਪਾਣੀ ਤੇ ਪ੍ਰਦੂਸ਼ਿਤ ਪਾਣੀ ਕਾਰਨ ਹੀ ਉਪਜ ਰਹੀਆਂ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੋਕ ਮਲੀਨ ਪਾਣੀ, ਹਵਾ ਤੇ ਸਬਜ਼ੀਆਂ ਖਾ ਰਹੇ ਹਨ ਤੇ ਮੌਤ ਨੂੰ ਜੱਫਾ ਪਾ ਰਹੇ ਹਨ। ਪਾਣੀ ਦੇ ਮਲੀਨ ਹੋਣ ਦਾ ਕਾਰਨ ਸਨਅੱਤ ਤੇ ਨਗਰ ਨਿਗਮ ਵੱਲੋਂ ਦਰਿਆਵਾਂ, ਵੇਈਆਂ ਵਿੱਚ ਮਿਲਾਈ ਜਾ ਰਹੀ ਗੰਦਗੀ ਹੈ ਤੇ ਇਸੇ ਕਾਰਨ ਜ਼ਮੀਨਦੋਜ਼ ਪਾਣੀ ਵੀ ਜ਼ਹਿਰੀਲਾ ਹੋ ਰਿਹਾ ਹੈ, ਖੇਤੀਬਾੜੀ ਵੀ ਜ਼ਹਿਰੀਲੀ ਹੋ ਰਹੀ ਹੈ। ਸਰਕਾਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਹੀ ਤੇ ਨਾ ਹੀ ਅਜਿਹੀਆਂ ਸਨਅੱਤਾਂ ਵਿਰੁੱਧ ਕਾਰਵਾਈ ਕਰ ਰਹੀ ਹੈ, ਜੋ ਕਿ ਪੰਜਾਬ ਵਿੱਚ ਕੈਂਸਰ ਕਾਲਾ ਪੀਲੀਆ ਤੇ ਹੋਰ ਬਿਮਾਰੀਆਂ ਦੇ ਜ਼ਿੰਮੇਵਾਰ ਹਨ। ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਨੇ ਕਿਹਾ ਕਿ ਹੋਰ ਫ਼ਸਲਾਂ ਦਾ ਸਮਰਥਨ ਮੁੱਲ ਐਲਾਨਣ ਦੇ ਬਾਵਜੂਦ ਖ਼ਰੀਦ ਦੀ ਗਾਰੰਟੀ ਨਾ ਹੋਣ ਕਰਕੇ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਹੀਂ ਨਿਕਲ ਸਕਿਆ। ਇਸ ਕਰਕੇ ਕਿਸਾਨਾਂ ਵੱਲੋਂ ਝੋਨੇ ਦੀ ਬਿਜਾਈ ਨੂੰ ਤਰਜੀਹ ਦਿੱਤੀ ਜਾਂਦੀ ਹੈ। ਨਹਿਰੀ ਪਾਣੀ ਦੀ ਘਾਟ ਕਾਰਨ ਟਿਊਬਵੈਲਾਂ ਰਾਹੀਂ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪਾਣੀ ਦਾ ਹਰ ਵਰ੍ਹੇ ਪੱਧਰ ਡਿੱਗਣ ਕਾਰਨ ਆਮ ਤੌਰ ਉੱਤੇ ਇੱਕ ਚੌਥਾਈ ਪੁਰਾਣੇ ਬੋਰ ਜਾਂ ਡੂੰਘੇ ਕਰਨੇ ਪੈਂਦੇ ਹਨ ਅਤੇ ਜਾਂ ਖੜ੍ਹ ਜਾਣ ਕਰਕੇ ਉਨ੍ਹਾਂ ਦੀ ਥਾਂ ਨਵਾਂ ਬੋਰ ਕਰਨਾ ਪੈਂਦਾ ਹੈ। ਖੇਤੀ ਵਿਗਿਆਨੀ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਸੂਬੇ ਦੇ ਭੂਮੀਗਤ ਪਾਣੀ ਦਾ ਪੱਧਰ ਇਸ ਸਮੇਂ ਤੇਜ਼ੀ ਨਾਲ ਹੇਠਾਂ ਜਾਣ ਨਾਲ ਦੇਸ਼ ਦੀ ਅਨਾਜ ਸੁਰੱਖਿਆ ਦਾ ਭਵਿੱਖ ਖ਼ਤਰੇ ਵਿੱਚ ਹੈ। ਪਾਣੀ ਦੀ ਘਾਟ ਛੇਤੀ ਹੀ ਵੱਡੇ ਦੁਖਾਂਤ ਦਾ ਰੂਪ ਲੈ ਲਵੇਗੀ। ਇੱਕ ਕਿਲੋ ਚੌਲ ਪੈਦਾ ਕਰਨ ਲਈ ਹਜ਼ਾਰਾਂ ਲਿਟਰ ਪਾਣੀ ਦੀ ਵਰਤੋਂ ਹੁੰਦੀ ਹੈ। ਇਹ ਗੱਲ ਠੀਕ ਹੈ ਕਿ ਕਿਸਾਨਾਂ ਨੂੰ ਝੋਨੇ ਦਾ ਲਾਹੇਵੰਦ ਬਦਲ ਦੇਣ ਵਿੱਚ ਸਮੇਂ ਦੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ। ਮਜਬੂਰੀਵੱਸ ਹੀ ਉਹ ਝੋਨੇ ਦੀ ਖੇਤੀ ਕਰ ਰਹੇ ਹਨ।

(ਬਾਕੀ ਸਫ਼ਾ 31 'ਤੇ)




## ਝੋਨਾ ਲਾਉਣ ਦੀ ਤਕਨੀਕ ਵਿੱਚ ਬਦਲਾਅ ਕਰਨਾ ਜ਼ਰੂਰੀ: ਪੰਨੂ

ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਸਕੱਤਰ ਅਤੇ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦਾ ਸੰਕਟ ਬਹੁਤ ਗੰਭੀਰ ਹੈ ਅਤੇ ਇਸ ਦਾ ਇੱਕ ਵੱਡਾ ਕਾਰਨ ਝੋਨਾ ਹੈ।



ਉਨ੍ਹਾਂ ਨੇ ਕਿਹਾ ਕਿ ਕਿਸਾਨ ਝੋਨਾ ਇਸ ਕਰਕੇ ਪੈਦਾ ਕਰਦਾ ਹੈ ਕਿਉਂਕਿ ਇਸ ਉਤੇ ਐੱਮ.ਐੱਸ.ਪੀ. ਮਿਲਦੀ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਪੰਜਾਬ ਲਈ ਝੋਨਾ ਮਾੜਾ ਨਹੀਂ ਹੈ ਸਗੋਂ ਝੋਨੇ ਨੂੰ ਲੱਗਣ ਵਾਲਾ ਪਾਣੀ ਮਾੜਾ ਹੈ। ਇਸ ਲਈ ਝੋਨਾ ਲਾਉਣ ਦੀ ਤਕਨੀਕ ਵਿੱਚ ਬਦਲਾਅ ਕਰਨਾ ਜ਼ਰੂਰੀ ਹੈ। ਉਨ੍ਹਾਂ ਪਾਣੀ ਦੀ ਬੱਚਤ ਲਈ ਸਿੱਧੀ ਬਿਜਾਈ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ ਪਰ ਨਾਲ ਹੀ ਸਪੱਸ਼ਟ ਕੀਤਾ ਕਿ ਅਜਿਹਾ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ ਕਿਉਂਕਿ ਪੰਜਾਬ ਦਾ ਕਿਸਾਨ ਕੱਦੂ ਕਰਕੇ ਹੀ ਝੋਨਾ ਲਗਾਉਣ ਦਾ ਆਦੀ ਹੈ। ਕਾਹਨ ਸਿੰਘ ਪੰਨੂ ਮੁਤਾਬਕ ਇਸ ਦਾ ਦੂਜਾ ਕਾਰਨ ਹੈ ਪੰਜਾਬ ਦੇ ਕਿਸਾਨ ਦੀ ਵਿੱਤੀ ਹਾਲਤ, ਜੋ ਉਸ ਨੂੰ ਖੇਤੀ ਵਿੱਚ ਤਜਰਬੇ ਕਰਨ ਤੋਂ ਰੋਕਦੀ ਹੈ ਅਤੇ ਨਵੇਂ ਤਜਰਬਿਆਂ ਵਿੱਚ ਜੋਖ਼ਮ ਹੁੰਦਾ ਹੈ।

ਕਾਹਨ ਸਿੰਘ ਪੰਨੂ ਨੇ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਤੋਂ ਹਟਾਉਣ ਦੇ ਲਈ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ ਉਤੇ ਐੱਮ.ਐੱਸ.ਪੀ. ਦੇਣੀ ਹੋਵੇਗੀ, ਜਿਵੇਂ ਇਸ ਵਾਰ ਪੰਜਾਬ ਸਰਕਾਰ ਨੇ ਮੂੰਗੀ ਦੀ ਫ਼ਸਲ ਉਤੇ ਦਿੱਤੀ ਹੈ। ਉਨ੍ਹਾਂ ਨੇ ਆਖਿਆ ਕਿ ਕਿਸਾਨਾਂ ਦੇ ਨਾਲੋਂ ਜਿਆਦਾ ਸਰਕਾਰਾਂ ਨੂੰ ਇਸ ਪਾਸੇ ਆਉਣਾ ਹੋਵੇਗਾ ਤਾਂ ਹੀ ਪੰਜਾਬ ਦੀ ਖੇਤੀ ਅਤੇ ਪਾਣੀ ਬਚ ਸਕੇਗਾ।



## ਮੁਫ਼ਤ ਦੀ ਬਿਜਲੀ ਜ਼ਮੀਨਦੋਜ਼ ਪਾਣੀ ਲਈ ਘਾਤਕ ਸਾਬਿਤ ਹੋਈ

ਪੰਜਾਬ 'ਚ ਮੁਫ਼ਤ ਦੀ ਬਿਜਲੀ ਦੇ ਦੌਰ 'ਚ ਬਹੁਤੇ ਕਿਸਾਨਾਂ ਦੀ ਨਹਿਰੀ ਪਾਣੀ ਤਰਜੀਹ ਹੀ ਨਹੀਂ ਰਿਹਾ ਹੈ। ਸੂਬਾ ਆਪਣੇ ਹਿੱਸੇ ਦਾ ਨਹਿਰੀ ਪਾਣੀ ਵਰਤਣ ਵਿੱਚ ਪਿੱਛੇ ਰਹਿ ਗਿਆ ਹੈ। ਰਾਜਸਥਾਨ ਅਤੇ ਹਰਿਆਣਾ ਲੰਘੇ ਵਰ੍ਹਿਆਂ ਤੋਂ ਸਤਲੁਜ, ਰਾਵੀ ਤੇ ਬਿਆਸ ਦੇ ਪਾਣੀਆਂ 'ਚੋਂ ਬਣਦੀ ਹਿੱਸੇਦਾਰੀ ਲੈ ਰਹੇ ਹਨ।



ਸਰਕਾਰ ਦੇ ਅੰਕੜੇ ਦੇਖਣ 'ਤੇ ਜਾਪਦਾ ਹੈ ਕਿ ਪੰਜਾਬ ਵਿੱਚ ਮੁਫ਼ਤ ਦੀ ਬਿਜਲੀ ਕਰ ਕੇ ਕਿਸਾਨ ਨਹਿਰੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀ ਨੂੰ ਪਹਿਲ ਦੇ ਰਹੇ ਹਨ। ਦੂਜੇ ਪਾਸੇ, ਕਿਸਾਨਾਂ ਅਨੁਸਾਰ ਸਰਕਾਰਾਂ ਖੇਤਾਂ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਵਿੱਚ ਨਾਕਾਮ ਰਹੀਆਂ ਹਨ। ਪੰਜਾਬ ਸਰਕਾਰ ਦਾ ਤਾਜ਼ਾ ਅੰਕੜਾ ਹੈ ਕਿ ਪੰਜਾਬ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਰਾਵੀ, ਬਿਆਸ ਤੇ ਸਤਲੁਜ ਵਿੱਚੋਂ ਆਪਣੇ ਹਿੱਸੇ ਦਾ ਸਿਰਫ਼ 40 ਫ਼ੀਸਦੀ ਪਾਣੀ ਹੀ ਵਰਤਿਆ ਹੈ। ਦੂਜੇ ਪਾਸੇ, ਰਾਜਸਥਾਨ ਹੁਣ ਤੱਕ 85 ਫ਼ੀਸਦੀ ਤੇ ਹਰਿਆਣਾ 61 ਫ਼ੀਸਦੀ ਨਹਿਰੀ ਪਾਣੀ ਵਰਤ ਚੁੱਕਾ ਹੈ।

ਅਧਿਕਾਰੀ ਦੱਸਦੇ ਹਨ ਕਿ ਰਾਜਸਥਾਨ ਨੇ ਆਪਣਾ ਹਿੱਸਾ ਵਰਤ ਕੇ ਮੁੜ ਹੋਰ ਪਾਣੀ ਲੈਣ ਦੀ ਮੰਗ ਸ਼ੁਰੂ ਕਰ ਦੇਣੀ ਹੈ। ਸਾਲ 2016-17 ਤੋਂ 2021-22 ਦੇ ਤੱਥ ਵੇਖੀਏ ਤਾਂ ਸਤਲੁਜ ਦੇ ਪਾਣੀ ਵਿੱਚੋਂ ਪੰਜਾਬ ਨੇ ਕਦੇ ਵੀ ਆਪਣੇ ਬਣਦੇ ਹਿੱਸੇ ਦਾ ਸੌ ਫ਼ੀਸਦੀ ਪਾਣੀ ਨਹੀਂ ਵਰਤਿਆ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਪੰਜਾਬ ਨੇ ਰਾਵੀ ਤੇ ਬਿਆਸ ਦੇ ਪਾਣੀਆਂ 'ਚੋਂ 2018-19 ਵਿੱਚ ਆਪਣੇ ਬਣਦੇ ਹਿੱਸੇ 'ਚੋਂ ਘੱਟ ਪਾਣੀ ਵਰਤਿਆ ਹੈ। ਪੰਜਾਬ ਵਿੱਚ ਇਸ ਵੇਲੇ 14.50 ਲੱਖ ਖੇਤੀ ਟਿਊਬਵੈੱਲ ਹਨ। ਇਨ੍ਹਾਂ ਵੱਲੋਂ ਸਾਲਾਨਾ ਕੁੱਲ 28.02 ਬਿਲੀਅਨ ਕਿਊਬਿਕ ਮੀਟਰ 'ਚੋਂ 26.69 ਬਿਲੀਅਨ ਕਿਊਬਿਕ ਮੀਟਰ (ਬੀ.ਸੀ.ਐਮ.) ਪਾਣੀ ਇਕੱਲੀ ਸਿੰਜਾਈ ਲਈ ਕੱਢਿਆ ਜਾ ਰਿਹਾ ਹੈ। ਪੰਜਾਬ ਵਿੱਚ ਸਿਰਫ਼ 11 ਬਲਾਕ ਹੀ ਸੁਰੱਖਿਅਤ ਜ਼ੋਨ ਵਿੱਚ ਬਾਕੀ ਬਚੇ ਹਨ। ਅਧਿਕਾਰੀ ਦੱਸਦੇ ਹਨ ਕਿ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ ਤੋਂ ਇਲਾਵਾ ਦੁਆਬੇ ਵਿੱਚ ਕਿਸਾਨ ਧਰਤੀ ਹੇਠਲਾ ਪਾਣੀ ਵਰਤ ਰਹੇ ਹਨ। ਪੀ.ਐਸ.ਈ.ਬੀ. ਇੰਜਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਧੀਮਾਨ ਨੇ ਕਿਹਾ ਕਿ ਫੀਲਡ ਵਿੱਚ ਵੇਖਣ ਵਿੱਚ ਆਇਆ ਹੈ ਕਿ ਮੁਫ਼ਤ ਦੀ ਬਿਜਲੀ ਕਰ ਕੇ ਕਿਸਾਨ ਟਿਊਬਵੈੱਲ ਦੇ ਪਾਣੀ ਨੂੰ ਪਹਿਲ ਦਿੰਦੇ ਹਨ। ਦੱਸਣਯੋਗ ਹੈ ਕਿ ਖੇਤੀ ਬਿਜਲੀ ਦੀ ਸਬਸਿਡੀ ਦਾ ਬਿੱਲ ਸਾਲਾਨਾ ਕਰੀਬ ਸੱਤ ਹਜ਼ਾਰ ਕਰੋੜ ਰੁਪਏ ਬਣ ਜਾਂਦਾ ਹੈ।

ਦੂਜੇ ਪਾਸੇ ਵੇਖੀਏ ਤਾਂ ਮਾਲਵੇ ਦੇ ਜ਼ਿਲ੍ਹਾ ਮਾਨਸਾ, ਬਠਿੰਡਾ, ਫ਼ਰੀਦਕੋਟ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਤੇ ਬਰਨਾਲਾ ਆਦਿ ਵਿੱਚ ਅੱਜ ਵੀ ਕਿਸਾਨਾਂ ਦੀਆਂ ਟੇਲਾਂ 'ਤੇ ਪਾਣੀ ਨਾ ਪਹੁੰਚਣ ਦੀ ਸ਼ਿਕਾਇਤ ਹੈ। ਕਿਸਾਨ ਪ੍ਰਦਰਸ਼ਨ ਵੀ ਕਰਦੇ ਹਨ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਸਰਕਾਰਾਂ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾ ਹੀ ਨਹੀਂ ਸਕੀਆਂ। ਲੋੜ ਵੇਲੇ ਨਹਿਰੀ ਬੰਦੀ ਆ ਜਾਂਦੀ ਹੈ ਅਤੇ ਨਹਿਰਾਂ ਤੇ ਰਜਵਾਹਿਆਂ ਦੀ ਸਫ਼ਾਈ ਵੀ ਨਹੀਂ ਕੀਤੀ ਜਾਂਦੀ ਹੈ।

ਖੇਤੀ ਮਹਿਕਮੇ ਦੇ ਸਾਬਕਾ ਡਾਇਰੈਕਟਰ ਬਲਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਮੋਟਰ ਦਾ ਕੰਟਰੋਲ ਕਿਸਾਨ ਕੋਲ ਹੈ ਉਹ ਲੋੜ ਵੇਲੇ ਪਾਣੀ ਵਰਤ ਸਕਦਾ ਹੈ ਜਦੋਂਕਿ ਨਹਿਰੀ ਪਾਣੀ ਦੀ ਵਾਰੀ ਸੱਤ ਦਿਨਾਂ ਪਿੱਛੋਂ ਆਉਂਦੀ ਹੈ। ਉਨ੍ਹਾਂ ਕਿਹਾ ਖੇਤਾਂ ਤੱਕ ਪਾਣੀ ਪੁੱਜਦਾ ਕਰਨ ਲਈ ਨਹਿਰੀ ਢਾਂਚੇ ਨੂੰ ਵੀ ਸੰਵਾਰਨ ਦੀ ਲੋੜ ਹੈ।

ਪਤਾ ਲੱਗਾ ਹੈ ਕਿ ਸਰਕਾਰ ਕੋਲ ਸੂਬੇ ਵਿੱਚ ਕਿੰਨੇ ਖਾਲੇ ਕੱਚੇ ਤੇ ਕਿੰਨੇ ਪੱਕੇ ਹਨ, ਦਾ ਅੰਕੜਾ ਨਹੀਂ ਹੈ।

# ਕਿੱਕਲੀ ਕਲੀਰ ਦੀ...



ਜਸਵਿੰਦਰ ਸਿੰਘ ਰੁਪਾਲ

ਸਮੇਂ ਦੀ ਤਬਦੀਲੀ ਨੇ ਸਾਡੇ ਰਸਮ ਰਿਵਾਜ, ਸਾਡੇ ਸ਼ੌਕ, ਸਾਡੇ ਕਿੱਤੇ, ਸਾਡੀਆਂ ਖੇਡਾਂ, ਸਾਡੇ ਲੋਕ-ਗੀਤ ਆਦਿ ਸਭ ਕੁਝ ਹੀ ਬਦਲ ਕੇ ਰੱਖ ਦਿੱਤਾ ਹੈ। ਆਉਣ ਵਾਲੀ ਪੀੜ੍ਹੀ ਨੂੰ ਉਹ ਸਭ ਕੁਝ ਓਪਰਾ ਹੀ ਨਹੀਂ ਲੱਗੇਗਾ, ਸਗੋਂ ਨਿਰਾਰਥਕ ਅਤੇ ਬੇਲੋੜਾ ਵੀ ਲੱਗੇਗਾ। ਅੱਜ ਜਦੋਂ ਬੱਚਿਆਂ ਨੂੰ ਕੰਪਿਊਟਰ 'ਤੇ ਵੀਡੀਓ ਗੇਮਜ਼ ਖੇਡਦਿਆਂ ਦੇਖਦੇ ਹਾਂ, ਤਾਂ ਮਨ ਵਿੱਚ ਬੱਚਿਆਂ ਦੀਆਂ ਪੁਰਾਣੀਆਂ ਖੇਡਾਂ ਸੁਭਾਵਿਕ ਹੀ ਆ ਜਾਂਦੀਆਂ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਸਾਥੀ ਨਾਲ ਖੇਡਣ, ਰੁੱਸਣ, ਮਨਾਉਣ ਅਤੇ ਦੂਜੇ ਨਾਲ ਪੀਡੀਆਂ ਸਾਂਝਾਂ ਪਾਉਣ ਦਾ ਪਤਾ ਲੱਗਦਾ ਸੀ। ਕੁੜੀਆਂ ਦੀ ਇੱਕ ਅਜਿਹੀ ਹੀ ਖੇਡ ਕਿੱਕਲੀ ਸੀ।

ਇਹ ਨਿੱਕੀਆਂ ਬੱਚੀਆਂ ਅਤੇ ਅੱਲੜ੍ਹ ਮੁਟਿਆਰਾਂ ਦਾ ਨਾਚ ਹੈ। ਇਸ ਵਿੱਚ ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਅਤੇ ਖੱਬੇ ਹੱਥ ਨੂੰ ਖੱਬੇ ਨਾਲ ਫੜਕੇ ਕੰਘੀ ਪਾ ਲੈਂਦੀਆਂ ਹਨ। ਫਿਰ ਉਹ ਆਪਣੇ ਪੈਰਾਂ ਦੀਆਂ ਅੱਡੀਆਂ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜ ਲੈਂਦੀਆਂ ਹਨ। ਹੁਣ ਬਾਹਾਂ ਨੂੰ ਕਸ ਕੇ ਸਰੀਰ ਦਾ ਭਾਰ ਪਿੱਛੇ ਨੂੰ ਸੁੱਟ ਕੇ ਪੈਰਾਂ 'ਤੇ ਇੱਕ ਚੱਕਰ ਵਿੱਚ ਘੁੰਮਦੀਆਂ ਹਨ। ਇਸ ਤਰ੍ਹਾਂ ਤੇਜ਼ ਤੇਜ਼ ਗੋਲ ਚੱਕਰ ਕੱਢਦੀਆਂ ਹਨ ਅਤੇ ਨਾਲ ਨਾਲ ਜ਼ੁਬਾਨ ਤੋਂ ਕਿੱਕਲੀ ਦੇ ਗੀਤ ਵੀ ਗਾਉਂਦੀਆਂਹਨ। ਕਈ ਵਾਰ ਬਾਕੀ ਕੁੜੀਆਂ ਇਨ੍ਹਾਂ ਦੇ ਦੁਆਲੇ ਚੱਕਰ ਬਣਾ ਕੇ ਗਿੱਧਾ ਪਾਉਂਦੀਆਂ ਹਨ ਅਤੇ ਕਈ ਵਾਰ ਉਨ੍ਹਾਂ ਵਿੱਚੋਂ ਵੀ ਦੋ ਦੋ ਦੇ ਜੁੱਟ ਬਣਾ ਕੇ ਉਹ ਵੀ ਕਿੱਕਲੀ ਪਾਉਣ ਲੱਗਦੀਆਂ ਹਨ। ਗੀਤਾਂ ਦੀ ਧੁਨ ਉੱਠਦੀ ਹੈ:

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿੱਟੇ ਮੂੰਹ ਜਵਾਈ ਦਾ।

***

ਗਈ ਸਾਂ ਮੈਂ ਗੰਗਾ
ਚੜ੍ਹਾ ਲਿਆਈ ਵੰਗਾਂ
ਅਸਮਾਨੀ ਮੇਰਾ ਘੱਗਰਾ
ਮੈਂ ਕਿਹੜੀ ਕਿੱਲੀ ਟੰਗਾਂ
ਨੀਂ ਮੈਂ ਏਸ ਕਿੱਲੀ ਟੰਗਾਂ
ਨੀਂ ਮੈਂ ਓਸ ਕਿੱਲੀ ਟੰਗਾਂ।

ਕਿੱਕਲੀ ਸ਼ਬਦ ਦੀ ਉਤਪਤੀ ਕਿਲਕਿਲਾ ਸ਼ਬਦ ਤੋਂ ਹੋਈ ਹੈ। ਕਿਲਕਿਲਾ ਦਾ ਭਾਵ ਹੈ ਆਨੰਦ ਦੇਣ ਵਾਲੀ ਧੁਨੀ। ਪੋਠੋਹਾਰ ਦੇ ਇਲਾਕੇ ਵਿੱਚ ਇਸ ਨੂੰ ਕਿਰਕਿਲੀ ਵੀ ਕਿਹਾ ਜਾਂਦਾ ਹੈ। ਇਹ ਖੇਡਮਈ ਨਾਚ ਕੁੜੀਆਂ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਦਿੰਦਾ ਹੈ। ਉਹ ਚੱਕਰ ਵਿੱਚ ਇੰਨੇ ਜ਼ੋਰ ਦੀ ਘੁੰਮਦੀਆਂ ਹਨ ਕਿ ਉਨ੍ਹਾਂ ਦਾ ਆਪਣੇ ਸਰੀਰ ਦਾ ਸੰਤੁਲਨ ਬਣਾਈ ਰੱਖਣਾ ਅਤੇ ਲਗਾਤਾਰ ਘੁੰਮਦੇ ਰਹਿਣਾ ਵੱਡੀ ਮੁਹਾਰਤ ਅਤੇ ਕੁਸ਼ਲਤਾ ਦੀ ਮੰਗ ਕਰਦਾ ਹੈ। ਗੋਲ ਚੱਕਰ ਵਿੱਚ ਘੁੰਮਦੀਆਂ ਚੀਜ਼ਾਂ ਛੋਟੇ ਬੱਚਿਆਂ ਨੂੰ ਵੈਸੇ ਵੀ ਖ਼ੁਸ਼ੀ ਦਿੰਦੀਆਂ ਹਨ। ਕਿੱਕਲੀ ਪਾਉਂਦੀਆਂ ਬੱਚੀਆਂ ਨੂੰ ਪਸੀਨਾ ਆ ਜਾਂਦਾ ਹੈ, ਕਈਆਂ ਨੂੰ ਸਾਹ ਵੀ ਚੜ੍ਹ ਜਾਂਦਾ ਹੈ, ਪਰ ਮਨ ਦੀ ਖ਼ੁਸ਼ੀ ਅਤੇ ਆਨੰਦ ਉਨ੍ਹਾਂ ਦਾ ਹੌਸਲਾ ਬਣਾਈ ਰੱਖਦਾ ਹੈ। ਜਦੋਂ ਪਹਿਲੀਆਂ ਦੋ ਕੁੜੀਆਂ ਥੱਕ ਜਾਂਦੀਆਂ ਹਨ, ਤਾਂ ਅਗਲੀਆਂ ਕੁੜੀਆਂ ਪਿੜ ਵਿੱਚ ਆ ਜਾਂਦੀਆਂ ਹਨ ਅਤੇ ਉਹ ਉਸੇ ਤਰ੍ਹਾਂ ਕਿੱਕਲੀ ਪਾਉਣ ਲੱਗਦੀਆਂ ਹਨ। ਇਹ ਕੰਮ ਓਨੀ ਦੇਰ ਤੱਕ ਜਾਰੀ ਰਹਿੰਦਾ ਹੈ, ਜਿੰਨੀ ਦੇਰ ਤੱਕ ਉਨ੍ਹਾਂ ਕੋਲ ਕਿੱਕਲੀ ਨਾਲ ਸਬੰਧਿਤ ਬੋਲੀਆਂ ਅਤੇ ਗੀਤ ਹਨ। ਕੁਝ ਗੀਤ ਇਸ ਤਰ੍ਹਾਂ ਹਨ:

ਕਿੱਕਲੀ ਪਾਵਣ ਆਈਆਂ
ਬਦਾਮ ਖਾਵਣ ਆਈਆਂ
ਬਦਾਮ ਦੀ ਗੁੱਲੀ ਮਿੱਠੀ
ਮੈਂ ਵੀਰ ਦੀ ਕੁੜੀ ਡਿੱਠੀ
ਮੇਰੇ ਵੀਰ ਦੀ ਕੁੜੀ ਕਾਲੀ
ਮੈਨੂੰ ਆ ਗਈ ਭਵਾਲੀ
ਥਾਲੀ ਥਾਲੀ ਥਾਲੀ।

***

ਕਿੱਕਲੀ ਕੁਲੱਸ ਦੀ, ਲੱਤ ਭੱਜੇ ਸੱਸ ਦੀ
ਗੋਡਾ ਭੱਜੇ ਜੇਠ ਦਾ, ਝੀਤਾਂ ਵਿੱਚੀਂ ਵੇਖਦਾ
ਮੋੜ ਸੂ ਜਠਾਣੀਏ, ਮੋੜ ਸੱਸੇ ਰਾਣੀਏ
ਸੱਸ ਦਾਲ ਚਾ ਪਕਾਈ, ਛੰਨਾ ਭਰ ਕੇ ਲਿਆਈ
ਸੱਸ ਖੀਰ ਚਾ ਪਕਾਈ, ਹੇਠ ਟੰਗਣੇ ਲੁਕਾਈ।
ਅੰਦਰ ਬਾਹਰ ਵੜਦੀ ਖਾਵੇ, ਭੈੜੀ ਗੱਲ-ਗੜੱਪੇ ਲਾਵੇ
ਲੋਕੋਂ ਸੱਸਾਂ ਬੁਰੀਆਂ ਵੇ, ਕਲੇਜੇ ਲਾਵਣ ਛੁਰੀਆਂ ਵੇ।

ਗੀਤਾਂ ਦਾ ਵਿਸ਼ਾ ਆਮ ਲੋਕ-ਗੀਤਾਂ ਅਤੇ ਬੋਲੀਆਂ ਵਾਂਗ ਹੀ ਸਮਾਜਿਕ ਅਤੇ ਰੋਜ਼ਾਨਾ ਜ਼ਿੰਦਗੀ ਦੇ ਆਮ ਮਸਲੇ ਹੁੰਦੇ ਹਨ। ਇਨ੍ਹਾਂ ਵਿੱਚ ਸਾਡੇ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ, ਨਿਹੋਰੇ ਅਤੇ ਉਲਾਂਭੇ ਵੀ ਸਮੋਏ ਹੁੰਦੇ ਹਨ। ਜਿੱਥੇ ਉਸ ਸਮੇਂ ਦੀ ਸਮਾਜ ਵਿੱਚ ਪ੍ਰਚੱਲਤ ਧਾਰਨਾ ਅਨੁਸਾਰ ਮਰਦ ਨੂੰ ਪਿਓ, ਵੀਰ ਅਤੇ ਕੰਤ ਦੇ ਰੂਪ ਵਿੱਚ ਵਡਿਆਇਆ ਜਾਂਦਾ ਸੀ, ਉੱਥੇ ਸੱਸ ਨਾਲ ਹਲਕੀ ਫੁਲਕੀ ਨੋਕ ਝੋਕ ਵੀ ਚੱਲਦੀ ਸੀ। ਕਿਉਂਕਿ ਉਸ ਸਮੇਂ ਲੜਕੀਆਂ ਨੂੰ ਛੋਟੀ ਉਮਰ ਵਿੱਚ ਹੀ ਵਿਆਹ ਦਿੱਤਾ ਜਾਂਦਾ ਸੀ। ਜਿਨ੍ਹਾਂ ਦਾ ਨਹੀਂ ਵੀ ਸੀ ਹੋਇਆ ਹੁੰਦਾ, ਉਨ੍ਹਾਂ ਦਾ ਵਾਹ ਵੀ ਸੰਯੁਕਤ ਪਰਿਵਾਰ ਨਾਲ ਪਿਆ ਹੋਣ ਕਰਕੇ ਉਨ੍ਹਾਂ ਨੂੰ ਇਨ੍ਹਾਂ ਰਿਸ਼ਤਿਆਂ ਦੀ ਪੂਰੀ ਸਮਝ ਹੁੰਦੀ ਸੀ। ਇਨ੍ਹਾਂ ਗੀਤਾਂ ਵਿੱਚ ਸੱਸ ਹੀ ਨਹੀਂ, ਨਣਦ ਭਰਜਾਈਆਂ ਦਾ ਜ਼ਿਕਰ ਵੀ ਹੁੰਦਾ ਸੀ। ਇਨ੍ਹਾਂ ਪਰਿਵਾਰਕ ਰਿਸ਼ਤਿਆਂ ਦਾ ਮੋਹ ਪਿਆਰ, ਦੂਜੇ ਲਈ ਕੁਝ ਕਰਨ ਦਾ ਚਾਅ ਅਤੇ ਪਰਿਵਾਰ ਦੀ ਹੀ ਨਹੀਂ, ਸਗੋਂ ਸੰਸਾਰ ਦੇ ਵੀ ਸੁਖ ਦੀ ਕਾਮਨਾ ਇਨ੍ਹਾਂ ਗੀਤਾਂ ਵਿੱਚ ਕੀਤੀ ਗਈ ਮਿਲਦੀ ਹੈ। ਜਿਵੇਂ:

ਐਸ ਗਲੀ ਮੈਂ ਆਵਾਂ ਜਾਵਾਂ
ਐਸ ਗਲੀ ਲਸੂੜ੍ਹਾ
ਭਾਬੋ ਮੰਗੇ ਮੁੰਦਰੀਆਂ
ਨਨਾਣ ਮੰਗੇ ਚੂੜਾ
ਨੀਂ ਇਹ ਲਾਲ ਲਸੂੜ੍ਹਾ।

***

ਕਿੱਕਲੀ ਕਲਾਈ ਦੀ
ਸੁੱਖ ਮੰਗਾਂ ਭਾਈ ਦੀ
ਤਾਏ ਅਤੇ ਤਾਈ ਦੀ
ਭਾਪੇ ਅਤੇ ਝਾਈ ਦੀ
ਘਰ ਪਰਿਵਾਰ ਦੀ
ਸਾਰੇ ਸੰਸਾਰ ਦੀ।

ਵੈਸੇ ਤਾਂ ਨੱਚਣ ਗਾਉਣ ਅਤੇ ਖੇਡਣ ਲਈ ਸਾਰੇ ਸਮੇਂ ਹੀ ਢੁੱਕਵੇਂ ਹੁੰਦੇ ਹਨ ਪਰ ਸਾਉਣ ਦਾ ਮਹੀਨਾ ਇਸ ਕਰਕੇ ਆਪਣੀ ਵਿਸ਼ੇਸ਼ਤਾ ਰੱਖਦਾ ਹੈ ਕਿਉਂਕਿ ਇਸ ਮਹੀਨੇ ਤੀਆਂ ਲੱਗਦੀਆਂ ਹੁੰਦੀਆਂ ਸਨ। ਵਿਆਹੀਆਂ ਹੋਈਆਂ ਲੜਕੀਆਂ ਵੀ ਆਪਣੇ ਪੇਕੇ ਘਰ ਆਉਂਦੀਆਂ ਸਨ ਅਤੇ ਬੋਹੜ ਅਤੇ ਪਿੱਪਲਾਂ ਥੱਲੇ ਪੀਂਘਾਂ ਝੂਟਦੀਆਂ ਲੜਕੀਆਂ ਗਿੱਧੇ ਦੇ ਰੰਗ ਬੰਨ੍ਹਦੀਆਂ ਸਨ। ਇਸ ਸਮੇਂ ਹੋਰ ਗਿੱਧੇ ਨਾਲ ਕਿੱਕਲੀ ਵੀ ਚੱਲਦੀ ਸੀ। ਇਨ੍ਹਾਂ ਗੀਤਾਂ ਵਿੱਚ ਸਾਉਣ ਮਹੀਨੇ ਦੇ ਮਨਪਸੰਦ ਪਕਵਾਨ ਖੀਰ ਪੂੜਿਆਂ ਦਾ ਜ਼ਿਕਰ ਵੀ ਮਿਲਦਾ ਹੈ ਅਤੇ ਸਖੀਆਂ ਨੂੰ ਹੋਰ ਜ਼ੋਰ ਨਾਲ ਗਿੱਧਾ ਪਾਉਣ ਅਤੇ ਨੱਚਣ ਦੀ ਤਾਕੀਦ ਵੀ ਹੈ। ਜਿੱਥੇ ਸਰੀਰਕ ਤੌਰ 'ਤੇ ਇਹ ਨਾਚ ਬਹੁਤ ਵਧੀਆ ਕਸਰਤ ਦਾ ਕੰਮ ਕਰਦੇ ਨੇ, ਉੱਥੇ ਇਨ੍ਹਾਂ ਗੀਤਾਂ ਰਾਹੀਂ ਆਪਣੇ ਜਜ਼ਬੇ ਪ੍ਰਗਟਾ ਕੇ ਇਨ੍ਹਾਂ ਕੁੜੀਆਂ ਦਾ ਕਥਾਰਸਿਸ ਵੀ ਹੁੰਦਾ ਹੈ:

ਸਾਉਣ ਸਹੀਆਂ ਹੋਈਆਂ ਇਕੱਠੀਆਂ
ਖੀਰ ਬਣ ਗਈ ਪੂੜਿਆਂ ਦੀ ਵਾਰੀ
ਬੋਹੜ ਥੱਲੇ ਪਾਉਣ ਕਿੱਕਲੀ
ਤੀਆਂ ਲੱਗੀਆਂ ਸਾਉਣ ਦੀਆਂ ਭਾਰੀ
ਪਿੱਪਲੀਂ ਪੀਂਘਾਂ ਪਾ ਲਈਆਂ
ਝੂਟੇ ਲੈਂਦੀਆਂ ਨੇ ਵਾਰੋ ਵਾਰੀ
ਰਹੇ ਨੱਚਣੋ ਨਾ, ਵਿਆਹੀ ਤੇ ਕੁਆਰੀ
ਨੀਂ ਤਾੜੀ ਜ਼ਰਾ ਦੱਬ ਕੇ ਲਾਇਓ
ਅੱਜ ਨੱਚਣਾ ਝਾਂਜਰਾਂ ਵਾਲੀ।

***

ਚਾਰ ਚੁਰਾਸੀ ਘੁਮਰ ਘਾਸੀ
ਨੌਂ ਸੌ ਘੋੜਾ ਨੌਂ ਸੌ ਹਾਥੀ
ਨੌਂ ਸੌ ਫੁੱਲ ਗੁਲਾਬ ਦਾ
ਮੁੰਡੇ ਖੇਡਣ ਗੁੱਲੀ ਡੰਡਾ
ਕੁੜੀਆਂ ਕਿੱਕਲੀ ਪਾਂਦੀਆਂ
ਮੁੰਡੇ ਕਰਦੇ ਖੇਤੀ ਪੱਤੀ
ਕੁੜੀਆਂ ਘਰ ਵਸਾਂਦੀਆਂ।

***

ਤੋ ਵੇ ਤੋਤੜਿਆ ਤੋਤਾ ਸਿਕੰਦਰ ਦਾ
ਪਾਣੀ ਪੀਵੇ ਸਮੁੰਦਰ ਦਾ
ਕੰਮ ਕਰੇ ਦੁਪਹਿਰਾਂ ਦਾ
ਚਿੱਟੀ ਚਾਦਰ ਕਾਕੇ ਦੀ
ਕਾਕੜਾ ਖਿਡਾਨੀ ਆਂ
ਚਾਰ ਛੱਲੇ ਪਾਨੀ ਆਂ
ਇੱਕ ਛੱਲਾ ਰਹਿ ਗਿਆ
ਸਿਪਾਹੀ ਫੜ ਕੇ ਲੈ ਗਿਆ।

ਅੱਜ ਸਮਾਂ ਬਦਲ ਗਿਆ ਹੈ। ਬੱਚੀਆਂ ਪੜ੍ਹਾਈ ਵਿੱਚ ਮਸ਼ਰੂਫ ਹਨ, ਨਵੀਂ ਤਕਨਾਲੋਜੀ ਦੀਆਂ ਨਵੀਆਂ ਖੇਡਾਂ ਵਿੱਚ ਅਸਤ ਵਿਅਸਤ ਹਨ। ਬੋਹੜ ਅਤੇ ਪਿੱਪਲ ਵੀ ਕਿਧਰੇ ਨਹੀਂ ਦਿਖਦੇ। ਉਨ੍ਹਾਂ 'ਤੇ ਪੈਂਦੀਆਂ ਪੀਂਘਾਂ ਵੀ ਉਸ ਲਹਿਜੇ ਵਾਲੀਆਂ ਨਹੀਂ। ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਉਚੇਚੇ ਤੌਰ 'ਤੇ ਉਹ ਦ੍ਰਿਸ਼ ਪੈਦਾ ਕਰਨ ਦੇ ਯਤਨ ਹੋ ਰਹੇ ਹਨ, ਪਰ ਅੰਦਰੋਂ ਆਉਂਦੀਆਂ ਬੋਲੀਆਂ ਅਤੇ ਨੱਚਣ ਦਾ ਉਹ ਪ੍ਰਬਲ ਵੇਗ ਵੀ ਹੁਣ ਨਜ਼ਰ ਨਹੀਂ ਆ ਰਿਹਾ। ਪੁਰਾਤਨ ਖੇਡਾਂ ਬੱਚਿਆਂ ਦਾ ਸਰਬਪੱਖੀ ਵਿਕਾਸ ਕਰਦੀਆਂ ਸਨ। ਜਿੱਥੇ ਇਹ ਉਨ੍ਹਾਂ ਵਿੱਚ ਮਿਲਵਰਤਣ ਦੀ ਭਾਵਨਾ ਪੈਦਾ ਕਰਦੀਆਂ ਸਨ, ਉੱਥੇ ਹੀ ਇਹ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਸਹਾਈ ਹੁੰਦੀਆਂ ਸਨ। ਆਧੁਨਿਕ ਸਮੇਂ ਦੀਆਂ ਕੰਪਿਊਟਰ ਗੇਮਾਂ ਵਾਂਗ ਇਹ ਉਨ੍ਹਾਂ 'ਤੇ ਕਿਸੇ ਤਰ੍ਹਾਂ ਦਾ ਮਾੜਾ ਪ੍ਰਭਾਵ ਨਹੀਂ ਪਾਉਂਦੀਆਂ ਸਨ ਬਲਕਿ ਇਹ ਤਾਂ ਉਨ੍ਹਾਂ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਦੀਆਂ ਸਨ। ਉਨ੍ਹਾਂ ਨੂੰ ਆਪਸ ਵਿੱਚ ਰੁੱਸਣ ਅਤੇ ਮਨਾਉਣ ਦਾ ਵੱਲ ਪ੍ਰਦਾਨ ਕਰਦੀਆਂ ਸਨ।

ਹੁਣ ਕਿੱਕਲੀ ਤਾਂ ਨਹੀਂ ਰਹੀ, ਚਲੋ ਜਾਂਦੇ ਜਾਂਦੇ ਨਵੀਂ ਵਿੱਦਿਆ ਅਨੁਸਾਰ ਬਣਾਈ ਗਈ ਨਵੀਂ ਬੋਲੀ ਹੀ ਪੜ੍ਹਦੇ ਚੱਲੀਏ:

ਕਿੱਕਲੀ ਕਲੀਰ ਦੀ
ਸੁਣ ਗੱਲ ਵੀਰ ਜੀ
ਵਿੱਦਿਆ ਦੀ ਰੌਸ਼ਨੀ
ਨ੍ਹੇਰਿਆਂ ਨੂੰ ਚੀਰਦੀ
ਮੇਰੇ ਸੋਹਣੇ ਵੀਰਿਆ
ਸਕੂਲ ਪੜ੍ਹਨ ਜਾਈਂ ਤੂੰ
ਵਿੱਦਿਆ ਦੀ ਪੌੜੀ 'ਤੇ
ਪੈਰ ਜਾ ਟਿਕਾਈ ਤੂੰ
ਕਰਕੇ ਪੜ੍ਹਾਈ ਵੀਰੇ
ਬੀਬਾ ਅਖਵਾਈਂ ਤੂੰ।

ਅਸੀਂ ਆਪਣੇ ਅਮੀਰ ਵਿਰਸੇ ਦੀਆਂ ਇਨ੍ਹਾਂ ਅਮੀਰ ਝਲਕੀਆਂ ਨੂੰ ਸਦਾ ਹੀ ਨਮਸਕਾਰ ਕਰਦੇ ਰਹਾਂਗੇ।





# ਖੇਤੀ ਦੀ ਆਮਦਨ ਵਧਾਉਣ ਦਾ ਹੋਵੇ ਸਰਕਾਰ ਦਾ ਮਨੋਰਥ



ਪ੍ਰਿੰਸੀਪਲ ਵਿਜੈ ਕੁਮਾਰ





ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ, ਪਾਣੀ ਦੇ ਪੱਧਰ ਦਾ ਥੱਲੇ ਜਾਣਾ, ਵਾਤਾਵਰਨ ਦਾ ਪ੍ਰਦੂਸ਼ਿਤ ਹੋਣਾ ਤੇ ਮੌਸਮ 'ਚ ਆ ਰਹੀ ਤਬਦੀਲੀ ਪੰਜਾਬ ਦੀ ਖੇਤੀ ਦੀਆਂ ਗੰਭੀਰ ਸਮੱਸਿਆਵਾਂ ਅਤੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਹਨ। ਜ਼ਰਾਇਤ ਅਤੇ ਖੇਤੀ ਖੋਜ 'ਚ ਸਰਕਾਰੀ ਲਾਗਤ ਦਾ ਘਟਣਾ ਕਿਸਾਨਾਂ ਤੇ ਖੇਤੀ ਦਾ ਭਵਿੱਖ ਖ਼ਤਰੇ 'ਚ ਦਰਸਾਉਂਦੇ ਹਨ। ਕਿਸਾਨਾਂ ਦੀ ਅੰਦੋਲਨਾਂ ਰਾਹੀਂ ਵੀ ਮੁੱਖ ਮੰਗ ਇਹ ਹੈ ਕਿ ਪ੍ਰੋ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਖੇਤੀ ਲਾਗਤ ਸੀ2 + 50 ਪ੍ਰਤੀਸ਼ਤ ਮੁਨਾਫ਼ਾ ਲਗਾ ਕੇ ਫ਼ਸਲਾਂ 'ਤੇ ਐੱਮ.ਐੱਸ.ਪੀ. ਦੇਣ ਦੀ ਕਾਨੂੰਨੀ ਤੌਰ 'ਤੇ ਗਾਰੰਟੀ ਦਿੱਤੀ ਜਾਵੇ ਅਤੇ ਸਵਾਮੀਨਾਥਨ ਰਿਪੋਰਟ 'ਚ ਕਿਸਾਨਾਂ ਦੀ ਬਿਹਤਰੀ ਲਈ ਕੀਤੀਆਂ ਗਈਆਂ ਹੋਰ ਸਿਫਾਰਸ਼ਾਂ ਨੂੰ ਵੀ ਸਰਕਾਰ ਪ੍ਰਵਾਨ ਕਰੇ। ਇਹ ਸਿਫਾਰਸ਼ਾਂ ਮੁੱਖ ਤੌਰ 'ਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਖੁਸ਼ਹਾਲ ਬਣਾਉਣ ਲਈ ਕੀਤੀਆਂ ਗਈਆਂ ਹਨ। ਕਿਸਾਨਾਂ ਦੀ ਆਮਦਨ ਵਧਾਉਣ ਲਈ ਉਤਪਾਦਕਤਾ ਵਧਾਉਣ ਤੇ ਖੇਤੀ ਨੂੰ ਹੰਢਣਸਾਰ ਬਣਾਉਣ ਦੀ ਲੋੜ ਹੈ। ਕਿਸਾਨ ਆਪਣੀ ਪੈਦਾਵਾਰ ਦਾ ਲਾਹੇਵੰਦ ਮੰਡੀਕਰਨ ਕਰ ਸਕਣ। ਲਾਹੇਵੰਦ ਮੰਡੀਕਰਨ ਲਈ ਕੋਈ ਬਰਾਮਦ ਜਾਂ ਜ਼ਖੀਰਾ ਕਰਨ 'ਤੇ ਕਿਸੇ ਕਿਸਮ ਦੀ ਰੋਕ ਜਾਂ ਹੋਰ ਕਿਸੇ ਪ੍ਰਕਾਰ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ। ਖੇਤੀ ਖੋਜ 'ਚ ਲਾਗਤ ਵਧਾ ਕੇ ਇਸ ਨੂੰ ਮਜ਼ਬੂਤ ਕੀਤਾ ਜਾਵੇ। ਮੁੱਖ ਸਮੱਸਿਆ ਇਹ ਹੈ ਕਿ ਸਰਕਾਰ ਦੀਆਂ ਨੀਤੀਆਂ ਖਪਤਕਾਰ-ਪੱਖੀ ਹਨ, ਪਰ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਮੰਗ ਅਨੁਸਾਰ ਇਹ ਨੀਤੀਆਂ ਕਿਸਾਨ ਅਤੇ ਉਤਪਾਦਕ-ਪੱਖੀ ਹੋਣੀਆਂ ਚਾਹੀਦੀਆਂ ਹਨ। ਖੇਤੀ 'ਚ 23 ਫ਼ਸਲਾਂ ਜਿਨ੍ਹਾਂ ਦੀ ਐੱਮ.ਐੱਸ.ਪੀ. ਐਲਾਨੀ ਜਾਂਦੀ ਹੈ, ਉਨ੍ਹਾਂ ਤੋਂ ਇਲਾਵਾ ਹੋਰ ਵੀ ਖੇਤੀ ਪੈਦਾਵਾਰ ਹੈ, ਜਿਵੇਂ ਦੁੱਧ, ਫ਼ਲਾਂ ਸਬਜ਼ੀਆਂ ਦੀ ਕਾਸ਼ਤ ਆਦਿ। ਇਹ ਵੀ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦੇ ਹਨ। ਫ਼ਲਾਂ ਅਤੇ ਦੁੱਧ ਨੂੰ ਮਿਲਾ ਕੇ ਫ਼ਸਲਾਂ ਦੀ ਖੇਤੀ ਪੈਦਾਵਾਰ ਨਾਲੋਂ ਇਨ੍ਹਾਂ ਦੀ ਕੀਮਤ ਜ਼ਿਆਦਾ ਬਣਦੀ ਹੈ। ਇਸ ਲਈ ਕਿਸਾਨਾਂ ਦੀ ਆਮਦਨ 23 ਫ਼ਸਲਾਂ ਤੋਂ ਇਲਾਵਾ ਹੋਰ ਖੇਤੀ ਨਾਲ ਜੁੜੇ ਸਹਾਇਕ ਕਿੱਤਿਆਂ ਤੋਂ ਵੀ ਕਾਫੀ ਪ੍ਰਭਾਵਿਤ ਹੁੰਦੀ ਹੈ। ਕਿਸਾਨਾਂ ਦੀਆਂ ਹੋਰ ਵੀ ਮੰਗਾਂ ਹਨ, ਜਿਵੇਂ ਕਰਜ਼ਿਆਂ ਦੀ ਮੁਆਫ਼ੀ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਲਈ ਪੈਨਸ਼ਨ, ਦਿਹਾੜੀ ਦੀ ਘੱਟੋ-ਘੱਟ ਉਜਰਤ ਅਤੇ ਮਨਰੇਗਾ ਕਾਮਿਆਂ ਨੂੰ ਕਿਸਾਨਾਂ ਦੇ ਖੇਤਾਂ 'ਚ ਕੰਮ ਕਰਨ ਦੀ ਇਜਾਜ਼ਤ ਦੇਣਾ ਆਦਿ। ਇਹ ਸਾਰੀਆਂ ਮੰਗਾਂ ਤੇ ਸਰਕਾਰ ਨੂੰ ਵਿਚਾਰ ਕਰਕੇ ਕਿਸਾਨ-ਪੱਖੀ ਫ਼ੈਸਲੇ ਲੈਣੇ ਲੋੜੀਂਦੇ ਹਨ।

ਪੰਜਾਬ ਦੀ ਖੇਤੀ ਆਰਥਿਕਤਾ ਝੋਨੇ ਤੇ ਕਣਕ 'ਤੇ ਹੀ ਆਧਾਰਿਤ ਹੈ। ਪੂਰੇ ਰਕਬੇ 82 ਫ਼ੀਸਦੀ ਬਿਜਾਈ-ਅਧੀਨ ਰਕਬੇ 'ਚੋਂ 31 ਲੱਖ ਹੈਕਟੇਅਰ ਰਕਬੇ 'ਤੇ ਝੋਨਾ, ਬਾਸਮਤੀ ਅਤੇ 35 ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਪੰਜਾਬ ਦਾ ਕੇਂਦਰੀ ਪੂਲ 'ਚ ਕਣਕ ਦਾ ਯੋਗਦਾਨ (ਸੰ: 2023- 24) ਪਿਛਲੇ ਸਾਲ 46 ਪ੍ਰਤੀਸ਼ਤ ਅਤੇ ਚਾਵਲ ਦਾ 23 ਪ੍ਰਤੀਸ਼ਤ ਸੀ। ਸਿੰਜਾਈ ਅਧੀਨ ਰਕਬਾ ਕੁੱਲ ਬੀਜੇ ਜਾਣ ਵਾਲੇ ਰਕਬੇ ਦਾ 98.9 ਪ੍ਰਤੀਸ਼ਤ ਹੋਣ ਕਰਕੇ ਅਤੇ ਕਿਸਾਨਾਂ ਦੀ ਅਗਾਂਹਵਧੂ ਰੁਚੀ ਤੇ ਮਿਹਨਤ ਵਜੋਂ ਕਣਕ ਦੀ ਔਸਤ ਉਤਪਾਦਕਤਾ 50 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਝੋਨੇ ਦੀ 68- 70 ਕੁਇੰਟਲ ਪ੍ਰਤੀ ਹੈਕਟੇਅਰ ਰਹੀ। ਇਸ ਸਾਲ ਵੀ ਕਣਕ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਦੇਸ਼ ਦੀ ਕਣਕ ਪੈਦਾਵਾਰ ਪਿਛਲੇ ਸਾਲ ਦੇ 110.55 ਮਿਲੀਅਨ ਟਨ ਦੇ ਮੁਕਾਬਲੇ 114 ਮਿਲੀਅਨ ਟਨ ਅਤੇ ਪੰਜਾਬ ਦੀ 18 ਮਿਲੀਅਨ ਟਨ ਹੋਣ ਦੀ ਸੰਭਾਵਨਾ ਹੈ।

ਪਹਿਲੇ ਸਬਜ਼ ਇਨਕਲਾਬ ਦੌਰਾਨ ਖੇਤੀ ਦਾ ਵਿਕਾਸ ਤਾਂ ਹੋਇਆ, ਪਰ ਇਹ ਹੰਢਣਸਾਰ ਨਹੀਂ। ਸੰਨ 1980-85 ਦਰਮਿਆਨ ਤਾਂ ਖੇਤੀ ਵਿਕਾਸ ਦਰ ਮੁਲਕ ਦੀ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵੱਧ ਰਹੀ ਪ੍ਰੰਤੂ ਸੰਨ 1997-98 'ਚ ਘਟ ਗਈ। ਸੰਨ 2002-03 'ਚ ਭਾਰਤ ਨੇ ਕਣਕ ਬਰਾਮਦ ਕੀਤੀ। ਫਿਰ ਸੰਨ 2007-08 'ਚ ਬਾਹਰੋਂ ਮੰਗਵਾਈ, ਉਸ ਤੋਂ ਬਾਅਦ ਭਾਵੇਂ ਮੁਲਕ ਆਤਮ-ਨਿਰਭਰ ਹੋ ਗਿਆ।

ਦੇਸ਼ ਤੇ ਪੰਜਾਬ ਦੀ ਬਹੁ ਸੰਖਿਆ ਦਾ ਵਿਕਾਸ ਤੇ ਰੋਟੀ ਦਾ ਆਧਾਰ ਖੇਤੀ ਹੈ। ਦੇਸ਼ 'ਚ 49 ਪ੍ਰਤੀਸ਼ਤ ਦੇ ਕਰੀਬ ਅਤੇ ਪੰਜਾਬ 'ਚ 65 ਪ੍ਰਤੀਸ਼ਤ ਦੇ ਕਰੀਬ ਲੋਕ ਖੇਤੀ ਤੋਂ ਹੀ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ। ਪ੍ਰੰਤੂ ਜੀ.ਡੀ.ਪੀ. 'ਚ ਖੇਤੀ ਦਾ ਯੋਗਦਾਨ ਘਟਦਾ ਜਾ ਰਿਹਾ ਹੈ। ਖੁਰਾਕ ਦੀ ਸੁਰੱਖਿਆ ਤੇ ਸੰਤੁਸ਼ਟਤਾ ਲਈ ਅਤੇ ਗ਼ਰੀਬੀ ਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ ਕੁਦਰਤੀ ਸੋਮਿਆਂ ਦੀ ਸੂਝਵਾਨ ਵਰਤੋਂ ਦੀ ਲੋੜ ਹੈ। ਪੈਦਾਵਾਰ ਵਧਾਉਣ ਲਈ ਕਾਸ਼ਤ ਯੋਗ ਰਕਬੇ 'ਚ ਕੋਈ ਵਾਧਾ ਹੋਣਾ ਸੰਭਵ ਨਹੀਂ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਅਰਸੇ ਤੋਂ ਵਾਹੀ ਦਾ ਰਕਬਾ ਤਕਰੀਬਨ ਇੱਕੋ ਥਾਂ ਖੜ੍ਹਾ ਹੈ। ਮੁਲਕ 'ਚ ਸਿੰਜਾਈ ਵਾਲਾ ਰਕਬਾ ਜ਼ਰੂਰ ਵਧਿਆ ਹੈ। ਇਸ ਪੱਖੋਂ ਪੰਜਾਬ ਅੱਗੇ ਹੈ। ਜਿੱਥੇ 98.9 ਪ੍ਰਤੀਸ਼ਤ ਰਕਬਾ ਸਿੰਜਾਈ ਅਧੀਨ ਹੈ ਪਰ ਇਸ ਦੇ ਬਾਵਜੂਦ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਜੋ ਇਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆ ਖੜ੍ਹੀ ਹੈ, ਇਸ ਨੂੰ ਰੋਕਣ ਦੀ ਲੋੜ ਹੈ। ਜ਼ਿਆਦਾ ਜ਼ੋਰ ਪਾਣੀ ਦੀ ਬੱਚਤ ਅਤੇ ਇਸ ਦੀ ਕੁਫ਼ਾਇਤ ਵਰਤੋਂ 'ਤੇ ਲਗਣਾ ਚਾਹੀਦਾ ਹੈ। ਭਾਵੇਂ ਹੁਣ ਦੂਜੇ ਰਾਜ ਜਿਵੇਂ ਮੱਧ ਪ੍ਰਦੇਸ਼ ਤੇ ਯੂ.ਪੀ. ਆਦਿ ਵੀ ਉਤਪਾਦਨ ਪੱਖੋਂ ਅੱਗੇ ਆ ਰਹੇ ਹਨ, ਪਰ ਪੰਜਾਬ ਉਤਪਾਦਕਤਾ 'ਚ ਸਥਿਰਤਾ ਲਿਆਉਣ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦਾ ਹੈ। ਉਤਪਾਦਕਤਾ ਤੇ ਉਤਪਾਦਨ ਵਧਾਉਣ 'ਚ ਬੀਜਾਂ ਦਾ ਮਹੱਤਵਪੂਰਨ ਰੋਲ ਹੈ। ਭਾਵੇਂ ਕਿਸਾਨਾਂ 'ਚ ਬੀਜਾਂ ਅਤੇ ਨਵੀਆਂ ਕਿਸਮਾਂ ਅਪਣਾਉਣ ਸੰਬੰਧੀ ਚੇਤਨਾ ਵਧੀ ਹੈ, ਪਰ ਅਜੇ ਵੀ ਬੀਜ ਬਦਲ ਦਰ ਘੱਟ ਹੈ। ਸੁਧਰੇ ਬੀਜ ਬਹੁਤੇ ਕਿਸਾਨਾਂ ਤੱਕ ਕਿਸਾਨ ਮੇਲਿਆਂ ਅਤੇ ਕਿਸਾਨ ਸਿਖਲਾਈ ਕੈਂਪਾਂ ਰਾਹੀਂ ਪਹੁੰਚਦੇ ਹਨ। ਬੀਜ ਵੰਡ ਪ੍ਰਬੰਧਨ ਦੀ ਪੂਰਨ ਯੋਜਨਾਬੰਦੀ ਕਰਨ ਦੀ ਲੋੜ ਹੈ ਤਾਂ ਜੋ ਇਹ ਛੋਟੇ ਕਿਸਾਨਾਂ ਤੱਕ, ਦੂਰ ਦੁਰਾਡੇ ਪਿੰਡਾਂ 'ਚ ਵੀ ਪਹੁੰਚਣ। ਪੰਜਾਬ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਤੇ ਕਈ ਹੋਰ ਅਦਾਰਿਆਂ ਵੱਲੋਂ ਅਜਿਹੇ ਯਤਨ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਖੇਤੀ ਨੂੰ ਵਪਾਰਕ ਤੌਰ 'ਤੇ ਲਾਹੇਵੰਦ ਬਣਾਉਣ ਦੀ ਲੋੜ ਹੈ। ਖੇਤੀ ਦਾ ਧੰਦਾ ਮੁਨਾਫ਼ੇ ਲਈ ਅਪਣਾਇਆ ਜਾਵੇ ਕੇਵਲ ਗੁਜ਼ਾਰੇ ਲਈ ਨਹੀਂ। ਪੰਜਾਬ 'ਚ 15 ਲੱਖ ਦੇ ਕਰੀਬ ਟਿਊਬਵੈੱਲ ਖੇਤਾਂ ਦੀ ਸਿੰਜਾਈ ਲਈ ਲੱਗੇ ਹੋਏ ਹਨ। ਪਾਣੀ ਦੀ ਵੱਧ ਅਤੇ ਦੁਰਵਰਤੋਂ ਕਾਰਨ ਜ਼ਮੀਨ ਥੱਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਲਗਾਤਾਰ ਪੀੜ੍ਹੀ ਦਰ ਪੀੜ੍ਹੀ ਜ਼ਮੀਨੀ ਹੱਕਾਂ ਕਾਰਨ ਖੇਤਾਂ ਦਾ ਆਕਾਰ ਘਟ ਰਿਹਾ ਹੈ। ਤਕਰੀਬਨ 60 ਪ੍ਰਤੀਸ਼ਤ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਇਸ ਲਈ ਕਿਸਾਨਾਂ ਦੀ ਖੇਤੀ ਆਮਦਨ ਘੱਟ ਹੈ, ਜਿਸ ਕਾਰਨ ਕਿਸਾਨਾਂ 'ਚ ਨਿਰਾਸ਼ਤਾ ਤੇ ਮਾਯੂਸੀ ਦੀ ਲਹਿਰ ਦੌੜ ਰਹੀ ਹੈ। ਲੇਜ਼ਰ ਕਰਾਹੇ ਦੀ ਵਰਤੋਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤਕਨੀਕ ਨਾਲ ਖੇਤ ਪੱਧਰ ਕਰਨ ਉਪਰੰਤ ਪਾਣੀ ਇਕਸਾਰ ਲਗਦਾ ਹੈ ਅਤੇ ਖਾਦਾਂ ਦੀ ਵਰਤੋਂ ਵਿਸ਼ੇਸ਼ ਕਰ ਕੇ ਯੂਰੀਏ ਦੀ ਵਰਤੋਂ ਨਿਪੁੰਨਤਾ ਨਾਲ ਹੁੰਦੀ ਹੈ। ਪ੍ਰਤੀ ਹੈਕਟੇਅਰ ਝਾੜ 'ਚ ਵਾਧਾ ਹੁੰਦਾ ਹੈ। ਪਾਣੀ ਦੀ ਬੱਚਤ ਲਈ ਫ਼ਸਲਾਂ ਦੀ ਪੈਦਾਵਾਰ ਬੈੱਡਪਲਾਂਟਿੰਗ ਵਿਧੀ ਅਪਣਾ ਕੇ ਵੀ ਕੀਤੀ ਜਾ ਸਕਦੀ ਹੈ ਅਤੇ ਝੋਨੇ 'ਚ ਸਿੱਧੀ ਬਿਜਾਈ ਕਰ ਕੇ ਵੀ। ਕਿਸਾਨਾਂ ਨੂੰ ਇਹ ਸਹੂਲਤਾਂ ਮਸ਼ੀਨਰੀ ਕਾਲ ਸੈਂਟਰਾਂ ਰਾਹੀਂ ਮੁਹੱਈਆ ਕਰਨ ਦੇ ਨਾਲ ਨਾਲ ਰਿਆਇਤੀ ਦਰਾਂ 'ਤੇ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਿਸਾਨਾਂ ਦਾ ਨਿਸ਼ਾਨਾ ਆਮਦਨ 'ਚ ਵਾਧਾ ਕਰਨਾ ਹੋਣਾ ਚਾਹੀਦਾ ਹੈ, ਜਿਸ ਲਈ ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇ।



ਅੰਤਿਮ ਕਿਸ਼ਤ

**ਗੁਰਚਰਨਜੀਤ ਸਿੰਘ ਲਾਂਬਾ**

# ਘੱਲੂਘਾਰਾ ਜਾਂ ਇੰਡੋ ਸਿੱਖ ਵਾਰ?

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਸਰਬਰਾਹ ਸਾਹਿਬ, ਗ੍ਰੰਥੀ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀ ਸਿੰਘਾਂ ਵੱਲੋਂ ਇੱਕ ਇਸ਼ਤਿਹਾਰ ਦੁਆਰਾ ਇਸ ਅਫਵਾਹ ਦਾ ਗਲਤ ਹੋਣਾ ਪ੍ਰਗਟ ਹੋ ਚੁਕਾ ਹੈ। ਸਾਰੇ ਪੰਥ ਦੇ ਦਿਲ ਵਿਚੋਂ ਇਸ ਗਲਤ ਅਫਵਾਹ ਦੇ ਮੁਤਅਲਕ ਹਰ ਤਰ੍ਹਾਂ ਦੇ ਭਰਮ ਨੂੰ ਦੂਰ ਕਰਨ ਲਈ ਇਹ ਬਿਨੈ ਕੀਤੀ ਜਾਂਦੀ ਹੈ ਕਿ ਕੋਈ ਸਜਨ ਇਸ ਅਫਵਾਹ ਦਾ ਯਕੀਨ ਨਾ ਕਰੇ। ਇਹ ਅਫਵਾਹ ਉਕੀ ਅਸੱਤ ਹੈ।

ਇਤਨਾ ਹੀ ਨਹੀਂ ਸਰਕਾਰ ਵੱਲੋਂ ਉਸ ਸਮੇਂ ਦੀ ਪ੍ਰਮੁੱਖ ਸਿੱਖ ਜਥੇਬੰਦੀ ਚੀਫ਼ ਖਾਲਸਾ ਦੀਵਾਨ ਨੂੰ ਵੀ ਪਹੁੰਚ ਕੀਤੀ ਗਈ ਕਿ ਉਹ ਇਸ ਬਾਰੇ ਸਪਸ਼ਟੀਕਰਨ ਦੇਣ। ਇਹ ਘਟਨਾ ਮਾਮੂਲੀ ਨਹੀਂ ਸੀ ਅਤੇ ਇਸਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਸੀ। ਉਪਰੰਤ ਚੀਫ਼ ਖਾਲਸਾ ਦੀਵਾਨ ਨੇ ਵੀ ਮਤਾ ਪਾਸ ਕਰ ਕੇ ਜਾਰੀ ਕੀਤਾ,

ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਜੀ) ਅੰਮ੍ਰਿਤਸਰ ਗੁਰਸਿਖੀ ਦਾ ਪਰਮ ਪਵਿੱਤ੍ਰ ਧਾਮ ਹੈ, ਇਹ ਅਫਵਾਹ ਜੋ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਗਈ ਹੈ ਯਾ ਬੰਬ ਦਾ ਗੋਲਾ ਸੁੱਟਿਆ ਗਿਆ ਹੈ, ਬਿਲਕੁਲ ਗਲਤ ਹੈ। ਦਰਬਾਰ ਸਾਹਿਬ ਦੇ ਸੇਵਕਾਂ ਵੱਲੋਂ ਤੇ ਚੀਫ਼ ਖਾਲਸਾ ਦੀਵਾਨ ਵੱਲੋਂ ਇਸ ਅਫਵਾਹ ਦਾ ਗਲਤ ਹੋਣਾ ਅੱਗੇ ਬਿਨੈ ਹੋ ਚੁੱਕਾ ਹੈ। ਪਿਆਰੇ ਖਾਲਸਾ ਜੀ ਦੇ ਹਿਰਦੇ ਵਿੱਚ ਅਕਾਰਣ ਦੁੱਖ ਤੇ ਕਲੇਸ਼ ਪੈਦਾ ਹੋਣ ਦੀ ਰੋਕ ਕਰਨ ਲਈ ਚੀਫ਼ ਖਾਲਸਾ ਦੀਵਾਨ ਦੀ ਆਗਯਾ ਅਨੁਸਾਰ ਬਿਨੈ ਹੈ ਜੋ ਇਸ ਬਾਰੇ ਵਿੱਚ ਉਹ ਕਿਸੇ ਤਰ੍ਹਾਂ ਚਿੰਤਾਤਰ ਨਾ ਹੋਣ। ਇਸੇ ਤਰ੍ਹਾਂ ਦੀਵਾਨ ਦੀ ਆਗਯਾ ਅਨੁਸਾਰ ਅਮਨ ਚੈਨ ਰਖਣ ਲਈ ਤੇ ਇਸ ਹਲਾਚਲੀ ਵਿੱਚ ਅਡੋਲ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਯਾਦ ਰੱਖ ਕੇ ਸਰਕਾਰ ਦੀ ਵਫਾਦਾਰੀ ਤੇ ਗੁਰੂ-ਪੰਥ ਦੀ ਸੇਵਾ ਲਈ ਅਰਜੋਈ ਕੀਤੀ ਜਾ ਚੁਕੀ ਹੈ ਜੋ ਕ੍ਰਿਪਾਲੂ ਸਜਣਾਂ ਦੀ ਦ੍ਰਿਸ਼ਟੀ ਗੋਚਰ ਹੋ ਚੁੱਕੀ ਹੋਵੇਗੀ।

ਇਸੇ ਤਰ੍ਹਾਂ ਸਰ ਸੁੰਦਰ ਸਿੰਘ ਮਜੀਠੀਆ ਨੇ ਵੀ ਨਿਜੀ ਤੌਰ 'ਤੇ ਇੱਕ ਬਿਆਨ ਜਾਰੀ ਕਰਕੇ ਇਸ ਅਫਵਾਹ ਦਾ ਖੰਡਨ ਕੀਤਾ। ਭਾਵੇਂ ਇਹ ਇੱਕ ਅਫਵਾਹ ਹੀ ਸੀ ਪਰ ਇਸ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ। ਜੇਕਰ ਇੱਕ ਵਿਦੇਸ਼ੀ ਹਕੂਮਤ ਐਸੀ ਮਾੜੀ ਘਟਨਾ ਦੇ ਨਤੀਜਿਆਂ ਪ੍ਰਤੀ ਇਤਨੀ ਸੰਜੀਦਾ ਅਤੇ ਗੰਭੀਰ ਹੋ ਸਕਦੀ ਹੈ ਪਰ ਹੈਰਾਨੀ ਹੈ ਕਿ ਪੂਰੀ ਤਾਕਤ ਨਾਲ ਦਰਬਾਰ ਸਾਹਿਬ ਤੇ ਕੀਤੇ ਹਮਲੇ ਬਾਰੇ ਆਪਣੀ ਸਰਕਾਰੇ ਕਿਉਂ ਨਹੀਂ ਸੋਚਿਆ ਕਿ ਸਿੱਖ ਇਸ ਨੂੰ ਕਿਵੇਂ ਬਰਦਾਸ਼ਤ ਕਰ ਲੈਣਗੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਇੱਕ ਹੋਰ ਅਹਿਮ ਘਟਨਾ ਦਾ ਜ਼ਿਕਰ ਲੈਰੀ ਕਾਲਿਨਸ ਅਤੇ ਡਾਮਨਿਕ ਲਾਪਿਏਰੇ ਨੇ ਆਪਣੀ ਕਿਤਾਬ 'ਫਰੀਡਮ ਐਟ ਮਿਡਨਾਈਟ' ਵਿੱਚ ਕੀਤਾ ਹੈ। ਹਿੰਦੁਸਤਾਨ ਦੇ ਵਾਇਸਰਾਇ ਦੀ ਇੱਕ ਉਚ ਪੱਧਰੀ ਮੀਟਿੰਗ ਹੋਈ। ਇਸ ਵਿੱਚ ਦਸਿਆ ਗਿਆ ਕਿ 14 ਅਗਸਤ ਨੂੰ ਜਦੋਂ ਮੁਹੰਮਦ ਅਲੀ ਜਿਨ੍ਹਾ ਦਾ ਜਲੂਸ ਨਿਕਲੇਗਾ ਤਾਂ ਉਸ ਦੇ ਕਤਲ ਦੀ ਸਾਜ਼ਿਸ਼ ਸਿੱਖ ਲੀਡਰ ਸ਼ਿਪ ਨੇ ਕੀਤੀ ਹੈ। ਇਸ'ਤੇ ਮੁਸਲਿਮ ਆਗੂਆਂ ਨੇ ਮੰਗ ਕੀਤੀ ਕਿ ਸਿੱਖ ਆਗੂਆਂ ਨੂੰ ਤੁਰੰਤ ਹਿਰਾਸਤ ਵਿੱਚ ਲਿਆ ਜਾਏ। ਇਸ ਦੇ ਜਵਾਬ ਵਿੱਚ ਮਾਉਂਟ ਬੈਟਨ ਨੇ ਕਿਹਾ ਕਿ ਕੀ ਤੁਹਾਨੂੰ ਪਤਾ ਹੈ ਕਿ ਸਿੱਖ ਆਗੂ ਮਾਸਟਰ ਤਾਰਾ ਸਿੰਘ ਇਸ ਸਮੇਂ ਦਰਬਾਰ ਸਾਹਿਬ ਦੇ ਅੰਦਰ ਹੈ। ਦਰਬਾਰ ਸਾਹਿਬ ਦੇ ਅੰਦਰ ਪੁਲਿਸ ਨੂੰ ਦਾਖ਼ਲ ਕਰਨ ਬਾਰੇ ਉਹ ਸੋਚ ਵੀ ਨਹੀਂ ਸਕਦਾ। ਇਸ 'ਤੇ ਮੁਸਲਿਮ ਨੁਮਾਇੰਦਿਆਂ ਨੇ ਪੁਛਿਆ ਕਿ ਸਾਡੇ ਕਾਇਦ ਦੀ ਹਿਫਾਜ਼ਤ ਲਈ ਕੀ ਕਦਮ ਚੁਕੇ ਜਾਣਗੇ। ਬਹੁਤ ਹੀ ਅਹਿਮ ਜਵਾਬ ਵਾਇਸਰਾਇ ਨੇ ਦਿੱਤਾ ਕਿ ਜਦੋਂ ਜਿਨ੍ਹਾ ਦਾ ਜਲੂਸ ਨਿਕਲੇਗਾ ਉਸਦੀ ਨਾਲ ਦੀ ਸੀਟ 'ਤੇ ਮੈਂ ਬੈਠ ਜਾਵਾਂਗਾ। ਇਹ ਖ਼ਤਰਾ ਮੈਂ ਲੈ ਲਵਾਂਗਾ ਪਰ ਦਰਬਾਰ ਸਾਹਿਬ ਦੇ ਅੰਦਰ ਪੁਲਿਸ ਦੇ ਜ਼ੋਰ ਨਾਲ ਦਾਖ਼ਲ ਹੋਣ ਬਾਰੇ ਮੈਂ ਸੋਚ ਵੀ ਨਹੀਂ ਸਕਦਾ। ਉਹ ਹਕੂਮਤ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸਦਾ ਸੂਰਜ ਕਦੇ ਗ਼ਰੂਬ ਨਹੀਂ ਹੁੰਦਾ ਉਹਨਾਂ ਨੂੰ ਦਰਬਾਰ ਸਾਹਿਬ ਵਿੱਚ ਤਾਕਤ ਨਾਲ ਦਾਖ਼ਲ ਹੋਣ ਦੇ ਅੰਜਾਮ ਬਾਰੇ ਅਹਿਸਾਸ ਸੀ। ਪਰ ਕੀ ਇਹ ਸੋਝੀ ਬਲਿਊ ਸਟਾਰ ਸਮੇਂ 'ਆਪਣੀ ਸਰਕਾਰ' ਨੂੰ ਨਹੀਂ ਸੀ ਆਈ।

ਦੇਸ਼ ਨੂੰ ਆਜ਼ਾਦੀ ਮਿਲਿਆਂ ਅਜੇ 8 ਸਾਲ ਵੀ ਨਹੀਂ ਸਨ ਹੋਏ ਕਿ ਪੰਡਿਤ ਨਹਿਰੂ ਦੇ ਰਾਜ ਕਾਲ ਵਿੱਚ ਜੁਲਾਈ 1955 ਵਿੱਚ ਲਾਲਾ ਭੀਮ ਸੈਨ ਸੱਚਰ, ਮੁੱਖ ਮੰਤਰੀ ਪੰਜਾਬ ਦੇ ਹੁਕਮ 'ਤੇ ਵੱਡੀ ਗਿਣਤੀ ਪੁਲਿਸ ਅਸ਼ਵਨੀ ਕੁਮਾਰ ਡੀ.ਆਈ.ਜੀ. ਦੀ ਅਗਵਾਈ ਵਿੱਚ ਦਰਬਾਰ ਸਾਹਿਬ ਦੇ ਅੰਦਰ ਬੂਟਾਂ ਸਣੇ ਦਾਖ਼ਲ ਹੋਈ। ਇਸ ਹਮਲੇ ਦੌਰਾਨ ਸੰਗਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਕਾਫ਼ੀ ਭੰਨ ਤੋੜ ਵੀ ਕੀਤੀ ਗਈ। ਪ੍ਰਸ਼ਾਦ ਅਤੇ ਲੰਗਰ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਇਸ ਘਟਨਾ ਦਾ ਜ਼ਿਕਰ ਗਿਆਨੀ ਸੰਤੋਖ ਸਿੰਘ ਜੀ ਆਸਟ੍ਰੇਲੀਆ ਵਾਲੇ ਕਰਦੇ ਹਨ,

ਚਾਰ ਤੇ ਪੰਜ ਜੁਲਾਈ (੧੯੫੫) ਦੀ ਅੱਧੀ ਰਾਤ ਨੂੰ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿਤਾ। ਹਾਜ਼ਰ ਵਿਅਕਤੀਆਂ ਨੂੰ ਭੈ ਭੀਤ ਕਰਨ ਵਾਸਤੇ ਪਹਿਲਾਂ ਟੀਅਰ ਗੈਸ ਛੱਡੀ ਤੇ ਫਿਰ ਗੋਲ਼ੀ ਚਲਾਈ। ਸ੍ਰੀ ਗੁਰੂ ਰਾਮਦਾਸ ਸਰਾਂ, ਲੰਗਰ, ਦਫ਼ਤਰ ਸ੍ਰੀ ਦਰਬਾਰ ਸਾਹਿਬ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਆਦਿ ਸਥਾਨਾਂ ਉਪਰ ਪੁਲਿਸ ਨੇ ਕਬਜ਼ਾ ਕਰ ਲਿਆ। ਉਸ ਸਮੇ ਜਿੰਨੇ ਵੀ ਯਾਤਰੂ, ਵਾਲੰਟੀਅਰ, ਸੇਵਾਦਾਰ, ਆਗੂ ਆਦਿ ਮੌਜੂਦ ਸਨ, ਸਭ ਨੂੰ ਪੁਲਿਸ ਗ੍ਰਿਫਤਾਰ ਕਰਕੇ ਲੈ ਗਈ। ਕੁਝ ਵਿਅਕਤੀ ਗੋਲ਼ੀਆਂ ਤੇ ਟੀਅਰ ਗੈਸ ਸਦਕਾ ਜ਼ਖ਼ਮੀ ਵੀ ਹੋ ਗਏ।

ਇਸ ਘਟਨਾ ਦਾ ਇਤਨਾ ਤਿੱਖਾ ਪ੍ਰਤੀਕਰਮ ਹੋਇਆ ਕਿ 10 ਅਕਤੂਬਰ, 1955 ਨੂੰ ਭੀਮ ਸੈਨ ਸੱਚਰ ਖ਼ੁਦ ਦਰਬਾਰ ਸਾਹਿਬ ਹਾਜ਼ਰ ਹੋਇਆ ਅਤੇ ਮੰਜੀ ਸਾਹਿਬ ਖੜੇ ਹੋ ਕੇ ਉਸਨੇ ਸੰਗਤ ਤੋਂ ਖਿਮਾ ਯਾਚਨਾ ਕੀਤੀ। ਇਹ ਸੋਚਣਾ ਕਿ ਜੋ ਕੁਝ ਜੂਨ ਚੁਰਾਸੀ ਵਿੱਚ ਹੋਇਆ ਉਸਦੇ ਮੁਕਾਬਲੇ ਵਿਚ ਤਾਂ ਇਹ ਘਟਨਾ ਕੁਝ ਵੀ ਨਹੀਂ ਸੀ, ਸਹੀ ਨਹੀਂ ਹੋਏ ਗਾ। ਪਰ ਭੀਮ ਸੈਨ ਸੱਚਰ ਦੀ ਮਾਫ਼ੀ ਨੂੰ ਫ਼ਿਰਕਾ ਪ੍ਰਸਤ ਕਾਂਗਰਸੀਆਂ ਨੇ ਪ੍ਰਵਾਨ ਨਾ ਕੀਤਾ ਅਤੇ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ। ਇਸ ਤਰ੍ਹਾਂ ਪੰਡਿਤ ਨਹਿਰੂ ਦੇ ਕਾਲ ਵਿੱਚ ਘਟੀ ਘਟਨਾ ਇੱਕ ਬੀਜ ਮਾਤਰ ਸੀ ਜੋ ਨਾਸੂਰ ਬਣ ਕੇ 1984 ਵਿੱਚ ਫ਼ਟਿਆ।

ਦਰਬਾਰ ਸਾਹਿਬ 'ਤੇ ਹਮਲੇ ਬਾਰੇ ਭਾਵੇਂ ਸਰਕਾਰ ਨੇ ਅਤੇ ਭਾਵੇਂ ਸ਼੍ਰੋਮਣੀ ਕਮੇਟੀ ਨੇ ਵੀ ਵਾਈਟ ਪੇਪਰ ਛਾਪੇ ਹਨ। ਭਾਵੇਂ ਇਸ ਬਾਰੇ ਸੈਂਕੜੇ ਕਿਤਾਬਾਂ ਛਪ ਚੁਕੀਆਂ ਹਨ ਪਰ ਇਤਨੇ ਵੱਡੇ ਕਾਂਡ ਦੇ ਪਿਛੇ ਮਨਸ਼ਾ ਕੀ ਸੀ? ਇਸ ਬਾਰੇ ਬਹੁਤ ਕੁਝ ਜ਼ਾਹਿਰ ਹੋਣਾ ਬਾਕੀ ਹੈ। ਇਸ ਪਿਛੋਕੜ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੋਹੜਾ ਨੇ ਭਾਰਤ ਸਰਕਾਰ ਤੇ 1000 ਕਰੋੜ ਦੇ ਹਰਜਾਨੇ ਦਾ ਮੁਕੱਦਮਾ ਦਰਜ ਕਰਵਾਇਆ ਸੀ। ਉਸ ਵਿੱਚ ਟੋਹੜਾ ਸਾਹਿਬ ਨੇ ਦਿੱਲੀ ਉੱਚ ਅਦਾਲਤ ਵਿੱਚ ਆਪਣਾ ਹਲਫੀਆ ਬਿਆਨ ਦਰਜ ਕਰਵਾਇਆ ਸੀ। ਇਹ ਇਕ ਅਹਿਮ ਕੜੀ ਅਤੇ ਦਸਤਾਵੇਜ਼ ਹੈ। ਇਸ ਵਿੱਚ ਅੰਕਤ ਹੈ ਕਿ ਇੰਦਰਾ ਗਾਂਧੀ ਨਾਲ ਇੱਕ ਮੀਟਿੰਗ ਹੋਈ। ਇਸ ਵਿੱਚ ਪ੍ਰਨਬ ਮੁਖਰਜੀ, ਜ਼ੈਲ ਸਿੰਘ, ਪ੍ਰਕਾਸ਼ ਸਿੰਘ ਬਾਦਲ, ਹਰਚੰਦ ਸਿੰਘ ਲੌਂਗੋਵਾਲ, ਰਵੀ ਇੰਦਰ ਸਿੰਘ ਅਤੇ ਦੋ ਵਜ਼ੀਰ ਸ਼ਾਮਲ ਸਨ। ਟੋਹੜਾ ਸਾਹਿਬ ਦੇ ਮੁਤਾਬਕ ਉਹਨਾਂ ਨੇ ਇੰਦਰਾ ਗਾਂਧੀ ਨੂੰ ਬਾਰ ਬਾਰ ਪੁੱਛਿਆ ਗਿਆ ਕਿ ਉਸ ਦਾ ਵਤੀਰਾ ਸਿੱਖਾਂ ਨਾਲ ਇਸ ਤਰ੍ਹਾਂ ਕਿਉਂ ਹੈ, ਜਿਸਦਾ ਜਵਾਬ ਉਹ ਦੇਣਾ ਨਹੀਂ ਸੀ ਚਾਹ ਰਹੀ। ਆਖ਼ਰ ਜ਼ਿਆਦਾ ਜ਼ੋਰ ਦੇਣ 'ਤੇ ਇੰਦਰਾ ਗਾਂਧੀ ਨੇ ਕਿਹਾ ਕਿ ਤੁਸੀਂ ਅਕਾਲ ਤਖ਼ਤ ਤੋਂ ਐਮਰਜੈਂਸੀ ਵਿੱਚ ਮੋਰਚਾ ਲਗਾਇਆ। ਇਸ ਬਿਆਨ ਵਿੱਚ ਅੰਕਤ ਹੈ,

'On my insistence for a reply Mrs. Gandhi replied that during



the emergency days Sikhs of Akali Dal had made Ardas at Akal Takhat and had participated in the Morcha against the emergency in a similar way they had performed Ardas at Akal Takhat and were coming to Delhi for march against here. I told her that despite the first time that the participants in the Morcha were beaten .. on the way and three of them were shot dead at Madhuban in Haryana State they did not break their pledge to remain peaceful and could not have any revenge to that.....Our ardas at Akal Takhat was that we would remain peaceful and would not raise and slogan and accordingly we took out peaceful silent procession carrying only placards and even without raising slogans 'Jaikara'. He went on to say that we got the impression that Smt. Gandhi had vendetta against Sikhs for their role in emergency morchas.

(ਮੇਰੇ ਵੱਲੋਂ ਜਵਾਬ ਲਈ ਜ਼ੋਰ ਦੇਣ 'ਤੇ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਐਮਰਜੈਂਸੀ ਦੇ ਦੌਰਾਨ ਅਕਾਲੀ ਦਲ ਅਤੇ ਇਸਦੇ ਸਿੱਖਾਂ ਵੱਲੋਂ ਅਕਾਲ ਤਖ਼ਤ 'ਤੇ ਅਰਦਾਸ ਕੀਤੀ ਇਸੇ ਤਰ੍ਹਾਂ ਅਕਾਲ ਤਖ਼ਤ 'ਤੇ ਅਰਦਾਸ ਕਰਕੇ ਐਮਰਜੈਂਸੀ ਦੇ ਖ਼ਿਲਾਫ਼ ਮਾਰਚ ਲਈ ਦਿੱਲੀ ਆ ਰਹੇ ਸਨ। ਮੈਂ ਉਸਨੂੰ ਦੱਸਿਆ ਕਿ ਭਾਵੇਂ ਸਿੱਖਾਂ ਦੀ ਮਾਰ ਕੁੱਟ ਕੀਤੀ ਗਈ .........ਰਸਤੇ ਵਿੱਚ ਮਧੂਬਨ ਉਹਨਾਂ 'ਤੇ ਗੋਲੀ ਚਲਾਈ ਗਈ ਅਤੇ ਇਸ ਨਾਲ ਤਿੰਨ ਸ਼ਹੀਦ ਹੋ ਗਏ ਪਰ ਇਸ ਦੇ ਬਾਵਜੂਦ ਉਹਨਾਂ ਨੇ ਸ਼ਾਂਤਮਈ ਰਹਿਣ ਦੀ ਅਰਦਾਸ ਨੂੰ ਭੰਗ ਨਹੀਂ ਕੀਤਾ.......ਅਕਾਲ ਤਖ਼ਤ ਸਾਹਿਬ 'ਤੇ ਸਾਡੀ ਅਰਦਾਸ ਸੀ ਕਿ ਮਾਰਚ ਵਿੱਚ ਅਸੀਂ ਸ਼ਾਂਤਮਈ ਰਹਾਂਗੇ ਅਤੇ ਕੋਈ ਨਾਅਰੇ ਨਹੀਂ ਲਾਵਾਂਗੇ, ਇਸ ਮੁਤਾਬਕ ਇਹ ਮਾਰਚ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ। ਕੇਵਲ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਇੱਥੋਂ ਤਕ ਕਿ ਜੈਕਾਰਾ ਵੀ ਨਹੀਂ ਗਜਾਇਆ ਗਿਆ। ਸਾਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਸ਼੍ਰੀਮਤੀ ਗਾਂਧੀ ਸਿੱਖਾਂ ਵਲੋਂ ਐਮਰਜੈਂਸੀ ਦੌਰਾਨ ਹਿੱਸਾ ਲੈਣ ਲਈ ਖੁੰਦਕ ਰਖ ਰਹੀ ਸੀ।)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ ਮਾਤਰ ਲਈ ਰੂਹਾਨੀਅਤ ਦਾ ਕੇਂਦਰ ਹੈ ਅਤੇ ਸ੍ਰੀ ਅਕਾਲ ਤਖ਼ਤ ਜ਼ੁਲਮ, ਨਾ-ਇਨਸਾਫੀ ਲਈ ਇੱਕ ਦੁਰਗ ਹੈ। ਹਾਲਾਂਕਿ ਇਸੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਬਲਾਵਾਂ ਨੂੰ ਮੁਕਤ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ। ਇਸੇ ਅਕਾਲ ਤਖ਼ਤ ਸਾਹਿਬ ਤੋਂ ਲਾਲ ਕੁੜਤੀ ਮੁਹਿੰਮ ਸਮੇਂ ਪਠਾਣਾ ਦੀ ਹਿਮਾਇਤ 'ਤੇ ਜਥੇ ਭੇਜੇ ਗਏ। ਇਸੇ ਹੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਲਈ ਜਦੋਜਹਿਦ ਹੋਈਆਂ। ਹੁਣ ਅਕਾਲ ਤਖ਼ਤ ਸਾਹਿਬ ਦਾ ਇਹੀ ਕਰਤਬ ਸਰਕਾਰ ਨੂੰ ਨਾ-ਮਨਜ਼ੂਰ ਹੋ ਗਿਆ। ਯਾਨਿ ਕਿ ਮੀਰੀ ਪੀਰੀ ਦੇ ਇਸ ਸਥਾਨ ਤੋਂ ਕੋਈ ਮੋਰਚਾ ਜਾਂ ਮੁਹਿੰਮ ਨਹੀਂ ਚਲਣ ਦਿੱਤੀ ਜਾਏਗੀ। ਇਹ ਸਹੀ ਹੈ ਕਿ 1984 ਤੋਂ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਕੋਈ ਮੋਰਚਾ, ਭਾਵੇਂ ਸੰਕੇਤਕ ਹੀ ਕਿਉਂ ਨਾ ਹੋਵੇ ਨਹੀਂ ਲਗਿਆ। ਇੱਥੇ ਯਾਦ ਰਖਣ ਦੀ ਲੋੜ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਿਰਜੇ ਮੀਰੀ ਪੀਰੀ ਦੇ ਇਸ ਤਖ਼ਤ ਦਾ ਮਾਲਕ ਮਾਲਕ ਖ਼ੁਦ ਅਕਾਲ ਪੁਰਖ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਰਪਾ ਕਰਦੇ ਹਨ ਕਿ ਅਕਾਲ ਪੁਰਖ ਹੀ ਮੀਰੀ-ਪੀਰੀ ਦਾ ਮਾਲਕ ਹੈ।

ਖ਼ੁਦਾਵੰਦ ਬਖਸ਼ਿੰਦਹੇ ਦਿਲ ਕਰਾਰ॥
ਰਜ਼ਾ ਬਖ਼ਸ਼ ਰੋਜ਼ੀ ਦਿਹੋ ਨਉਬਹਾਰ॥੧॥
ਕਿ ਮੀਰ ਅਸਤ ਪੀਰ ਅਸਤ ਹਰ ਦੋ ਜਹਾਂ॥
ਖ਼ੁਦਾਵੰਦ ਬਖ਼ਸ਼ਿੰਦਹ ਹਰ ਯਕ ਅਮਾਂ॥੨॥

(ਵਾਹਿਗੁਰੂ ਬਖ਼ਸ਼ਣ ਹਾਰ, ਮਨ ਨੂੰ ਟਿਕਉ ਦੇਣ ਵਾਲਾ ਅਤੇ ਹਮੇਸ਼ਾ ਖੇੜਾ ਬਖ਼ਸ਼ਣ ਵਾਲਾ ਹੈ। ਉਹ ਮੀਰੀ ਪੀਰੀ ਦਾ ਬਾਦਸ਼ਾਹ, ਦੋਹਾਂ ਜਹਾਨਾਂ ਦਾ ਮਾਲਕ ਹੈ ਅਤੇ ਹਰ ਇੱਕ 'ਤੇ ਬਖ਼ਸ਼ਿਸ਼ਾਂ ਕਰਨ ਵਾਲਾ ਹੈ।)

ਮੀਰੀ ਪੀਰੀ ਦੇ ਇਸ ਸੰਕਲਪ ਦਾ ਵਾਰਿਸ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਹੈ। ਉਹ ਇਹ ਬਿਰਦ ਨਿਭਾਉਂਦਾ ਰਿਹਾ ਹੈ ਅਤੇ ਨਿਭਾਉਂਦਾ ਰਹੇਗਾ।

(ਸਮਾਪਤ)




# ਗੁਰਮਤਿ ਦੇ ਪ੍ਰੇਮ ਮਾਰਗ ਦਾ ਫ਼ਲਸਫ਼ਾ



ਤਲਵਿੰਦਰ ਸਿੰਘ ਬੁੱਟਰ
98780-70008

ਪ੍ਰੇਮ ਕੋਈ ਲੌਕਿਕ ਖੇਡ ਨਹੀਂ ਹੈ। ਇਹ ਅਲੌਕਿਕ ਅਤੇ ਵਿਸਮਾਦੀ ਚੇਤਨਾ ਦਾ ਨਾਂਅ ਹੈ। ਅਜਿਹੀ ਚੇਤਨਾ ਜਿਹੜੀ ਸਾਡੀ ਦ੍ਰਿਸ਼ਟੀ ਨੂੰ ਜ਼ਿੰਦਗੀ ਦੀਆਂ ਚੰਦ ਰੋਜ਼ਾ ਫ਼ਾਹੀਆਂ ਨੂੰ ਕੱਟ ਕੇ ਉੱਪਰ ਉਠਾ ਦੇਵੇ। ਸਿੱਧਾ ਰੂਹ ਦੇ ਸੰਸਾਰ ਨਾਲ ਜੋੜ ਦੇਵੇ। ਇਹ ਕੋਈ ਸਾਧਾਰਨ ਅਵਸਥਾ ਨਹੀਂ ਹੈ। ਖੰਡੇ ਨਾਲੋਂ ਤਿੱਖਾ ਅਤੇ ਵਾਲ ਨਾਲੋਂ ਵੀ ਨਿੱਕਾ (ਬਾਰੀਕ) ਰਾਹ ਹੈ ਪ੍ਰੇਮ ਦਾ। 'ਪ੍ਰੇਮ' ਮਾਰਗ ਦਾ ਪਾਂਧੀ ਬਣਨ ਲਈ ਪਹਿਲੀ ਸ਼ਰਤ ਹੀ ਸਿਰ ਤਲੀ 'ਤੇ ਰੱਖਣਾ ਹੈ। ਜੇਕਰ 'ਪ੍ਰੇਮ' ਮਾਰਗ 'ਤੇ ਪੈਰ ਵੀ ਧਰਨਾ ਹੈ ਤਾਂ ਸਿਰ ਦੇਣ ਲੱਗਿਆਂ ਭੋਰਾ ਵੀ ਹਿਰਖ ਨਹੀਂ ਹੋਣਾ ਚਾਹੀਦਾ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ : 1412)

ਸਿਰ ਦੇਣਾ ਜਾਂ ਸਿਰ ਤਲੀ 'ਤੇ ਧਰਨ ਦਾ ਅਰਥ ਹੈ, ਆਪਾ-ਭਾਵ ਮਿਟਾ ਕੇ 'ਉਸ' ਦਾ ਹੋ ਜਾਣਾ। ਲੋਕ-ਲਾਜ ਅਤੇ ਹਉਮੈ ਦਾ ਤਿਆਗ ਕਰਨਾ। 'ਸਰੀਰਕ ਸੰਸਾਰ' ਤੋਂ ਉਪਰ ਉਠ ਕੇ 'ਰੂਹਾਨੀ ਸੰਸਾਰ' ਦਾ ਵਾਸੀ ਬਣਨਾ। ਪ੍ਰੇਮ ਸਰੀਰ ਨਹੀਂ, ਰੂਹ ਦੀ ਗੱਲ ਕਰਦਾ ਹੈ। ਸਰੀਰ ਤਾਂ ਅੱਜ ਹੈ ਕੱਲ੍ਹ ਨਹੀਂ ਹੋਵੇਗਾ, ਪਰ ਰੂਹ ਅਮਰ ਹੈ। ਸਰੀਰ ਨਾਲ ਕੀਤੀ ਖਿੱਚ 'ਪ੍ਰੇਮ' ਨਹੀਂ, ਵਾਸ਼ਨਾ ਕਹਾਉਂਦੀ ਹੈ। ਰਿਸ਼ਤਿਆਂ ਨਾਲ ਕੀਤਾ ਤੇਹ 'ਮੋਹ' ਦੇ ਬੰਧਨ ਪਾਉਂਦਾ ਹੈ। ਮੋਹ ਅਤੇ ਵਾਸ਼ਨਾ ਮਾਇਆਵੀ ਅਹਿਸਾਸ ਹਨ, ਜੋ ਵਿਕਾਰਾਂ ਅਤੇ ਬੰਧਨਾਂ ਦੀਆਂ ਫ਼ਾਹੀਆਂ ਪਾਉਂਦੇਹਨ। ਦੂਜੇ ਪਾਸੇ ਪ੍ਰੇਮ ਤਾਂ ਬੰਧਨ ਕੱਟਦਾ ਹੈ। ਜਨਮਾਂ-ਜਨਮਾਂਤਰਾਂ ਦੇ ਭਰਮ ਦੇ ਗੜ੍ਹ ਤੋੜ ਦਿੰਦਾ ਹੈ। ਇਸੇ ਕਰਕੇ ਪਰਮਾਰਥ ਵੀ ਪ੍ਰੇਮ ਵਿੱਚ ਹੈ।

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥
(ਪਾਤਿਸ਼ਾਹੀ ੧੦, ਤ੍ਵਪ੍ਰਸਾਦਿ ਸ੍ਵਯੇ)

ਜਦੋਂ ਪੰਜਾਂ ਤੱਤਾਂ ਦੀ ਦੇਹੀ ਤੋਂ ਉਪਰ ਉਠ ਕੇ ਰੂਹ (ਕਹੁ ਕਬੀਰ ਇਹੁ ਰਾਮ ਕੀ ਅੰਸੁ ॥) ਨਾਲ ਪ੍ਰੇਮ ਹੋ ਜਾਵੇ ਤਾਂ ਜੋਤਿ ਦੇ ਦਰਸ਼ਨ ਹੁੰਦੇ ਹਨ। ਉਹ ਇੱਕ ਜੋਤਿ ਜਿਹੜੀ ਬ੍ਰਹਿਮੰਡ ਦੇ ਆਦਿ ਤੋਂ ਜਗ ਰਹੀ ਹੈ ਅਤੇ ਅੰਤ ਤੱਕ ਜਗਦੀ ਰਹੇਗੀ। ਜਿਹੜਾ ਵੀ ਸੁਰਤ ਨੂੰ ਟਿਕਾ ਕੇ ਜੋਤਿ ਨੂੰ ਆਪਣੇ ਅੰਦਰ ਜਗਾ ਲਵੇਗਾ, ਉਹ ਜੋਤਿ ਦਾ ਹੀ ਅੰਸ਼ ਬਣ ਜਾਵੇਗਾ।

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ ॥ (ਅੰਗ : 441)

ਜਦੋਂ ਆਪਣਾ ਮੂਲ ਪਛਾਣ ਲਿਆ ਤਾਂ ਫ਼ੇਰ 'ਪ੍ਰੇਮ' ਦੀ ਇਲਾਹੀ ਨਦਰਿ ਵਰਸੇਗੀ। ਤੀਜਾ ਨੇਤਰ ਖੁੱਲ੍ਹੇਗਾ। ਭਰਮ ਦੇ ਗੜ੍ਹ ਟੁੱਟਣਗੇ ਅਤੇ ਚੇਤਨਾ ਦਾ ਪ੍ਰਕਾਸ਼ ਹੋਵੇਗਾ। ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ ॥ (ਅੰਗ-1313) ਦਾ ਨੂਰ ਸਾਡੀਆਂ ਅੱਖਾਂ 'ਚ ਵਸ ਜਾਵੇਗਾ। ਫਿਰ ਸਾਰੇ ਆਲਮ 'ਚੋਂ ਹੀ ਪ੍ਰੇਮੀ ਨੂੰ ਆਪਣਾ ਮਹਿਬੂਬ ਨਜ਼ਰ ਆਉਣ ਲਗਦਾ ਹੈ, ਜਿਵੇਂ ਭਾਈ ਘਨ੍ਹੱਈਆ ਜੀ ਨੂੰ ਆਇਆ ਸੀ। ਅਨੰਦਪੁਰ ਦੀ ਧਰਤੀ 'ਤੇ ਸਿੰਘਾਂ ਦੇ ਮੁਗ਼ਲਾਂ ਨਾਲ ਘਮਸਾਨ ਦੇ ਯੁੱਧ ਚੱਲ ਰਹੇ ਸਨ। ਦੋਹੀਂ ਪਾਸੀਂ ਫ਼ੌਜਾਂ ਇੱਕ-ਦੂਜੇ ਦੇ ਸਿਪਾਹੀਆਂ ਦੇ ਆਹੂ ਲਾਹ ਰਹੀਆਂ ਸਨ। ਦਸਮੇਸ਼ ਪਿਤਾ ਕੋਲ ਸ਼ਿਕਾਇਤ ਪੁੱਜੀ, ਸੱਚੇ ਪਾਤਸ਼ਾਹ! ਮੈਦਾਨੇ-ਜੰਗ 'ਚ ਮੁਗ਼ਲ ਸਿਪਾਹੀ ਸਿੰਘਾਂ ਦੇ ਖ਼ੂਨ ਦੇ ਪਿਆਸੇ ਬਣੇ ਹੋਏ ਹਨ ਤੇ ਭਾਈ ਘਨ੍ਹੱਈਆ, ਫੱਟੜ ਸਿੰਘਾਂ ਦੇ ਨਾਲ-ਨਾਲ ਮੁਗ਼ਲਾਂ ਦੇ ਉਨ੍ਹਾਂ ਸਿਪਾਹੀਆਂ ਨੂੰ ਵੀ ਪਾਣੀ ਪਿਲਾ ਰਿਹਾ ਹੈ, ਜਿਨ੍ਹਾਂ ਨੂੰ ਅਸੀਂ ਜਾਨ 'ਤੇ ਖੇਡ ਕੇ ਜ਼ਖ਼ਮੀ ਕਰ-ਕਰ ਸੁੱਟ ਰਹੇ ਹਾਂ। ਸੱਚੇ ਪਾਤਸ਼ਾਹ ਨੇ ਜਦੋਂ ਸਿੰਘਾਂ ਦੀ ਸ਼ਿਕਾਇਤ ਦਾ ਜੁਆਬ ਮੰਗਿਆ ਤਾਂ ਭਾਈ ਘਨ੍ਹੱਈਆ ਨਿਮਰਤਾ ਸਹਿਤ ਕਹਿਣ ਲੱਗਾ, 'ਹੇ ਸੱਚੇ ਪਾਤਸ਼ਾਹ! ਮੈਨੂੰ ਤਾਂ ਮੈਦਾਨੇ-ਜੰਗ 'ਚ ਜ਼ਖ਼ਮੀ ਹੋਏ ਡਿੱਗੇ ਸਿੰਘਾਂ ਅਤੇ ਮੁਗ਼ਲ ਸਿਪਾਹੀਆਂ 'ਚ ਕੋਈ ਫ਼ਰਕ ਹੀ ਨਜ਼ਰ ਨਹੀਂ ਆ ਰਿਹਾ। ਮੈਨੂੰ ਤਾਂ ਸਾਰਿਆਂ 'ਚੋਂ ਤੁਹਾਡਾ ਹੀ ਇਲਾਹੀ ਨੂਰ ਨਜ਼ਰੀਂ ਪੈ ਰਿਹੈ।

ਗੁਰੂ ਪਾਤਸ਼ਾਹ ਨੇ ਪ੍ਰਸੰਨ ਹੋ ਕੇ ਭਾਈ ਘਨ੍ਹੱਈਏ ਨੂੰ ਘੁਟ ਕੇ ਛਾਤੀ ਨਾਲ ਲਾ ਲਿਆ ਅਤੇ ਫ਼ੁਰਮਾਉਣ ਲੱਗੇ, ਭਾਈ ਘਨ੍ਹੱਈਆ ਤੇਰਾ ਤੀਜਾ ਨੇਤਰ ਖੁੱਲ੍ਹ ਗਿਐ। ਆਹ ਲੈ ਮਰਹੱਮ-ਪੱਟੀ ਅਤੇ ਪਾਣੀ ਪਿਲਾਉਣ ਦੇ ਨਾਲ-ਨਾਲ ਮੈਦਾਨੇ-ਜੰਗ 'ਚ ਜ਼ਖ਼ਮੀ ਹੋਏ ਸਿਪਾਹੀਆਂ ਨੂੰ ਬਿਨਾਂ ਭੇਦ-ਭਾਵ ਤੋਂ ਮਰਹੱਮ-ਪੱਟੀ ਵੀ ਕਰੀ ਜਾ।

ਜਿੱਥੇ ਪ੍ਰੇਮ-ਪਿਆਰ ਹੋਵੇ, ਉੱਥੇ ਮੇਰ, ਤੇਰ, ਸਵਾਰਥ, ਲੋਭ, ਮੋਹ ਤੇ ਤ੍ਰਿਸ਼ਨਾ ਤਾਂ ਕਦੇ ਵੀ ਨਹੀਂ ਹੋ ਸਕਦੀ। ਪ੍ਰੋ. ਪੂਰਨ ਸਿੰਘ ਲਿਖਦੇ ਹਨ: ਪਿਆਰ ਦਾ ਇੱਕ ਅਚਰਜ ਕੌਤਕ ਹੈ ਕਿ ਜਿੱਥੇ ਹੋਵੇ, ਉੱਥੇ ਆਪਣੀ ਜਿੰਦ, ਜਾਨ, ਰੂਹ ਸਭ ਕੁਛ ਪਿਆਰੇ ਦੇ ਹਵਾਲੇ ਕਰਨ ਲਈ ਦਿਲ ਕਰਦਾ ਹੈ ਅਤੇ ਬਿਹਬਲ ਹੋ ਪਿਆਰ ਦੇ ਹਵਾਲੇ ਸਾਰਾ ਆਪਾ ਤੇ ਸਭ ਕੁਝ ਕਰ ਦਿੱਤਾ ਜਾਂਦਾ ਹੈ। ਜਦੋਂ ਸਭ ਕੁਝ ਪ੍ਰੇਮ ਵਿੱਚ ਮਹਿਬੂਬ ਅੱਗੇ ਨਿਛਾਵਰ ਕਰ ਦਿੱਤਾ ਜਾਵੇ ਤਾਂ ਮਹਿਬੂਬ ਦਾ ਵੀ ਬਿਰਦ ਹੈ ਕਿ ਉਹ ਪ੍ਰੇਮੀ ਨੂੰ ਦੁਨੀਆ ਸਾਹਮਣੇ ਨੀਵਾਂ ਨਹੀਂ ਹੋਣ ਦਿੰਦਾ। ਮਹਿਬੂਬ ਖ਼ੁਦ ਪ੍ਰੇਮ ਪਟੋਲਾ ਬਣ ਕੇ ਪ੍ਰੇਮੀ ਦੀ ਲਾਜ-ਪੱਤ ਰੱਖਦਾ ਹੈ।

ਪ੍ਰੇਮ ਇੱਕ ਬੇਨਜ਼ੀਰ ਅਹਿਸਾਸ ਹੈ। ਪ੍ਰੇਮ ਸਵਾਰਥ ਨਹੀਂ ਕੁਰਬਾਨੀ ਸਿਖਾਉਂਦਾ ਹੈ। ਅੱਜ-ਕੱਲ੍ਹ ਅਕਸਰ ਕਿਤੇ ਨਾ ਕਿਤੇ ਅਖ਼ਬਾਰਾਂ 'ਚ ਸੁਰਖੀ ਪੜ੍ਹਨ ਨੂੰ ਮਿਲ ਜਾਂਦੀ ਹੈ, ਇਕਤਰਫ਼ਾ ਪਿਆਰ 'ਚ ਅੰਨ੍ਹੇ ਪ੍ਰੇਮੀ ਨੇ ਕੁੜੀ ਦੀ ਜਾਨ ਲਈ। ਜਾਨ ਲੈਣ ਵਾਲਾ ਪ੍ਰੇਮੀ ਨਹੀਂ ਹੋ ਸਕਦਾ। ਇਸ ਨੂੰ ਅਸੀਂ ਵਾਸ਼ਨਾਵਾਂ ਦੀ ਪ੍ਰਬਲਤਾ ਆਖ ਸਕਦੇ ਹਾਂ। ਅਜਿਹੇ ਘਿਨਾਉਣੇ ਵਰਤਾਰਿਆਂ ਨੂੰ ਪ੍ਰੇਮ ਦਾ ਲਕਬ ਦੇ ਕੇ ਪ੍ਰੇਮ ਨੂੰ ਬਦਨਾਮ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪ੍ਰੇਮੀ ਤਾਂ ਪਿਆਰੇ ਤੋਂ ਫ਼ਨਾਹ ਹੋ ਜਾਂਦਾ ਹੈ, ਜਿਵੇਂ ਪਤੰਗਾ ਸ਼ਮ੍ਹਾਂ ਤੋਂ ਕੁਰਬਾਨ ਹੁੰਦਾ ਹੈ। ਪਤੰਗੇ ਨੂੰ ਪਤਾ ਹੁੰਦਾ ਹੈ ਕਿ ਉਹ ਸ਼ਮ੍ਹਾਂ ਦੇ ਨੇੜੇ ਜਾਵੇਗਾ ਤਾਂ ਖ਼ਾਕ ਹੋ ਜਾਵੇਗਾ, ਪਰ ਪ੍ਰੇਮ ਹੀ ਹੈ, ਜਿਸ ਨੇ ਉਸ ਨੂੰ ਸ਼ਮ੍ਹਾ ਨਾਲ ਮੁਹੱਬਤ ਤੋਂ ਕੁਰਬਾਨ ਹੋਣਾ ਸਿਖਾਇਆ ਹੈ।

ਪ੍ਰੇਮ ਅਨਮੋਲ ਵਸਤ ਹੈ। ਇਹ ਵਸਤ ਤਿਆਗ ਅਤੇ ਸਮਰਪਣ ਨਾਲ ਹੀ ਹਾਸਿਲ ਕੀਤੀ ਜਾ ਸਕਦੀ ਹੈ। ਦੁਨੀਆਂ ਦੀ ਹਰ ਵਸਤੂ, ਹਰ ਸ਼ੈਅ ਪਦਾਰਥਕ-ਅਮੀਰੀ ਦੇ ਨਾਲ ਖਰੀਦੀ ਜਾ ਸਕਦੀ ਹੈ, ਪਰ ਇੱਕ ਪ੍ਰੇਮ ਹੀ ਹੈ, ਜਿਹੜਾ ਸਿਰਫ਼ ਗਰੀਬੀ ਦੇ ਵੱਸ ਆਉਂਦਾ ਹੈ। ਮਨ ਦੀ ਗ਼ਰੀਬੀ ਦੇ ਅਤੇ ਕੁਰਬਾਨੀ ਦੇ। ਅੱਜ ਅਸੀਂ ਧਨ-ਦੌਲਤਾਂ ਨਾਲ ਪ੍ਰੇਮ ਨੂੰ ਵੱਸ 'ਚ ਕਰਨ ਤੁਰ ਪਏ ਹਾਂ। ਰੱਬ ਦੇ ਦਰ 'ਤੇ ਮਹਿੰਗੀਆਂ ਵਸਤਾਂ ਭੇਟਾ ਕਰਵਾ ਕੇ ਉਸ ਦਾ ਪ੍ਰੇਮ ਹਾਸਿਲ ਕਰਨ ਦਾ ਮੁਗਾਲਤਾ ਪਾਲੀ ਬੈਠੇ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਸਾਡੇ ਭਰਮ ਨੂੰ ਤੋੜਦੇ ਹਨ :

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੂ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥ (ਅੰਗ :1363)

ਪ੍ਰੇਮ ਅਜਿਹੀ ਅਨਮੋਲ ਦਾਤ ਹੈ, ਜਿਸ ਨੂੰ ਧਨ-ਦੌਲਤਾਂ ਦੇ ਛਾਬੇ 'ਚ ਨਹੀਂ ਤੋਲਿਆ ਜਾ ਸਕਦਾ। ਜੇਕਰ ਧਨ-ਦੌਲਤ ਦੇ ਵਟਾਂਦਰੇ 'ਚ ਪ੍ਰੇਮ ਮਿਲਦਾ ਹੁੰਦਾ ਤਾਂ ਬੇਅੰਤ ਧਨ-ਦੌਲਤਾਂ ਦੇ ਮਾਲਕ ਲੰਕਾਪਤੀ ਰਾਵਣ ਨੂੰ, ਸ਼ਿਵ ਜੀ ਦੀ ਖ਼ੁਸ਼ੀ ਹਾਸਿਲ ਕਰਨ ਲਈ ਗਿਆਰਾਂ ਵਾਰੀ ਆਪਣੇ ਸਿਰ ਕੱਟ ਕੇ ਭੇਟਾ ਕਰਨ ਦੀ ਕੀ ਲੋੜ ਸੀ?

ਪ੍ਰੇਮ ਬੜਾ ਬਖ਼ਸ਼ਿੰਦ ਵੀ ਹੈ। ਭੁੱਲਿਆਂ ਨੂੰ ਗਲ ਨਾਲ ਲਾਉਂਦਾ ਹੈ। ਉਹ ਪਤਿਤਾਂ ਦਾ ਉਧਾਰ ਕਰ ਦਿੰਦਾ ਹੈ। ਹੰਕਾਰੀਆਂ ਦੇ ਹੰਕਾਰ ਤੋੜ ਦਿੰਦਾ ਹੈ। ਆਪਣੇ ਆਪ ਨੂੰ ਬੜਾ ਵੱਡਾ ਸੂਰਬੀਰ ਯੋਧਾ ਸਮਝਣ ਵਾਲੇ, ਔਰੰਗਜ਼ੇਬ ਦੇ ਸੈਨਾਪਤੀ ਸੈਦ ਖਾਂ ਦੇ ਹੰਕਾਰ ਦੇ ਗੜ੍ਹ ਦਸਮੇਸ਼ ਪਿਤਾ ਦੇ ਨੈਣਾਂ ਦੇ ਪ੍ਰੇਮ ਤੀਰਾਂ ਨੇ ਤੋੜੇ ਸਨ। ਅਨੰਦਪੁਰ ਦੇ ਕਿਲ੍ਹੇ 'ਤੇ ਫ਼ਤਹਿ ਪਾਉਣ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ਿੰਦਾ ਫੜ ਕੇ ਦਿੱਲੀ ਲਿਆਉਣ ਦਾ ਸੁਪਨਾ ਦੇਖ ਸੈਦ ਖਾਂ ਔਰੰਗਜ਼ੇਬ ਦੇ ਥਾਪੜੇ ਨਾਲ ਲਾਮ-ਲਸ਼ਕਰ ਸਮੇਤ ਅਨੰਦਪੁਰ ਦੀ ਧਰਤੀ 'ਤੇ ਜੰਗ ਦੇ ਮੈਦਾਨ 'ਚ ਪੁੱਜਿਆ। ਆਪਣੀ ਜਵਾਨੀ ਅਤੇ ਬਹਾਦਰੀ 'ਤੇ ਘਮੰਡ ਕਰਨ ਵਾਲੇ ਪਠਾਣ ਦੇ ਮਨ 'ਚ ਫ਼ੁਰਨਾ ਆਇਆ, ਜੇ ਸੱਚੀਂ ਸਿੱਖਾਂ ਦਾ ਗੁਰੂ ਘਟ-ਘਟ ਦੀ ਜਾਣਨ ਵਾਲਾ ਹੈ ਤਾਂ ਮੇਰੇ ਸਾਹਮਣੇ ਆ ਕੇ ਮੇਰਾ ਮੁਕਾਬਲਾ ਕਰੇ। ਉਸੇ ਵੇਲੇ ਆਪਣੇ ਘੋੜੇ 'ਤੇ ਅਸਵਾਰ ਹੋ ਕੇ ਚੋਜੀ ਪ੍ਰੀਤਮ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਨੂੰ ਚੀਰਦੇ ਹੋਏ, ਦੁਸ਼ਮਣਾਂ ਦੇ ਸੈਨਾਪਤੀ ਦੇ ਸਾਹਮਣੇ ਆ ਕੇ ਲਲਕਾਰੇ, ਸੈਦ ਖਾਂ... ਮੈਂ ਆ ਗਿਆ, ਆਪਣਾ ਆਪ ਸੰਭਾਲ ਅਤੇ ਪਹਿਲਾਂ ਆਪਣਾ ਵਾਰ ਕਰ ਲੈ, ਮਤੇ ਕੋਈ ਹਿਰਖ ਨਾ ਰਹਿ ਜਾਏ। ਸੈਦ ਖਾਂ ਨੇ ਆਪਣਾ ਤੀਰ-ਕਮਾਨ ਸੰਭਾਲਿਆ। ਸ਼ਿਸ਼ਤ ਬੰਨ੍ਹ ਕੇ ਚਿਲਾ ਚੜ੍ਹਾਉਣ ਲੱਗਾ ਤਾਂ ਗੁਰੂ ਪਾਤਿਸ਼ਾਹ ਦੇ ਜਾਹੋ-ਜਲਾਲ ਭਰੇ ਚਿਹਰੇ ਵੱਲ ਤੱਕਿਆ। ਉਨ੍ਹਾਂ ਦੀਆਂ ਨੂਰੀ ਅੱਖਾਂ ਦੇ ਨਾਲ ਅੱਖਾਂ ਮਿਲਾਈਆਂ। ਉਨ੍ਹਾਂ ਸੁੰਦਰ ਅੱਖਾਂ ਨੇ ਅਜਿਹੇ ਖਿੱਚ ਕੇ ਪ੍ਰੇਮ ਤੀਰ ਮਾਰੇ ਕਿ ਉਸ ਦਾ ਹਿਰਦਾ ਵਿੰਨ੍ਹਿਆ ਗਿਆ। ਦਰਸ਼ਨ ਕਰਕੇ ਠੰਢਾ ਠਾਰ ਹੋ ਗਿਆ। ਸੱਚੇ ਪਾਤਿਸ਼ਾਹ ਦੇ ਚਰਨੀਂ ਲੱਗਣ ਲਈ ਅੱਗੇ ਵਧਿਆ ਤਾਂ ਦਸਮੇਸ਼ ਪਿਤਾ ਕਹਿਣ ਲੱਗੇ, ਸੈਦ ਖਾਂ ਇਹ ਮੈਦਾਨੇ-ਜੰਗ ਹੈ। ਮੈਂ ਤੇਰਾ ਇਰਾਦਾ ਵੇਖ ਕੇ ਸਾਰੀ ਫ਼ੌਜ ਨੂੰ ਚੀਰ ਕੇ ਤੇਰੇ ਕੋਲ ਪੁੱਜਾ ਹਾਂ, ਤੂੰ ਮੇਰੇ ਉਤੇ ਵਾਰ ਕਿਉਂ ਨਹੀਂ ਕਰਦਾ? ਗੁਰੂ ਪਾਤਸ਼ਾਹ ਦੇ ਰੱਬੀ ਜੋਤਿ ਨੈਣਾਂ ਦਾ ਡੰਗਿਆ ਸੈਦ ਖਾਂ ਬੋਲਿਆ 'ਸੱਚੇ ਸਾਈਂ! ਮੈਨੂੰ ਇਹ ਨਹੀਂ ਸੀ ਪਤਾ ਕਿ ਪ੍ਰੇਮ ਨਜ਼ਰ ਦਾ ਵਾਰ ਇਤਨਾ ਤਿੱਖਾ ਹੈ ਕਿ ਜ਼ਖ਼ਮ ਦੀ ਥਾਂ ਮੇਰੇ ਸੀਨੇ ਦੀ ਬਲਦੀ ਅਗਨੀ ਨੂੰ ਸ਼ਾਂਤ ਕਰ ਦੇਵੇਗਾ। ਤੇਰੀ ਇਸ ਤੱਕਣੀ ਨੇ ਮੇਰਾ ਜਨਮਾਂ-ਜਨਮਾਂਤਰਾਂ ਦਾ ਹੰਕਾਰ ਤੋੜ ਕੇ ਰੱਖ ਦਿੱਤਾ ਹੈ। ਵਲੀ ਅਲਾਹ! ਮੈਨੂੰ ਬਖ਼ਸ਼ ਦਿਓ, ਮੈਨੂੰ ਮੁਆਫ਼ ਕਰ ਦਿਓ। (ਬਾਕੀ ਸਫ਼ਾ 31 'ਤੇ)

# ਹਕੂਮਤ ਨਾਲ ਲੜਾਈਆਂ ਦਾ ਮੁੱਢ ਬੰਨਣ ਵਾਲੇ 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ'



ਡਾ.ਚਰਨਜੀਤ ਸਿੰਘ
ਗੁਮਟਾਲਾ
9417533060

ਸਿੱਖ ਇਤਿਹਾਸਕਾਰਾਂ ਨੇ ਆਮ ਤੌਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਤਰੀਕ 19 ਜੂਨ ਸੰਨ 1595 ਮੰਨੀ ਹੈ ਪਰ ਭੱਟ ਵਹੀਆਂ, ਜਿਨ੍ਹਾਂ ਨੂੰ ਕੁਝ ਇਤਿਹਾਸਕਾਰ ਸਭ ਤੋਂ ਪੁਰਾਣੇ ਸ੍ਰੋਤ ਮੰਨਦੇ ਹਨ, ਨੇ ਇਹ ਮਿਤੀ 19 ਜੂਨ 1590 ਮੰਨੀ ਹੈ। ਪ੍ਰੋ. ਪਿਆਰਾ ਸਿੰਘ ਪਦਮ, ਡਾ. ਹਰਜਿੰਦਰ ਸਿੰਘ ਦਿਲਗੀਰ, ਮਹਿੰਦਰ ਸਿੰਘ ਜੋਸ਼ ਆਦਿ ਨੇ ਭੱਟ ਵਹੀਆਂ ਦੀ ਤਰੀਕ ਨੂੰ ਮੰਨਿਆ ਹੈ। ਡਾ. ਸੁਖਦਿਆਲ ਸਿੰਘ ਨੇ ਵੀ ਸੰਨ 1590 ਮੰਨਿਆ ਹੈ। ਕੇਸਰ ਸਿੰਘ ਛਿੱਬਰ ਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ' ਵਿੱਚ ਵੀ ਇਸ ਤਰੀਕ ਨੂੰ ਠੀਕ ਮੰਨਿਆ ਹੈ। ਆਪ ਦੇ ਪਿਤਾ ਜੀ ਦਾ ਨਾਂ ਗੁਰੂ ਅਰਜਨ ਸਾਹਿਬ ਤੇ ਮਾਤਾ ਦਾ ਨਾਂ ਮਾਤਾ ਗੰਗਾ ਜੀ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਜੇਠ ਚੌਥ, ਸੰਮਤ 1663 ਬਿਕਰਮੀ ਮੁਤਾਬਕ 30 ਮਈ 1606 ਈ. ਨੂੰ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਸ਼ਹਾਦਤ ਸਿੱਖ ਲਹਿਰ ਲਈ ਇੱਕ ਬਹੁਤ ਵੱਡੀ ਚੁਣੌਤੀ ਸੀ, ਜਿਸ ਨੂੰ ਆਪ ਨੇ ਸਵੀਕਾਰ ਕੀਤਾ। ਆਪ ਨੇ ਆਪਣਾ ਗੁਰਿਆਈ ਤਿਲਕ ਤਖ਼ਤ 'ਤੇ ਬੈਠ ਕੇ ਧਾਰਨ ਕੀਤਾ। ਗੁਰਿਆਈ ਤਿਲਕ ਤਖ਼ਤ 'ਤੇ ਬੈਠ ਕੇ ਧਾਰਨ ਕਰਨ ਤੋਂ ਭਾਵ ਸੀ ਕਿ ਹਕੂਮਤ ਦੀ ਕਾਰਵਾਈ ਦਾ ਜਵਾਬ ਉਸ ਦੀ ਆਪਣੀ ਬੋਲੀ ਵਿੱਚ ਦੇਣਾ ਸੀ। ਜੇ ਹਕੂਮਤ ਨੇ ਸੋਚਿਆ ਸੀ ਕਿ ਇਹ ਲਹਿਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਦੱਬ ਜਾਵੇਗੀ ਤਾਂ ਆਪ ਜੀ ਦਾ ਜਵਾਬ ਸੀ ਕਿ ਅੱਗੇ ਤੋਂ ਇਹ ਸਿੱਖ ਲਹਿਰ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿੱਖ ਸਮਾਜ ਦੇ ਆਤਮਨਿਰਣੈ ਦੀ ਸ਼ਕਤੀ ਵੀ ਧਾਰਨ ਕਰੇਗੀ। ਉਨ੍ਹਾਂ ਨੇ ਦੋ ਕ੍ਰਿਪਾਨਾਂ ਧਾਰਨ ਕੀਤੀਆਂ, ਇੱਕ ਧਾਰਮਿਕ ਸ਼ਕਤੀ ਦੀ ਤੇ ਦੂਜੀ ਆਤਮਨਿਰਣੈ ਦੀ। ਸਿੱਖ ਪੰਥ ਵਿੱਚ ਇਸ ਨੂੰ ਮੀਰੀ ਪੀਰੀ ਦਾ ਸੰਕਲਪ ਕਿਹਾ ਜਾਂਦਾ ਹੈ। ਦੋ ਕ੍ਰਿਪਾਨਾਂ ਤੋਂ ਇਲਾਵਾ ਆਪ ਜੀ ਨੇ ਕਈ ਹੋਰ ਚਿੰਨ ਵੀ ਧਾਰਨ ਕੀਤੇ ਜਿਵੇਂ ਕਿ ਸੀਸ ਉਪਰ ਕਲਗੀਆਂ ਵਾਲੀ ਦਸਤਾਰ ਪਹਿਨਣਾਂ, ਸੀਸ ਉਪਰ ਛਤਰ ਝੁਲਾਉਣਾ, ਹਥਿਆਰਬੰਦ ਸਿੱਖ ਘੋੜ ਸੁਆਰ ਖੜੇ ਕਰਨਾ, ਨਗਾਰਾ ਵਜਾਉਣਾ, ਅਕਾਲ ਤਖ਼ਤ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਆਦਿ।

ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਹਾੜ ਸੁਦੀ ਪੰਚਮੀ, ਸੰਮਤ 1763 ਬਿ. ਮੁਤਾਬਕ 15 ਜੂਨ 1606 ਈ. ਵਿੱਚ ਕੀਤੀ ਗਈ। ਇਸ ਮਹਾਨ ਸੰਸਥਾ ਦੀ ਨੀਂਹ ਰੱਖਣ ਦੀ ਰਸਮ ਅਤੇ ਇਸ ਦੀ ਸਾਰੀ ਉਸਾਰੀ ਆਪ ਜੀ ਨੇ ਖ਼ੁਦ ਕੀਤੀ। ਆਪ ਜੀ ਦੀ ਸਹਾਇਤਾ ਕਰਨ ਵਾਲੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਨ।

ਗੁਰਿਆਈ ਤਿਲਕ ਲਾਉਣ ਲਈ ਹਦਾਇਤਾਂ ਮੁਤਾਬਕ ਇੱਕ ਉੱਚੇ ਥੜੇ ਦੀ ਸਥਾਪਨਾ ਕੀਤੀ ਗਈ। ਇਸ ਥੜੇ ਦਾ ਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਰੱਖਿਆ ਗਿਆ। ਇਸ ਨੂੰ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਲੋਕ ਸ਼ਕਤੀ ਦਾ ਪ੍ਰਤੀਕ ਅਤੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਦਾ ਪ੍ਰਤੀਕ ਸਮਝਿਆ ਗਿਆ ਸੀ।

ਇਸ ਤਖ਼ਤ ਉੱਪਰ ਬੈਠ ਕੇ ਸਭ ਤੋਂ ਪਹਿਲਾ ਐਲਾਨ ਇਹ ਕੀਤਾ ਗਿਆ ਕਿ ਜੋ ਵੀ ਸਿੱਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਵੇ ਉਹ ਹਥਿਆਰਬੰਦ ਅਤੇ ਘੋੜ ਸੁਆਰ ਹੋ ਕੇ ਹੀ ਆਵੇ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਛੇਤੀ ਹੀ ਸੈਂਕੜਿਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਸਮੁੱਚੇ ਹਥਿਆਰਬੰਦ ਸਿੱਖਾਂ ਨੂੰ ਚਾਰ ਜੱਥਿਆਂ ਵਿੱਚ ਜੱਥੇਬੰਦ ਕੀਤਾ ਗਿਆ। ਇਨ੍ਹਾਂ ਚਾਰ ਜੱਥਿਆਂ ਦੇ ਜਥੇਦਾਰ ਸਨ : ਭਾਈ ਬਿਧੀ ਚੰਦ, ਪੈਂਦੇ ਖਾਂ, ਭਾਈ ਪਿਰਾਨਾ ਅਤੇ ਭਾਈ ਜੇਠਾ। ਕੁਝ ਲਿਖਤਾਂ ਵਿੱਚ ਇਨ੍ਹਾਂ ਜੱਥਿਆਂ ਦੀ ਗਿਣਤੀ ਪੰਜ ਦੱਸੀ ਗਈ ਹੈ। ਪੰਜਵੇਂ ਜੱਥੇ ਦੀ ਜੱਥੇਦਾਰੀ ਭਾਈ ਲੰਗਾਹਾ ਕੋਲ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜਿਹੜੇ ਧਾਰਨ ਕੀਤੀਆਂ ਗਈਆਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਵਾਂਗ ਹੀ ਅਧਿਆਤਮਿਕ ਅਤੇ ਸੰਸਾਰਿਕ ਸ਼ਕਤੀ ਦੀ ਸੁਮੇਲਤਾ ਅਤੇ ਅੰਤਰ ਸੰਬੰਧਤਾ ਦੇ ਪ੍ਰਤੀਕ ਸਨ। ਸਿੱਖ ਸੰਗਤਾਂ ਦੇ ਸਵੇਰੇ ਸ਼ਾਮ ਦਰਬਾਰ ਲਗਾਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਦਰਬਾਰਾਂ ਵਿੱਚ ਸਿੱਖਾਂ ਦੇ ਆਪਣੇ ਮਸਲੇ ਸੁਣੇ ਜਾਂਦੇ ਸਨ ਅਤੇ ਨਿਬੇੜੇ ਜਾਂਦੇ ਸਨ, ਬੀਰ-ਰਸ ਭਰਪੂਰ ਵਾਰਾਂ ਸੁਣਾਈਆਂ ਜਾਂਦੀਆਂ। ਬਾਹਰਲੇ ਰਾਜਿਆਂ ਮਹਾਰਾਜਿਆਂ ਵੱਲੋਂ ਭੇਜੇ ਗਏ ਦੂਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਜਾਂਦਾ ਅਤੇ ਸਿੱਖਾਂ ਨੂੰ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਡੱਟਣ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਸਰਬਉੱਚ ਨੇਤਾ ਦੇ ਰੂਪ ਵਿੱਚ ਸਾਹਮਣੇ ਆਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਬਉੱਚ ਅਦਾਲਤੀ ਅਸਥਾਨ ਬਣ ਕੇ ਸਾਹਮਣੇ ਆਇਆ। ਇਸ ਨਾਲ ਸਿੱਖ ਜਗਤ ਦੇ ਮਨਾਂ ਵਿੱਚ ਆਤਮ ਸ਼ਾਸਨ ਦਾ ਗਯਾਨ ਹੋਣਾ ਸ਼ੁਰੂ ਹੋ ਗਿਆ ਅਤੇ ਦਿੱਲੀ ਤਖ਼ਤ ਦੇ ਮੁਕਾਬਲੇ 'ਤੇ ਇੱਕ ਵਿਸ਼ੇਸ਼ ਕਿਸਮ ਦੀ ਰਾਜਨੀਤਿਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ।

ਅੰਮ੍ਰਿਤਸਰ ਨਗਰ ਦੀ ਚਹੁੰ-ਤਰਫੋਂ ਕਿਲਾਬੰਦੀ ਕੀਤੀ ਗਈ ਤਾਂ ਕਿ ਕੋਈ ਗੁਰੂ ਘਰ ਦਾ ਦੋਖੀ ਨਗਰ ਉਪਰ ਅਚਾਨਕ ਹਮਲਾ ਨਾ ਕਰ ਸਕੇ। ਲੋਹਗੜ੍ਹ ਨਾਮੀਂ ਇੱਕ ਕਿਲ੍ਹਾ ਤਿਆਰ ਕੀਤਾ ਗਿਆ ਜਿੱਥੇ ਗੁਰੂ ਜੀ ਦੇ ਘੋੜ ਸੁਆਰ ਸਿੱਖ ਰਿਹਾ ਕਰਦੇ ਸਨ। ਇਹ ਸਭ ਤਿਆਰੀਆਂ ਗੁਰਿਆਈ ਤਿਲਕ ਧਾਰਨ ਕਰਨ ਦੇ ਤੁਰੰਤ ਬਾਅਦ ਹੀ ਕੀਤੀਆਂ ਗਈਆਂ ਸਨ।

:ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਲੜਾਈਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੜਾਈਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਨਹੀਂ ਹੋਈਆਂ ਸਗੋਂ ਉਸ ਸਮੇਂ ਹੋਈਆਂ ਸਨ ਜਦੋਂ ਸਿੱਖ ਜਗਤ ਆਪਣੇ ਸ਼ਹੀਦ ਗੁਰੂ ਦੀ ਸ਼ਹਾਦਤ ਦੇ ਗ਼ਮ ਵਿੱਚੋਂ ਸੰਭਲ ਕੇ ਧਰਮ ਪ੍ਰਚਾਰ ਵਿੱਚ ਲੱਗਾ ਹੋਇਆ ਸੀ। ਬਾਦਸ਼ਾਹ ਜਹਾਂਗੀਰ ਦਾ ਪਿਛਲਾ ਸਾਰਾ ਸਮਾਂ ਗੁਰੂ ਘਰ ਪ੍ਰਤੀ ਦੋਸਤਾਨਾ ਸੀ। ਪਰ ਉਸ ਦੀ ਮੌਤ ਬਾਅਦ ਜਦੋਂ ਉਸ ਦਾ ਪੁੱਤਰ ਸ਼ਾਹ ਜਹਾਨ ਬਾਦਸ਼ਾਹ ਬਣਿਆ ਤਾਂ ਗੁਰੂ ਸਾਹਿਬ ਨੂੰ ਲੜਾਈਆਂ ਦਾ ਸਾਮ੍ਹਾਂ ਦੇਖਣਾ ਪਿਆ। ਇਹ ਲੜਾਈਆਂ ਉਸ ਦੇ ਮੁੱਢਲੇ ਸਮੇਂ ਵਿੱਚ ਹੀ ਹੋਈਆਂ ਸਨ। ਸ਼ਾਹ ਜਹਾਨ 1627 ਈ. ਵਿੱਚ ਗੱਦੀ 'ਤੇ ਬੈਠਾ ਸੀ ਅਤੇ ਗੁਰੂ ਜੀ ਨੂੰ ਪਹਿਲੀ ਲੜਾਈ 1629 ਈ. ਵਿੱਚ ਕਰਨੀ ਪਈ ਸੀ। ਬਾਦਸ਼ਾਹ ਪੰਜਾਬ ਤੋਂ ਦੂਰ ਸੀ ਅਤੇ ਪੰਜਾਬ ਦੇ ਅਧਿਕਾਰੀ ਆਪਣੀ ਮਨਮਾਨੀ ਕਰਦੇ ਸਨ। ਜਦੋਂ ਬਾਦਸ਼ਾਹ ਪੰਜਾਬ ਵਿੱਚ ਆਇਆ ਸੀ ਤਾਂ ਗੁਰੂ ਜੀ ਨੂੰ ਵੀ ਕੋਈ ਲੜਾਈ ਨਹੀਂ ਕਰਨੀ ਪਈ ਸੀ।

ਦੇਖਿਆ ਗਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੋਟੀਆਂ ਜਾਂ ਵੱਡੀਆਂ ਤਕਰੀਬਨ ਚਾਰ ਚੜ੍ਹਾਈਆਂ ਕਰਨੀਆਂ ਪਈਆਂ ਸਨ।

ਗੁਰੂ ਸਾਹਿਬ ਦਾ ਮਨੋਰਥ ਜਾਂ ਉਦੇਸ਼ ਆਪਣੇ ਸਮਾਜ ਦੀ ਸੁਤੰਤਰ ਹੋਂਦ ਬਣਾ ਕੇ ਰੱਖਣ ਦਾ ਸੀ। ਇਸੇ ਮਨੋਰਥ ਦੀ ਪੂਰਤੀ ਲਈ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਵੀ ਭੁਗਤਣੀ ਪਈ ਸੀ। ਇਹ ਸੁਤੰਤਰ ਹੋਂਦ ਰਾਜਨੀਤਕ ਤਾਕਤ ਹਾਸਲ ਕਰਨ ਦੀ ਗੱਲ ਨਹੀਂ ਸੀ ਅਤੇ ਨਾ ਹੀ ਰਾਜਨੀਤਕ ਬਗ਼ਾਵਤ ਸੀ। ਇਹ ਨਿਰੋਲ ਮੁਗ਼ਲ ਹਕੂਮਤ ਦੇ ਪ੍ਰਬੰਧ ਹੇਠ ਸਿੱਖ ਸਮਾਜ ਦੀ ਅੰਦਰੂਨੀ ਖ਼ੁਦਮੁਖ਼ਤਿਆਰੀ ਦੀ ਭਾਵਨਾ ਸੀ। ਜਦੋਂ ਜਹਾਂਗੀਰ ਨੂੰ ਇਸ ਬਾਰੇ ਯਕੀਨ ਹੋ ਗਿਆ ਸੀ ਤਾਂ ਉਸ ਦਾ ਰਵੱਈਆ ਵੀ ਗੁਰੂ ਜੀ ਪ੍ਰਤੀ ਦੋਸਤਾਨਾ ਹੋ ਗਿਆ ਸੀ। ਕੁਝ ਸਮੇਂ ਬਾਅਦ ਜਦੋਂ ਸ਼ਾਹ ਜਹਾਨ ਵੀ ਆਪਣੇ ਪੈਰਾਂ 'ਤੇ ਪੱਕਾ ਹੋ ਗਿਆ ਸੀ ਤਾਂ ਉਸ ਨੇ ਵੀ ਧਾਰਮਿਕ ਕੱਟੜਤਾ ਛੱਡ ਦਿੱਤੀ ਸੀ ਅਤੇ ਇਸ ਸਮੇਂ ਕਿਸੇ ਮੁਗ਼ਲ ਅਧਿਕਾਰੀ ਦੀ ਵੀ ਗੁਰੂ ਜੀ ਉੱਪਰ ਹਮਲਾ ਕਰਨ ਦੀ ਹਿੰਮਤ ਨਹੀਂ ਪਈ ਸੀ।

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੀਆਂ ਲੜਾਈਆਂ ਨਾਲ ਸ਼ਾਹ ਜਹਾਨ ਦਾ ਕੋਈ ਸੰਬੰਧ ਨਹੀਂ ਸੀ। ਇਹ ਨਿਰੋਲ ਸਥਾਨਕ ਅਧਿਕਾਰੀਆਂ ਜਾਂ ਚੌਧਰੀਆਂ ਵੱਲੋਂ ਆਪਣੀ ਈਰਖਾ ਕਾਰਨ ਕੀਤੀਆਂ ਗਈਆਂ ਸਨ। ਗੁਰੂ ਜੀ ਨੇ ਸਿਰਫ਼ ਆਤਮ ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਜਦੋਂ ਹੀ ਉਨ੍ਹਾਂ ਦੀ ਆਤਮ ਰੱਖਿਆ ਯਕੀਨੀ ਹੋ ਗਈ ਤਾਂ ਉਨ੍ਹਾਂ ਨੇ ਵੀ ਤਲਵਾਰ ਨੂੰ ਰੱਖ ਕੇ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਾ ਬੰਦਾ ਸਿੰਘ ਬਹਾਦਰ

ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿੱਚ ਕ੍ਰਿਤ ਕਰੋ, ਨਾਮੁ ਜਪੋ ਤੇ ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਸੱਚੇ ਸੰਦੇਸ਼ ਸਰਵਣ ਕਰਕੇ, ਦੂਜੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿੱਚ ਆਏ। ਪੰਗਤ ਸੰਗਤ ਵਿੱਚ ਬੈਠ ਕੇ ਸਾਂਝੇ ਲੰਗਰ ਛੱਕਣਾ ਇਹ ਇੱਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚਲਤ ਝੂਠੇ ਕਰਮਕਾਂਡਾ, ਬੇਲੋੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ, ਸਮਾਜ ਨੂੰ ਇੱਕ ਸੱਚੀ ਦਿਸ਼ਾ ਪਰਮਾਤਮਾ ਦੇ ਰਾਹ ਤੋਰਿਆ। ਮਨੁੱਖ ਨੂੰ ਨਿਰਭਓ ਨਿਰਵੈਰ ਬਣਾ ਕੇ ਸੱਚ ਲਈ ਚੱਲਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇੱਕ ਕਰਕੇ ਜੋੜਿਆ। ਸਮਾਜਿਕ ਰਾਜਨੀਤਿਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਨਰੋਏ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ 'ਤੇ ਖ਼ਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਅਤੇ ਸਵੈ ਰੱਖਿਆ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਵੇਲੇ ਬੰਦਾ ਸਿੰਘ ਬਹਾਦਰ ਜੀ ਨੂੰ ਸੰਘਰਸ਼ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਖ਼ਾਲਸਾ ਦੀ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖ਼ਾਲਸਾ ਫ਼ੌਜ ਨੂੰ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇੱਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਮ ਲਛਮਣ ਦਾਸ ਸੀ। ਉਸ ਦੇ ਕੋਲ ਦੁਨਿਆਵੀਂ ਹਿਸਾਬੀ ਵਿਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿੱਚ ਹੀ ਇੱਕ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਣ ਲੱਗੀ ਤੇ 15 ਸਾਲ ਦੀ ਉਮਰ ਵਿੱਚ ਬੈਰਾਗੀ ਹੋ ਗਿਆ। ਉਸ ਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਉਂ ਬਦਲ ਕੇ ਮਾਧੋਦਾਸ ਰੱਖ ਦਿੱਤਾ।

ਮਾਧੋਦਾਸ ਨੇ ਨੰਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ। ਉਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗ ਪਿਆ। ਮਾਧੋਦਾਸ ਦੀਆਂ ਚਲਾਕ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸ ਦੇ ਡੇਰੇ ਜਾ ਮਿਲੇ। ਮਾਧੋਦਾਸ ਗੁਰੂ ਜੀ ਦੀ ਸ਼ਖਸ਼ੀਅਤ ਦਾ ਤੇਜ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਦਾ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਇਸ ਬੰਦੇ 'ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇੱਕ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਜਾਣ ਲਿਆ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ। ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਬੰਦਾ ਸਿੰਘ ਨਾਉਂ ਦਿੱਤਾ ਤੇ ਸਨਮਾਨ ਵਜੋਂ ਬਹਾਦਰ ਨਾਲ ਜੋੜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇਂ ਸਨ ਪਰ ਫੁਰਤੀਲੇ ਬਹੁਤ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਸੀ। ਜਿਸ ਨੇ ਜੰਗਾਂ ਵਿੱਚ ਕਮਾਲ ਕੀਤਾ। ਉਹਨਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰਾਂ ਨੇ ਉਹਨਾਂ ਨੂੰ ਸਿੱਖੀ ਦੇ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂੰ ਕਰਵਾਇਆ ਤਾਂ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ ਲਈ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਦਾ ਉਤਮ ਕਾਰਜ ਹੈ। ਗੁਰਾਂ ਨੇ ਉਹਨਾਂ ਨੂੰ ਖ਼ਾਲਸਾ ਜਥੇਦਾਰ ਦੀ ਜ਼ਿਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰਾਂ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁੱਧ ਆਰੰਭੇ ਜਾਣ ਵਾਲੇ ਜੰਗਾਂ ਵਿੱਚ ਉਹਨਾਂ ਦਾ ਸਾਥ ਦੇਣ ਅਤੇ ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ, ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫ਼ਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿੰਮ 'ਤੇ ਤੁਰੇ।

ਇਹ ਕਾਫ਼ਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ, ਦਿੱਲੀ ਆਦਿ ਲੰਘ ਕੇ ਰੋਹਤਕ ਸੋਨੀਪਤ, ਸਹੇਰੀ ਖੰਡਾ ਪਿੰਡ ਵਿੱਚ ਰੁਕਿਆ। ਇੱਥੋਂ ਉਹਨਾਂ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਹਨਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ ਖੰਡ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ, ਲੈ ਕੇ ਜਥਿਆਂ ਦੇ ਰੂਪ ਵਿੱਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਜਿਵੇਂ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿੱਚ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੋਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸੇਹਰੀ ਖੰਡਾ ਇੱਕ ਫ਼ੌਜੀ ਛਾਉਣੀ ਬਣ ਗਿਆ।

ਸੋਨੀਪਤ 'ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੇ ਮਜਬੂਤ ਅੱਡੇ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਪਤ ਦਾ ਫ਼ੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ 'ਤੇ ਕਬਜਾ ਹੋ ਗਿਆ। ਸੋਨੀਪਤ ਅਤੇ ਕੈਥਲ ਦਾ ਪ੍ਰਬਧ ਪੰਚਾਇਤਾਂ ਨੂੰ ਸੌਂਪ ਦਿੱਤਾ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿੱਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿੱਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਫ਼ੌਜਦਾਰ ਨਿਯੁਕਤ ਕੀਤਾ ਅਤੇ ਇੱਕ ਖ਼ਾਲਸਾ ਪੰਚਾਇਤ ਕਾਇਮ ਕੀਤੀ।

ਸਮਾਣੇ ਨੂੰ ਜਿੱਤ ਕੇ ਖ਼ਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼ ਕੁੰਜਪੁਰਾ, ਮੁਸਤਾਬਾਦ ਆਦਿ ਮੁਗਲ ਦੇ ਅੱਡੇ ਫਤਹਿ ਕੀਤੇ। ਇਹਨਾਂ ਹਮਲਿਆਂ ਵਿਚੋਂ ਖਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮਦੀਨ ਬੜੇ ਜੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸ ਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਹਨਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖ਼ੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁਧੂ ਸ਼ਾਹ ਦੀ ਹਵੇਲੀ ਵਿੱਚ ਲੁਕੇ। ਹਜੂਮ ਨੇ ਉਹਨਾਂ ਨੂੰ ਹਵੇਲੀ ਵਿੱਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਉਂ ਕਤਲਗੜ੍ਹੀ ਪੈ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿੱਚ ਦੌਲਤ ਅਤੇ ਹਥਿਆਰ ਕਬਜ਼ੇ ਵਿੱਚ ਆ ਗਏ। ਪਹਾੜੀ ਕਿਲਾ ਮੁਖਲਿਸ ਗੜ੍ਹ 'ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੋਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ ਵਜੀਰ ਖਾਂ ਨੇ ਮਾਲੇਰਕੋਟਲੇ ਦੇ ਨਵਾਬ ਨੂੰ ਕਿਹਾ। ਉਹ ਤਗੜੀ ਫ਼ੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖਤ ਲੜਾਈ ਹੋਈ। ਸਿੰਘਾਂ ਕੋਲ ਫ਼ੌਜ ਵੀ ਥੋੜੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖ਼ਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖ਼ਾਲਸੇ ਦੀ ਤਾਕਤ ਵਧ ਗਈ, ਉਹ ਸਰਹਿੰਦ ਵੱਲ ਤੁਰ ਪਏ।

ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮਲਿਆ। ਚੱਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ ਲਾਂਡਰਾਂ ਸੜਕ 'ਤੇ ਹੈ। ਵਜ਼ੀਰ ਖਾਂ ਦੀ ਫ਼ੌਜਾਂ ਸਿੰਘਾਂ ਦੀ ਚੜਾਈ ਰੋਕਣ ਲਈ ਅੱਗੇ ਵਧੀਆ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਦੀਆਂ ਤਿਆਰੀਆਂ ਵਿੱਚ ਬਹੁਤ ਸਮਾਂ ਜੰਗੀ ਅਭਿਆਸ ਵਿੱਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12,1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਖ਼ੂਨ ਡੋਲਵੀਂ ਜੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿੱਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫ਼ੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖ਼ਾਲਸੇ ਨੇ ਸਰਹਿੰਦ ਫਤਹਿ ਕਰ ਲਈ।

ਮੁਗਲਾਂ ਨੂੰ ਲੱਕ ਤੋੜਵੀਂ ਸ਼ਿਕਸ਼ਿਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿੱਚ ਖ਼ਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿੱਚ ਬਦਲ ਦਿੱਤਾ। ਨਾਲ ਆਣ ਰਹਲੇ ਹਜੂਮ ਨੇ ਤਿੰਨ ਦਿਨ ਸ਼ਹਿਰ ਵਿੱਚ ਲੁੱਟ ਮਾਰ ਚਲਾਈ ਰਖੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧਨ ਖ਼ਾਲਸੇ ਦੇ ਹੱਥ ਲੱਗਿਆ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਾਲੇਰਕੋਟਲੇ ਵੱਲ ਵਧੇ। ਨਵਾਬ ਮਾਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿੱਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ਼ ਬੀਬੀ ਅਨੂਪ ਕੌਰ ਦੀ ਕਬਰ ਪੁਟੀ ਅਤੇ ਲਾਸ਼ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ। ਜਿਸ ਨੂੰ ਸ਼ੇਰ ਮੁਹੰਮਦ ਖਾਂ ਜਬਰੀ ਚੁੱਕ ਕੇ ਲੈ ਗਿਆ ਸੀ। ਉਸ ਨੇ ਆਪਣੀ ਅਣਖ ਖਾਤਰ ਆਤਮ ਹਤਿਆ ਕਰ ਲਈ ਸੀ। ਬਾਬਾ ਜੀ ਨੇ ਮੁਖਲਿਸ ਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲਾ ਸ਼ਾਹ ਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਜੀ ਨੇ ਇਸ ਕਿਲੇ 'ਤੇ ਕਬਜ਼ਾ ਕੀਤਾ ਤਾਂ ਬੜੀ ਟੁੱਟੀ ਭੱਜੀ ਹਾਲਤ ਵਿੱਚ ਸੀ। ਇਸ ਦੀ ਮੁਰੰਮਤ ਕਰਵਾ ਕੇ ਨਾਉਂ ਲੋਹਗੜ੍ਹ ਰਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ ਅਸਬਾਬ ਜੰਗੀ ਸਮਾਨ, ਉਗਰਾਇਆ ਮਾਮਲਾ ਸਭ ਕੁਝ ਇੱਥੇ ਇੱਕਠਾ ਕਰ ਲਿਆ। ਫ਼ੌਜੀ ਸੁਰਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋ ਹਟ ਕੇ ਪਹਾੜੀ ਇਲਾਕੇ ਵਿੱਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇੱਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫ਼ੌਜ ਸੀ। ਰਾਜ ਕਾਜ ਲਈ ਰਾਜਧਾਨੀ ਅਤੇ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਦਾ ਸਿੱਕਾ ਜਾਰੀ ਕਰ ਦਿੱਤਾ। ਜਿਸ 'ਤੇ ਫਾਰਸੀ ਵਿੱਚ ਉਕਰਿਆ ਸੀ ਕਿ

ਸਿੱਕਾ ਜਦਬਰ ਹਰ ਦੋ ਆਲਮ ਤੇਗਿ
ਨਾਨਕ ਵਾਹਿਬ ਅਸਤ॥
ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ
ਫ਼ਜਲਿ ਸੱਚਾ ਸਾਹਿਬ ਅਸਤ॥

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉੱਤੇ, ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ। ਫਤਹਿ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ- ਜਰਬ ਬ-ਅਮਾਨ-ਦਹਿਰ ਮੁਸਵਰਤ ਸ਼ਹਿਰ, ਜੀਨਤੁ ਤਖਤੁ, ਮੁਬਾਰਕ ਬਖਤ। ਅਰਥਾਤ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ ਸ਼ਹਿਰ ਦੀ ਮੂਰਤਿ ਧੰਨਭਾਗੀ ਰਾਜਧਾਨੀ ਤੋਂ । ਬਾਬਾ ਜੀ ਨੇ ਸਰਕਾਰੀ ਦਸਤਾਵੇਜ, ਸਨਦਾ,ਪ੍ਰਵਾਨਿਆ ਆਦਿ ਲਈ ਮੋਹਰ ਬਣਵਾਈ ਜਿਸ ਦੇ ਸ਼ਬਦ ਸਨ- ਦੇਗੋ ਤੇਗੋ ਫ਼ਤਹਿ ਨੁਸਰਤਿ ਬੇ-ਦਿਰੰਗ॥ ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥ ਅਰਥਾਤ ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ। ਮੁਗਲ ਬਾਦਸ਼ਾਹਾਂ ਦੇ ਰਾਜ ਸੰਮਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਹਿ ਤੋਂ ਇੱਕ ਨਵਾਂ ਸੰਮਤ ਨਾਨਕਸ਼ਾਹੀ ਆਰੰਭ ਕੀਤਾ, ਜੋ ਉਹਨਾਂ ਦੇ ਰਾਜ ਦੇ ਅੰਤ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾ ਕਰਵਾਉਣਾ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿਜੀ ਨਾਉਂ ਉਤੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦਸਿਆ।

ਖ਼ਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿੱਚ ਗੰਗਾ ਤੇ ਯਮਨਾ ਦੇ ਇਲਾਕਿਆਂ ਤੇ ਕਬਜਾ ਕਰ ਲਿਆ। ਅਕਤੂਬਰ 1710 ਵਿੱਚ ਕਿਲਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖ਼ਾਲਸੇ ਦੀਆਂ ਜਿੱਤਾਂ ਦਾ ਪਤਾ ਲਗਿਆ ਉਸ ਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਵਧਿਆ। ਵਕਤ ਦੀ ਨਜ਼ਾਕਤ ਵੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲੇ ਵਿੱਚ ਜਾ ਟਿੱਕੇ। ਸ਼ਾਹੀ 60,000 ਦੀ ਫ਼ੌਜ ਨੇ ਕਿਲੇ ਨੂੰ ਘੇਰ ਲਿਆ। ਬਾਬਾ ਜੀ ਖ਼ਾਲਸਾ ਫ਼ੌਜ ਨਾਲ ਪਹਾੜਾਂ ਵੱਲ ਚਲੇ ਗਏ। ਖ਼ਾਲਸਾ ਫ਼ੌਜ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿੱਚ ਪਹਾੜੀ ਰਾਜੇ ਭੀਮ ਚੰਦ ਦੇ ਨਲ ਉਸ ਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿੱਚ ਆ ਗਏ। ਮੰਡੀ ਦੇ ਰਾਜੇ ਸਿੱਧਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸ ਨੇ ਕੁਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸ ਦੀ ਕੁਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4,1711 ਨੂੰ ਬਹਿਰਾਮ ਦਾ ਜੰਗ ਹੋਇਆ। ਜੰਮੂ ਦਾ ਫ਼ੌਜਦਾਰ ਹਾਰ ਗਿਆ। ਖ਼ਾਲਸੇ ਨੇ ਬਹਿਰਾਮ ਤੇ ਰਾਏ ਪੁਰ 'ਤੇ ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ 'ਤੇ ਕਬਜ਼ਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਤੇ ਰੁਸਤਮ ਦਿਲ ਖਾਂ ਦੀ ਫ਼ੌਜ ਆਉਣ 'ਤੇ ਬਾਬਾ ਜੀ ਫਿਰ ਪਹਾੜੀਆਂ ਵਿੱਚ ਚਲੇ ਗਏ।

ਬਾਦਸ਼ਾਹ ਵੱਲੋਂ ਹੁਕਮ ਹੋਇਆ ਕਿ ਜਿੱਥੇ ਵੀ ਕੋਈ ਸਿੱਖ ਮਿਲੇ, ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁਖਸੀਅਰ ਬਾਦਸ਼ਾਹ ਬਣ ਗਿਆ। ਤਖ਼ਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸਢੌਰਾ ਅਤੇ ਲੋੜਗੜ੍ਹ 'ਤੇ ਕਬਜ਼ਾ ਕਰ ਲਿਆ। ਅਬਦੁਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸ ਦੇ ਪੁੱਤਰ ਜਕਰੀਆ ਖਾਨ ਨੂੰ ਜੰਮੂ ਦਾ ਹਾਕਮ ਥਾਪਿਆ। ਉਹਨਾਂ ਨੇ ਅਕਤੂਬਰ 1713 ਵਿੱਚ ਸਢੌਰਾ ਤੇ ਲੋਹਗੜ੍ਹ 'ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿੱਚ ਚਲੇ ਗਏ। ਸੰਨ 1715 ਵਿੱਚ ਕਲਾਨੌਰ ਅਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇੱਕਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵੱਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜ਼ਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫ਼ੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫ਼ੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੇ ਗੁਰਦਾਸ ਨੰਗਲ ਪਿੰਡ ਵੱਲ ਪਿਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿੱਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀ ਖਾਈ ਪੁਟ ਕੇ ਪਾਣੀ ਭਰ ਲਿਆ।

ਸ਼ਾਹੀ ਫ਼ੌਜਾਂ ਨੇ ਅਪ੍ਰੈਲ 1715 ਈ. ਵਿੱਚ ਗੁਰਦਾਸ ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧ ਨੀਤੀ ਅਪਨਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ, ਪਸ਼ੂਆਂ ਲਈ ਘਾਹ ਪੱਠਾ ਲੈਂਦੇ, ਸ਼ਾਹੀ ਫ਼ੌਜਾਂ ਟਾਕਰਾ ਕਰਦੀਆਂ ਤਾਂ ਉਹਨਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕੇ ਆਟਾ ਦਾਣਾ ਮੁੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਲੈ ਕੇ ਕਿਲਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਹਨਾਂ ਨੇ ਘਾਹ ਅਤੇ ਦਰਖਤਾਂ ਦੇ ਪੱਤੇ ਖਾ ਕ ਗੁਜਾਰਾ ਕੀਤਾ। ਬਹੁਤ ਸਾਰੇ ਬਿਮਾਰਆਂ ਕਰਕੇ ਮਰਦੇ ਗਏ। ਸਿੰਘ ਅੱਠ ਮਹੀਨੇ ਤੱਕ ਮੁਗਲਾਂ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ। ਜਿਸ ਵਿੱਚ 8 ਹਜ਼ਾਰ ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗਲ ਫ਼ੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ।

ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰਫਾੜ ਕਰ ਦਿੱਤੀ ਕਿ ਇਹਨਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸ਼ਹੀਦ ਸਿੱਖਾਂ ਦੇ ਸਿਰ ਨੇਜਿਆਂ ਬਰਛਿਆਂ 'ਤੇ ਟੰਗੇ ਗਏ। ਬਾਬਾ ਜੀ ਦੀ ਸੁਪਤਨੀ ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ ਨੰਗਰ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ ਦਿੱਤਾ। ਦੋ ਮੁਗਲ ਸੈਨਿਕ ਖੰਜਰ ਦੇ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜੰਜੀਰਾਂ ਨਾਲ ਬੰਨ ਕੇ ਖਰਚਾਂ ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿੱਚ ਦਿੱਲੀ ਵੱਲ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸ ਨੇ ਕੈਦੀਆਂ ਗਿਣਤੀ ਵਧਾਉਣ ਦੀ ਸੋਚੀ । ਰਾਹ ਵਿੱਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ , ਕੁਝ ਦੇ ਸਿਰ ਵੱਢ ਕੇ ਹੋਰ ਨੇਜਿਆਂ 'ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2 ਹਜਾਰ ਹੋ ਗਈ। ਇਸ ਤੋਂ ਇਲਾਵਾ ਸਿੱਖਾਂ ਦੇ ਸਿਰ ਗੱਡਿਆਂ 'ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ 1716 ਈ. ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗ ਟੰਗੇ ਹੋਏ ਸਿਰ ਸਨ। ਉਹਨਾਂ ਨਾਲ ਇੱਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ ਨੰਗਲ ਵਿੱਚ ਸਿੱਖ ਤਾਂ ਇੱਕ ਪਾਸੇ, ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ 'ਤੇ ਇੱਕ ਪਿੰਜਰੇ ਵਿੱਚ ਸਨ।

ਮਖੌਲ ਉਡਾਉਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਹਨਾਂ ਦੇ ਪਿੱਛੇ ਇੱਕ ਸੈਨਿਕ ਨੰਗੀ ਤਲਵਾਰ ਲੈ ਕੇ ਖੜਾ ਸੀ। ਪਿੱਛੇ ਕੈਦੀ ਆ ਰਹੇ ਸਨ। ਜੋ ਦੋ ਦੋ ਬੰਨ ਕੇ ਬਿਨਾਂ ਕਾਠੀ ਵਾਲੇ ਊਠਾਂ ਉਤੇ ਬੰਨੇ ਹੋਏ ਸਨ। ਜਿਨ੍ਹਾਂ ਦੇ ਸਿਰਾਂ ਉਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਆਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜੇ ਦੇ ਵਿਚਕਾਰ ਮੀਲਾਂ ਲੰਬੀ ਸੜਕ ਦੇ ਦੋਵੇਂ ਪਾਸੇ ਤਮਾਸ਼ਬੀਨ ਖੜੇ ਸਨ।

ਮਿਰਜਾ ਮੁਹੰਮਦ ਹਰੀਸੀ, ਇਸ ਨੂੰ ਦੇਖਿਆ ਤਮਾਸ਼ਾ ਕਹਿੰਦਾ ਹੈ। ਗਲੀਆਂ ਬਾਜ਼ਾਰਾਂ ਵਿੱਚ ਇਤਨਾ ਭਾਰੀ ਇੱਕਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਨਿ ਵਿਖਾਏ ਹਨ। ਸਿੰਘ ਕਹਿੰਦੇ, ਸਭ ਕੁਝ ਰੱਬ ਦੀ ਰਜ਼ਾ ਵਿੱਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਕਿ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ? ਅਸੀਂ ਤਾਂ ਮਜ਼ਬੂਰੀ ਵੱਸ ਤੁਹਾਡੇ ਕਾਬੂ ਆ ਗਏ ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ? ਜਦੋਂ ਸ਼ਾਹੀ ਕਿਲੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥਂ ਜਿਵੇਂ ਬਾਜ ਸਿੰਘ, ਫਤਹਿ ਸਿੰਘ, ਬਾਬਾ ਕਾਨ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਨੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ, ਉਸ ਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਨਾਨਖਾਨਾ ਵਿੱਚ ਰਖਿਆ। ਮਾਰਚ 5,1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ ਉਸ ਦੀ ਜਾਨ ਬਖਸ਼ ਦਿੱਤੀ ਜਾਵ। ਜਾਨ ਸਰਮਨ ਸਟੀਫਨਸਨ ਜੋ ਸ਼ਾਹੀ ਦਰਬਾਰ ਵਿੱਚੋਂ ਸਨ, ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿੱਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ ਉਤੇ ਲੱਦ ਕੇ ਸ਼ਹਿਰੋ ਬਾਹਰ ਦਰਖਤਾਂ 'ਤੇ ਟੰਗ ਦਿੱਤੇ ਜਾਂਦੇ।

(ਬਾਕੀ ਸਫ਼ਾ 30 'ਤੇ)



# ਸਿਹਤ ਸੰਭਾਲ

## ਤੰਦਰੁਸਤ ਰਹਿਣ ਲਈ ਸਿਹਤ ਵੱਲ ਦਿਓ ਵਿਸ਼ੇਸ਼ ਧਿਆਨ



30 ਸਾਲ ਦੀ ਉਮਰ ਤੋਂ ਬਾਅਦ ਸਰੀਰ ਨੂੰ ਸਿਹਤਮੰਦ ਰੱਖਣ ਲਈ ਜ਼ਰੂਰੀ ਪੌਸ਼ਟਿਕ ਤੱਤਾਂ ਨੂੰ ਖੁਰਾਕ ’ਚ ਸ਼ਾਮਲ ਕਰਨਾ ਚਾਹੀਦਾ ਹੈ। ਪ੍ਰੋਟੀਨ, ਵਿਟਾਮਿਨ ਤੇ ਖਣਿਜ ਤੁਹਾਡੇ ਸਰੀਰ ਲਈ ਬਹੁਤ ਜ਼ਰੂਰੀ ਹਨ। ਇਹ ਇਮਿਊਨ ਸਿਸਟਮ ਨੂੰ ਮਜ਼ਬੂਤ ਰੱਖਦਾ ਹੈ ਜਿਸ ਨਾਲ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵਧਦੀ ਹੈ। ਪੁਰਸ਼ਾਂ ਨੂੰ ਤੰਦਰੁਸਤ ਰਹਿਣ ਲਈ ਹੇਠਾਂ ਲਿਖੀਆਂ ਚੀਜ਼ਾਂ ਦੀ ਵਰਤੋਂ ਕਰਨੀ ਚਾਹੀਦੀ ਹੈ-

**ਵਿਟਾਮਿਨ ਏ**

ਵਿਟਾਮਿਨ ਏ ਦੀ ਮਦਦ ਨਾਲ ਸਕਿਨ, ਅੱਖਾਂ ਦੀ ਰੋਸ਼ਨੀ ਤੇ ਇਮਿਊਨ ਸਿਸਟਮ ਨੂੰ ਤੰਦਰੁਸਤ ਰੱਖਿਆ ਜਾਂਦਾ ਹੈ, ਪਰ ਇਹ ਤੁਹਾਡੀ ਪ੍ਰੋਸਟੇਟ ਹੈਲਥ ਲਈ ਵੀ ਜ਼ਰੂਰੀ ਹੈ। ਤੁਸੀਂ ਇਸਨੂੰ ਡੇਅਰੀ ਪ੍ਰੋਡਕਟਸ, ਗਾਜਰ ਤੇ ਸ਼ਕਰਕੰਦ ਤੋਂ ਪ੍ਰਾਪਤ ਕਰ ਸਕਦੇ ਹੋ।

**ਵਿਟਾਮਿਨ ਕੇ**

ਵਿਟਾਮਿਨ ਕੇ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ। 30 ਸਾਲ ਦੀ ਉਮਰ ਤੋਂ ਬਾਅਦ ਮਰਦਾਂ ’ਚ ਡਿਮੈਂਸ਼ੀਆ ਨਾਂ ਦੀ ਬਿਮਾਰੀ ਦਾ ਖਤਰਾ ਵਧ ਜਾਂਦਾ ਹੈ, ਅਜਿਹੀ ਸਥਿਤੀ ’ਚ ਇਹ ਇਸ ਤੋਂ ਬਚਾਅ ਦਾ ਕੰਮ ਕਰਦਾ ਹੈ। ਇਹ ਤੁਹਾਡੀਆਂ ਹੱਡੀਆਂ ਨੂੰ ਵੀ ਮਜ਼ਬੂਤ ਰੱਖਦਾ ਹੈ। ਇਹ ਤੁਹਾਨੂੰ ਹਰੀਆਂ ਪੱਤੇਦਾਰ ਸਬਜ਼ੀਆਂ, ਤੇਲ ਅਤੇ ਫਲਾਂ ਤੋਂ ਮਿਲੇਗਾ।

**ਵਿਟਾਮਿਨ ਡੀ**

30 ਸਾਲ ਬਾਅਦ ਸਰੀਰ ’ਚ ਟੈਸਟੋਸਟੀਰੋਨ ਦਾ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਤੁਹਾਡੀ ਖੁਰਾਕ ’ਚ ਵਿਟਾਮਿਨ ਡੀ ਦੀ ਮਾਤਰਾ ਕਾਫ਼ੀ ਹੋਵੇ। ਇਹ ਤੁਹਾਡੇ ਸਰੀਰ ’ਚ ਟੈਸਟੋਸਟੀਰੋਨ ਦੀ ਮਾਤਰਾ ਨੂੰ ਵਧਾਉਂਦਾ ਹੈ, ਜੋ ਹੱਡੀਆਂ ਨੂੰ ਕੈਲਸ਼ੀਅਮ ਸਪਲਾਈ ਕਰਦਾ ਰਹਿੰਦਾ ਹੈ। ਇਸ ਦੀ ਮਦਦ ਨਾਲ ਦਿਲ ਦੇ ਰੋਗ ਅਤੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।





**ਮੈਗਨੀਸ਼ੀਅਮ**

ਮੈਗਨੀਸ਼ੀਅਮ ਦੀ ਮਦਦ ਨਾਲ ਤੁਸੀਂ 30 ਤੋਂ ਬਾਅਦ ਆਪਣੇ ਦਿਲ ਦੀ ਸਿਹਤ ਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਰੱਖ ਸਕਦੇ ਹੋ। ਇਸ ਦੇ ਸੇਵਨ ਨਾਲ ਤੁਸੀਂ ਭਾਰ ਘਟਾ ਸਕਦੇ ਹੋ, ਬਲੱਡ ਸ਼ੂਗਰ ਲੈਵਲ ਨੂੰ ਬਰਕਰਾਰ ਰੱਖ ਸਕਦੇ ਹੋ ਤੇ ਤਣਾਅ ਘਟਾ ਸਕਦੇ ਹੋ।

**ਵਿਟਾਮਿਨ ਬੀ 12**

ਬੀ12 ਤੁਹਾਡੇ ਦਿਮਾਗੀ ਪ੍ਰਣਾਲੀ ਨੂੰ ਮਜ਼ਬੂਤ ਰੱਖਦਾ ਹੈ। ਇਹ ਤੁਹਾਡੇ ਐਨਰਜੀ ਲੈਵਲ ਨੂੰ ਬਰਕਰਾਰ ਰੱਖਦਾ ਹੈ। ਇਸ ਦੀ ਪ੍ਰਾਪਤੀ ਲਈ ਤੁਸੀਂ ਮੀਟ, ਮੱਛੀ ਤੇ ਅੰਡੇ ਦਾ ਸੇਵਨ ਕਰ ਸਕਦੇ ਹੋ।

## ਨਸਾਂ ਦੇ ਦਰਦ ਨੂੰ ਨਾ ਕਰਿਓ ਨਜ਼ਰਅੰਦਾਜ਼



ਕਈ ਵਾਰ ਇੱਕੋ ਕੰਮ ਕਰਨ ਤੇ ਇੱਕੋ ਪੁਜ਼ੀਸ਼ਨ ’ਚ ਬੈਠਣ ਨਾਲ ਹੱਥਾਂ ਦੀਆਂ ਮਾਸਪੇਸ਼ੀਆਂ, ਹੱਡੀਆਂ ਜਾਂ ਗੁੱਟ ’ਚ ਦਰਦ ਦੀ ਸਮੱਸਿਆ ਹੋ ਸਕਦੀ ਹੈ। ਕਈ ਲੋਕ ਇਸ ਨੂੰ ਸਾਧਾਰਨ ਸਮੱਸਿਆ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ ਤੇ ਬਾਅਦ ’ਚ ਇਹ ਦਰਦ ਹੋਰ ਵਧ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਵੱਖ-ਵੱਖ ਨਸਾਂ ਦੇ ਦਰਦ ਤੋਂ ਰਾਹਤ ਪਾਉਣ ਦੇ ਇਲਾਜ ਵੀ ਵੱਖ-ਵੱਖ ਹੁੰਦੇ ਹਨ।

**ਕਿਉਂ ਹੁੰਦਾ ਹੈ ਨਸਾਂ ਦਾ ਦਰਦ ?**

ਕਈ ਵਾਰ ਹੱਥ ਦੀ ਨਾੜੀ ਦੱਬ ਜਾਣ ਕਾਰਨ ਬਲੱਡ ਸਰਕੂਲੇਸ਼ਨ ਰੁਕ ਜਾਂਦਾ ਹੈ। ਨਾਲ ਹੀ, ਜੇਕਰ ਤੁਸੀਂ ਉਸੇ ਅਹੁਦੇ ’ਤੇ ਕੰਮ ਕਰਦੇ ਰਹਿੰਦੇ ਹੋ ਤਾਂ ਇਹ ਸਮੱਸਿਆ ਹੋ ਸਕਦੀ ਹੈ। ਕਈ ਵਾਰ ਕਿਸੇ ਭਾਰੀ ਚੀਜ਼ ਦੇ ਦਬਾਅ ਕਾਰਨ ਹੱਥ ਸੁੰਨ ਹੋ ਜਾਂਦਾ ਹੈ।

ਜੇਕਰ ਤੁਹਾਡੀ ਬਾਡੀ ਦਾ ਬਲੱਡ ਸਰਕੂਲੇਸ਼ਨ ਠੀਕ ਨਹੀਂ ਹੈ ਤਾਂ ਵੀ ਨਾੜੀਆਂ ’ਚ ਦਰਦ ਹੋ ਸਕਦਾ ਹੈ, ਕਿਉਂਕਿ ਬਲੱਡ ਸਰਕੂਲੇਸ਼ਨ ਰੁਕਣ ਕਾਰਨ ਨਾੜਾਂ ’ਚ ਬਲੌਕੇਜ ਹੋਣ ਲਗਦੀ ਹੈ ਤੇ ਨਸਾਂ ਡੈਮੇਜ ਤਕ ਹੋ ਜਾਂਦੀਆਂ ਹਨ। ਨਸਾਂ ’ਚ ਦਰਦ ਹੋਣ ਦੀ ਸੂਰਤ ’ਚ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਦਾ ਇਲਾਜ ਨਾਨ-ਸਰਜੀਕਲ ਤੇ ਸਰਜੀਕਲ ਦੋਵੇਂ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ। ਇਸ ਵਿੱਚ ਮਰੀਜ਼ਾਂ ਨੂੰ ਦਵਾਈਆਂ ਤੇ ਫਿਜ਼ੀਓਥੈਰੇਪੀ ਦਿੱਤੀ ਜਾਂਦੀ ਹੈ।

**ਕੀ ਹੋ ਸਕਦੇ ਹਨ ਘਰੇਲੂ ਉਪਚਾਰ ?**

ਜੇਕਰ ਨਾੜਾਂ ’ਚ ਬਲੱਡ ਸਰਕੂਲੇਸ਼ਨ ਠੀਕ ਨਹੀਂ ਹੈ ਤਾਂ ਗਰਮ ਪਾਣੀ ’ਚ ਸੇਂਧਾ ਨਮਕ ਪਾ ਕੇ ਉਸ ਵਿੱਚ ਹੱਥ ਡੁਬੋ ਕੇ ਰੱਖੋ। ਇਸ ਨਾਲ ਦਰਦ ਵਿੱਚ ਰਾਹਤ ਮਿਲੇਗੀ। ਜੇਕਰ ਤੁਹਾਡੇ ਹੱਥ ਸੁੰਨ ਹੋ ਗਏ ਹਨ ਤਾਂ ਇਨ੍ਹਾਂ ਨੂੰ ਰਗੜੋ ਤੇ ਗਰਮ ਸਰ੍ਹੋਂ ਦੇ ਤੇਲ ਨਾਲ ਮਾਲਿਸ਼ ਕਰੋ। ਸਮੇਂ-ਸਮੇਂ ’ਤੇ ਆਪਣੇ ਹੱਥਾਂ ਦੀ ਕਸਰਤ ਕਰੋ ਤੇ ਉਨ੍ਹਾਂ ਨੂੰ ਸਟ੍ਰੈਚ ਕਰਦੇ ਰਹੋ। ਜਿਸ ਖੇਤਰ ’ਚ ਦਰਦ ਹੋ ਰਿਹਾ ਹੈ, ਉਸ ਦੀ ਸਿਕਾਈ ਕਰੋ। ਜੇਕਰ ਦਰਦ ਵਿਚ ਰਾਹਤ ਨਹੀਂ ਮਿਲ ਰਹੀ ਤਾਂ ਡਾਕਟਰ ਨਾਲ ਸੰਪਰਕ ਕਰੋ, ਆਪਣੀ ਮਰਜ਼ੀ ਨਾਲ ਪੇਨ-ਕਿਲਰ ਜਾਂ ਐਂਟੀਬਾਇਓਟਿਕ ਦਵਾਈ ਨਾ ਲਓ।



## ਸਿਹਤ ਨੂੰ ਨੁਕਸਾਨ ਪਹੁੰਚਾਉਂਦੈ ਜ਼ਿਆਦਾ ਨਮਕ

ਨਮਕ ਸਾਡੀ ਰੋਜ਼ਾਨਾ ਖੁਰਾਕ ਦਾ ਇੱਕ ਅਹਿਮ ਹਿੱਸਾ ਹੈ ਜਿਸ ਤੋਂ ਬਿਨਾਂ ਭੋਜਨ ਬੇਸੁਆਦੀ ਲੱਗਦਾ ਹੈ। ਆਮ ਤੌਰ ’ਤੇ ਲੋਕ ਇਸ ਦੀ ਵਰਤੋਂ ਖਾਣੇ ਦਾ ਸਵਾਦ ਵਧਾਉਣ ਲਈ ਹੀ ਕਰਦੇ ਹਨ। ਹਾਲਾਂਕਿ ਸਵਾਦ ਦੇ ਨਾਲ-ਨਾਲ ਇਸ ਦਾ ਸਿਹਤ ’ਤੇ ਵੀ ਡੂੰਘਾ ਅਸਰ ਪੈਂਦਾ ਹੈ। ਨਮਕ ’ਚ ਸੋਡੀਅਮ ਮੁੱਖ ਤੱਤ ਹੈ ਜੋ ਸਾਡੇ ਸਰੀਰ ਲਈ ਜ਼ਰੂਰੀ ਹੈ। ਅਜਿਹੇ ’ਚ ਇਸ ਦੀ ਸੀਮਤ ਮਾਤਰਾ ’ਚ ਵਰਤੋਂ ਫਾਇਦੇਮੰਦ ਹੁੰਦੀ ਹੈ ਪਰ ਜੇਕਰ ਜ਼ਿਆਦਾ ਨਮਕ ਦੀ ਵਰਤੋਂ ਕੀਤੀ ਜਾਵੇ ਤਾਂ ਇਹ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ। ਵਰਲਡ ਹੈਲਥ ਆਰਗੇਨਾਈਜੇਸ਼ਨ ਜ਼ਿਆਦਾ ਨਮਕ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਚਿਤਾਵਨੀ ਦੇ ਚੁੱਕੀ ਹੈ।

ਜ਼ਿਆਦਾ ਨਮਕ ਨਾਲ ਸਿਹਤ ਨੂੰ ਹੁੰਦੇ ਨੁਕਸਾਨ ਬਾਰੇ ਤਾਂ ਹਰ ਕੋਈ ਜਾਣਦਾ ਹੈ ਪਰ ਹਾਲ ਹੀ ’ਚ ਜ਼ਿਆਦਾ ਨਮਕ ਖਾਣ ’ਤੇ ਇੱਕ ਅਧਿਐਨ ਸਾਹਮਣੇ ਆਇਆ ਹੈ, ਜਿਸ ’ਚ ਇਸ ਦੇ ਸਕਿਨ ਨੂੰ ਹੋਣ ਵਾਲੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਪਤਾ ਚੱਲਿਆ ਹੈ। ਇਹ ਤਾਜ਼ਾ ਅਧਿਐਨ ਬਹੁਤ ਜ਼ਿਆਦਾ ਲੂਣ ਖਾਣ ਤੇ ਸਕਿਨ ਦੀ ਸਥਿਤੀ ਐਗਜ਼ੀਮਾ ਨੂੰ ਉਜਾਗਰ ਕਰਦਾ ਹੈ।

**ਕੀ ਕਹਿੰਦੀ ਹੈ ਸਟੱਡੀ ?**

ਇਹ ਨਵਾਂ ਅਧਿਐਨ ਦਰਸਾਉਂਦਾ ਹੈ ਕਿ ਸੋਡੀਅਮ ਦਾ ਉੱਚ ਪੱਧਰ ਐਗਜ਼ੀਮਾ ਦੇ ਜੋਖ਼ਮ ਨੂੰ ਵਧਾ ਸਕਦਾ ਹੈ। ਜਰਨਲ ਆਫ਼ ਇਨਵੈਸਟੀਗੇਟਿਵ ਡਰਮਾਟੋਲੋਜੀ ’ਚ ਪ੍ਰਕਾਸ਼ਿਤ ਅਧਿਐਨ ’ਚ ਦੱਸਿਆ ਗਿਆ ਹੈ ਕਿ ਇੱਕ ਗ੍ਰਾਮ ਵਾਧੂ ਸੋਡੀਅਮ ਖਾਣ ਨਾਲ ਐਗਜ਼ੀਮਾ ਫਲੇਅਰਜ਼ ਦੀ ਸੰਭਾਵਨਾ 22 ਫ਼ੀਸਦ ਤੱਕ ਵਧ ਸਕਦੀ ਹੈ। ਖੋਜ ਅਨੁਸਾਰ ਬਹੁਤ ਜ਼ਿਆਦਾ ਲੂਣ ਖਾਣ ਦੀ ਆਦਤ ਨੂੰ ਸੀਮਤ ਕਰਨ ਨਾਲ ਐਗਜ਼ੀਮਾ ਦੇ ਮਰੀਜ਼ਾਂ ਨੂੰ ਆਪਣੀ ਸਥਿਤੀ ਨੂੰ ਮੈਨੇਜ ਕਰਨ ’ਚ ਮਦਦ ਮਿਲ ਸਕਦੀ ਹੈ।



**ਕੀ ਹੈ ਐਗਜ਼ੀਮਾ ?**

ਐਗਜ਼ੀਮਾ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਤੁਹਾਡੀ ਸਕਿਨ ਦੀ ਬੈਰੀਅਰ ਪ੍ਰਕਿਰਿਆ ਕਮਜ਼ੋਰ ਹੋ ਜਾਂਦੀ ਹੈ। ਨਤੀਜੇ ਵਜੋਂ ਸਕਿਨ ਖੁਸ਼ਕ, ਖੁਜਲੀਦਾਰ ਤੇ ਊਬੜ-ਖਾਬੜ ਹੋ ਜਾਂਦੀ ਹੈ, ਕਿਉਂਕਿ ਤੁਹਾਡੀ ਸਕਿਨ ਹੁਣ ਨਮੀ ਨੂੰ ਬਰਕਰਾਰ ਰੱਖਣ ਤੇ ਸਰੀਰ ਨੂੰ ਬਾਹਰੀ ਤੱਤਾਂ ਤੋਂ ਬਚਾਉਣ ਦੇ ਯੋਗ ਨਹੀਂ ਰਹਿੰਦੀ। ਇਸ ਨੂੰ ਐਟੌਪਿਕ ਡਰਮੇਟਾਇਟਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

**ਇੱਕ ਦਿਨ ਵਿੱਚ ਕਿੰਨਾ ਨਮਕ ਖਾਣਾ ਸਹੀ ?**

ਵਿਸ਼ਵ ਸਿਹਤ ਸੰਗਠਨ ਅਨੁਸਾਰ, ਰੋਜ਼ਾਨਾ 2000 ਮਿਲੀਗ੍ਰਾਮ ਤੋਂ ਘੱਟ ਸੋਡੀਅਮ ਯਾਨੀ ਨਮਕ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਡਬਲਯੂਐਚਓ ਆਇਓਡੀਨ ਯੁਕਤ ਨਮਕ ਖਾਣ ’ਤੇ ਵੀ ਜ਼ੋਰ ਦਿੰਦਾ ਹੈ, ਜੋ ਆਇਓਡੀਨ ਨਾਲ ਭਰਪੂਰ ਹੁੰਦਾ ਹੈ।

**ਜ਼ਿਆਦਾ ਲੂਣ ਖਾਣ ਦੇ ਹੋਰ ਨੁਕਸਾਨ**

ਓਸਟੀਓਪੋਰੋਸਿਸ ਦਾ ਖ਼ਤਰਾ ਵਧ ਜਾਂਦਾ ਹੈ। ਜ਼ਿਆਦਾ ਨਮਕ ਖਾਣ ਨਾਲ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਸਰੀਰ ’ਚ ਤਰਲ ਪਦਾਰਥ ਦਾ ਸੰਤੁਲਨ ਵਿਗੜ ਜਾਂਦਾ ਹੈ। ਜ਼ਿਆਦਾ ਨਮਕ ਸਰੀਰ ’ਚ ਵਾਟਰ ਰਿਟੈਂਸ਼ਨ ਦੀ ਵਜ੍ਹਾ ਬਣਦਾ ਹੈ। ਇਸ ਦੀ ਵਜ੍ਹਾ ਨਾਲ ਕਿਡਨੀ ’ਤੇ ਦਬਾਅ ਪੈਂਦਾ ਹੈ ਜਿਸ ਨਾਲ ਕਿਡਨੀ ਖਰਾਬ ਹੋ ਜਾਂਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਰਾਵੀ ਦਾ ਪੁਲ਼

ਨਜ਼ਰ ਫ਼ਾਤਿਮਾ



ਜਵਾਨੀ ਵਿੱਚ ਸਾਰਿਆਂ ਉੱਤੇ ਅਜਿਹੇ ਦਿਨ ਆਉਂਦੇ ਨੇ ਜਦੋਂ ਦਿਲ ਨੇਕੀਆਂ ਕਰਨ ਲਈ ਤੜਫਣ ਲੱਗ ਪੈਂਦਾ ਏ, ਜਦੋਂ ਆਪਣੀਆਂ ਤੇ ਆਲੇ-ਦੁਆਲੇ ਖਿੱਲਰੀਆਂ ਹੋਈਆਂ ਬੁਰਾਈਆਂ ਤੋਂ ਤੰਗ ਆ ਕੇ ਜੀਅ ਕਰਦਾ ਏ ਕਿਸੇ ਅਜਿਹੇ ਥਾਂ ਜਾ ਵਸੀਏ ਜਿੱਥੇ ਨਿਜੀ ਸਕੂਨ, ਸ਼ਰਾਫਤ ਤੇ ਸਾਦਗੀ ਹੋਵੇ।

ਇਹੋ ਮੂਡ ਫਰਮੀ ਉਤੇ ਆਪਣੇ ਗੁਲਬਰਗ ਦੇ ਬੰਗਲੇ ਵਿੱਚ ਬੈਠਿਆਂ ਤਾਰੀ ਹੋ ਗਿਆ। ਇਹ ਲੰਮੀਆਂ ਛੁੱਟੀਆਂ ਵੀ ਮੁਸੀਬਤ ਹੁੰਦੀਆਂ ਨੇ। ਮੱਰੀ ਗਈ ਸੀ, ਉਥੇ ਬਾਰਸ਼ਾਂ ਤੋਂ ਤੰਗ ਆ ਕੇ ਲਾਹੌਰ ਵਾਪਸ ਆ ਗਈ। ਹੁਣ ਆਪਣੀ ਤੇ ਆਪਣੇ ਆਂਢ-ਗੁਆਂਢ ਨੂੰ ਵੇਖੋ। ਸਾਰਾ ਦਿਨ ਸਕੂਟਰਾਂ 'ਤੇ ਚੜ੍ਹ ਸੀਟੀਆਂ ਵਜਾਂਦੇ ਫਿਰਦੇ ਨੇ। ਫਰਮੀ ਦੀ ਆਪਣੀ ਜ਼ਿੰਦਗੀ ਕੀ ਸੀ? ਪੱਕੀ ਪਕਾਈ ਖਾ ਲਈ ਤੇ ਰਸਾਲੇ ਪੜ੍ਹਦੇ ਰਹੇ।

ਅੱਜ ਇੱਕ ਰਸਾਲੇ ਵਿੱਚ ਉਹਨੂੰ ਅਫਸਾਨਾ ਨਜ਼ਰੀਂ ਪਿਆ ਜਿਹਦਾ ਸਿਰਨਾਵਾਂ ਸੀ 'ਜੰਨਤ-ਅਰਜ਼ੀ ਯਾਨਿ ਧਰਤੀ ਉਤੇ ਜੰਨਤ।' ਇਸ ਅਫਸਾਨੇ ਵਿੱਚ ਦਿਹਾਤੀ ਜ਼ਿੰਦਗੀ ਦਾ ਨਕਸ਼ਾ ਅਜਿਹੇ ਮਨਖਿੱਚਵੇਂ ਤਰੀਕੇ ਨਾਲ ਬਣਾਇਆ ਗਿਆ ਸੀ ਕਿ ਫਰਮੀ ਤਾਂ ਪੜ੍ਹ ਕੇ ਝੂਮਣ ਲੱਗ ਪਈ।

ਲਿਖਣ ਵਾਲਾ ਤਾਂ ਲਾਹੌਰ ਦਾ ਰਹਿਣ ਵਾਲਾ ਸੀ, ਪਰ ਉਸ ਨੇ ਅਫਸਾਨਾ ਦਿਹਾਤੀ ਜ਼ਿੰਦਗੀ ਨੂੰ ਬਹੁਤ ਨੇੜਿਉਂ ਵੇਖ ਕੇ ਲਿਖਿਆ ਸੀ। ਇਸ ਕਹਾਣੀ ਵਿੱਚ ਸਰੋਂ ਦੀਆਂ ਪੈਲੀਆਂ ਦੀ ਨਿੰਮੀ ਨਿੰਮੀ ਖੁਸ਼ਬੋ ਵੱਸੀ ਹੋਈ ਸੀ ਤੇ ਪਿੰਡ ਦੀਆਂ ਅੱਲੜ੍ਹ ਮੁਟਿਆਰਾਂ ਦੇ ਹਾਸੇ ਪਏ ਗੂੰਜਦੇ ਸਨ, ਪਰ ਸਭ ਤੋਂ ਸ਼ਾਨਦਾਰ ਉਨ੍ਹਾਂ ਗੈਰਤਮੰਦ ਜੁਆਨਾਂ ਦਾ ਜ਼ਿਕਰ ਕੀਤਾ ਸੀ ਜਿਹੜੇ ਇੱਜਤ ਪਿੱਛੇ ਪਹਾੜਾਂ ਨਾਲ ਟਕਰਾ ਜਾਂਦੇ ਨੇ। ਜਦੋਂ ਫਰਮੀ ਨੇ ਇਹ ਲਫਜ਼ ਪੜ੍ਹੇ, 'ਦਿਹਾਤ ਵਿੱਚ ਔਰਤ ਆਜ਼ਾਦ ਏ, ਤੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਏ। ਉਥੋਂ ਦੇ ਘਰ ਰਾਫਤ, ਗੈਰਤ ਤੇ ਮਾਮੀਅਤ ਦੇ ਪੰਘੂੜੇ ਨੇ', ਤਾਂ ਉਸ ਨੇ ਪੱਕਾ ਇਰਾਦਾ ਕਰ ਲਿਆ ਕਿ ਸਦੀਕ ਮਾਮਾ ਜੀ ਨਾਲ ਉਨ੍ਹਾਂ ਦੇ ਪਿੰਡ ਜਾਣਾ ਏ ਤੇ ਅੱਜ ਈ ਜਾਣਾ ਏਂ। ਉਹਨੇ ਸਾਰਾ ਮਨਸੂਬਾ ਤਿਆਰ ਕਰ ਲਿਆ। ਇਹ ਡਾਇਰੀ ਤੇ ਦੋ ਤਿੰਨ ਪੈਨਸਿਲਾਂ ਲੈ ਕੇ ਚਲੀ ਜਾਵਾਂਗੀ, ਕੁਝ ਫੋਟੋ ਲਵਾਂਗੀ। ਕੁਝ ਅੱਲੜ੍ਹ ਮੁਟਿਆਰਾਂ ਦੇ ਇੰਟਰਵਿਊ ਹੋ ਜਾਣਗੇ ਤੇ ਕਾਲਜ ਮੈਗਜ਼ੀਨ ਲਈ ਬੜੀ ਸ਼ਾਨਦਾਰ ਸਰਵੇ ਰਿਪੋਰਟ ਤਿਆਰ ਹੋ ਜਾਵੇਗੀ।

ਉਹਨੇ ਜਾ ਕੇ ਮਾਂ ਨੂੰ ਪੁੱਛਿਆ, "ਸਦੀਕ ਮਾਮਾ ਜੀ ਚਲੇ ਤੇ ਨਹੀਂ ਗਏ।

ਮਾਂ ਕਹਿਣ ਲੱਗੀ, "ਨਹੀਂ, ਅਜੇ ਤਾਂ ਉਹਦਾ ਸੂਟਕੇਸ ਇਥੇ ਈ ਪਿਆ ਏ।

ਫਰਮੀ ਕਹਿਣ ਲੱਗੀ, "ਮੈਂ ਉਨ੍ਹਾਂ ਨਾਲ ਪਿੰਡ ਜਾਵਾਂਗੀ।

"ਉਹ ਕਾਹਦੇ ਲਈ ਧੀਏ?

"ਮੈਂ ਕਾਲਜ ਮੈਗਜ਼ੀਨ ਲਈ ਸਰਵੇ ਰਿਪੋਰਟ ਲਿਖਣੀ ਏਂ।"ਫਰਮੀ ਨੇ ਜੁਆਬ ਦਿੱਤਾ।

"ਪਿੰਡਾਂ ਦੀ ਜ਼ਿੰਦਗੀ ਬਾਰੇ ਰਿਪੋਰਟ!

ਇੰਨੇ ਨੂੰ ਸਦੀਕ ਵੀ ਆ ਗਿਆ। ਸਦੀਕ ਫਰਮੀ ਦੀ ਮਾਂ ਦਾ ਦੂਰ ਦਾ ਰਿਸ਼ਤੇਦਾਰ ਸੀ। ਜਦੋਂ ਲਾਹੌਰ ਆਉਂਦਾ, ਇਨ੍ਹਾਂ ਦੇ ਬੰਗਲੇ ਵਿੱਚ ਰਾਤ ਰਹਿੰਦਾ ਤੇ ਸਵੇਰੇ ਜਾਣ ਲੱਗਾ ਸਾਰੇ ਟੱਬਰਾਂ ਨੂੰ ਪਿੰਡ ਆਉਣ ਦੀ ਦਾਅਵਤ ਦੇ ਜਾਂਦਾ। ਪਿਛਲੇ ਵੀਹਾਂ ਵਰ੍ਹਿਆਂ ਵਿੱਚ ਕਿਸੇ ਨੇ ਵੀ ਉਹਦੀ ਦਾਅਵਤ ਨਹੀਂ ਸੀ ਮੰਨੀ, ਪਰ ਅੱਜ ਫਰਮੀ ਆਪ ਈ ਤਿਆਰ ਹੋ ਗਈ ਸੀ।

ਮਾਂ ਕਹਿਣ ਲੱਗੀ, "ਜੇ ਇਹਦਾ ਪਿੰਡ ਵਿੱਚ ਜੀਅ ਨਾ ਲੱਗਾ?

ਸਦੀਕ ਕਹਿਣ ਲੱਗਾ, "ਬੂਹੇ ਅੱਗੇ ਬੱਸਾਂ ਦਾ ਅੱਡਾ ਏ। ਜਦੋਂ ਜੀਅ ਕਰੇਗਾ, ਵਾਪਸ ਆ ਜਾਏਗੀ।

ਫਰਮੀ ਖੁਸ਼ੀ ਖੁਸ਼ੀ ਸਦੀਕ ਨਾਲ ਚਲੀ ਗਈ ਤੇ ਸ਼ਾਮ ਤੀਕਰ ਦੋਵੇਂ ਪਿੰਡ ਪਹੁੰਚ ਗਏ।

ਅਗਲੇ ਦਿਨ ਸਵੇਰੇ ਫਰਮੀ ਦੀ ਅੱਖ ਕੁਕੜੀਆਂ ਦੀ ਕੁੜ ਕੁੜ ਨਾਲ ਖੁੱਲ੍ਹੀ। ਮਾਮੀ ਨੇ ਉਹਦੇ ਲਈ ਆਂਡਾ ਤੇ ਪਰੌਂਠਾ ਪਕਾਇਆ। ਰੋਟੀ ਖਾਂਦਿਆਂ ਫਰਮੀ ਪਈ ਸੋਚਦੀ ਸੀ, ਪਈ ਖੇਤਾਂ ਵਿੱਚ ਕੰਮ ਕਰਦੀਆਂ ਔਰਤਾਂ ਦਾ ਇੰਟਰਵਿਊ ਕਿਸ ਤਰ੍ਹਾਂ ਲਿਆ ਜਾਵੇ? ਉਹਨੇ ਸੋਚਿਆ, ਕੈਮਰਾ ਤੇ ਡਾਇਰੀ ਲੈ ਕੇ ਖੇਤਾਂ ਵਿੱਚ ਚਲੀ ਜਾਨੀ ਆਂ; ਫਿਰ ਮਾਮੀ ਨੂੰ ਕਹਿਣ ਲੱਗੀ, "ਮਾਮੀ ਜੀ, ਜਦੋਂ ਤੁਸੀਂ ਰੋਟੀ ਲੈ ਕੇ ਪੈਲੀਆਂ ਵਿੱਚ ਜਾਉਗੇ ਤਾਂ ਮੈਨੂੰ ਵੀ ਨਾਲ ਲੈ ਚੱਲਣਾ। ਮੈਂ ਪੈਲੀਆਂ ਵੇਖਣੀਆਂ ਨੇ।

ਮਾਮੀ ਕਹਿਣ ਲੱਗੀ, "ਅਸੀਂ ਤੇ ਕਦੀ ਘਰੋਂ ਈ ਨਹੀਂ ਨਿਕਲੇ। ਪੈਲੀਆਂ ਵਿੱਚ ਰੋਟੀ ਲੈ ਜਾਣ ਦਾ ਕੰਮ ਤਾਂ ਸਾਡੇ ਕਾਮੇ ਦੀ ਜ਼ਨਾਨੀ ਕਰਦੀ ਏ ਜਾਂ ਫਿਰ ਜਦੋਂ ਬਹੁਤ ਸਾਰੇ ਕੰਮੀਂ ਖੇਤਾਂ ਵਿੱਚ ਕੰਮ ਰਕਦੇ ਹੋਣ ਤਾਂ ਪਿੰਡ ਦੀਆਂ ਸਾਰੀਆਂ ਮੋਚਣਾਂ, ਮਰਾਸਣਾਂ ਤੇ ਤੀਕਣਾਂ ਆਪਣੇ ਮਰਦਾਂ ਲਈ ਰੋਟੀ ਲੈ ਕੇ ਜਾਂਦੀਆਂ ਨੇ। ਜੇ ਤੂੰ ਪੈਲੀਆਂ ਵੇਖਣੀਆਂ ਨੇ ਤਾਂ ਥੋੜ੍ਹੇ ਦਿਨ ਸਾਹ ਲੈ, ਸਾਡੀ ਗੱਡ ਲਾਇਲਪੁਰੋਂ ਆ ਜਾਂਦੀ ਏ ਤੇ ਉਹਦੇ ਉਤੇ ਬਹਿ ਕੇ ਚਲੀ ਚੱਲੀਂ। ਤੈਨੂੰ ਆਪਣਾ ਟਿੰਡਾਂ ਵਾਲਾ ਖੂਹ ਵਿਖਾ ਕੇ ਲਿਆਵਾਂਗੇ। ਅਸੀਂ ਘਰੋਂ ਨਹੀਂ ਨਿਕਲਣਾ। ਅਸੀਂ ਕੋਈ ਕੰਮੀ ਆਂ?

ਉਦੋਂ ਸਦੀਕ ਆ ਗਿਆ। ਪੁੱਛਣ ਲੱਗਾ, "ਕੀ ਝਗੜਾ ਏ?

ਮਾਮੀ ਕਹਿਣ ਲੱਗੀ, "ਤੇਰੀ ਭਣੇਵੀਂ ਕਹਿੰਦੀ ਏ, ਪੈਲੀਆਂ ਵੇਖਣੀਆਂ ਨੇ।

ਸਦੀਕ ਕਹਿਣ ਲੱਗਾ, "ਕੀ ਡਰ ਏ, ਪੈਲੀਆਂ ਵੇਖ ਆਏ। ਤੂੰ ਇਹਨੂੰ ਬੁਰਕਾ ਦੇ ਦੇ। ਆਇਸ਼ਾ ਨੈਣ ਨੂੰ ਆਖ, ਇਹਨੂੰ ਫਿਰਾ ਲਿਆਏ।

ਫਰਮੀ ਨੇ ਆਪਣੀ ਮਾਮੀ ਦਾ ਵੀਹ ਗਜ਼ ਦਾ ਚਿੱਟਾ ਬੁਰਕਾ ਪਾ ਲਿਆ ਤੇ ਆਇਸ਼ਾ ਨੈਣ ਨਾਲ ਪੈਲੀਆਂ ਵੇਖਣ ਚਲੀ ਗਈ। ਕੁਝ ਤੇ ਬੁਰਕੇ ਦਾ ਭਾਰ, ਕੁਝ ਧੁੱਪ ਤੇ ਉਤੋਂ ਪੈਲੀਆਂ ਦੀ ਹਮਕ। ਫਰਮੀ ਨੂੰ ਚੱਕਰ ਆ ਗਿਆ।

"ਐਨੀ ਬੂ ਕਿਉਂ ਏ ਇਥੇ?"ਫਰਮੀ ਨੇ ਪੁੱਛਿਆ।

ਆਇਸ਼ਾ ਕਹਿਣ ਲੱਗੀ, "ਪਿੰਡ ਦੇ ਨੇੜੇ ਦੀਆਂ ਪੈਲੀਆਂ ਵਿੱਚ ਤੇ ਬਦਬੂ ਹੁੰਦੀ ਈ ਏ।

ਫਰਮੀ ਨੇ ਦੋ ਤਿੰਨ ਗਜ਼ ਬੁਰਕਾ ਹੱਥ ਦੁਆਲੇ ਵਲ੍ਹੇਟ ਕੇ ਨੱਕ ਅੱਗੇ ਕਰ ਲਿਆ। ਥੋੜ੍ਹੀ ਦੇਰ ਵਿੱਚ ਪਸੀਨਾ ਪਸੀਨਾ ਹੋ ਕੇ ਆਇਸ਼ਾ ਨੂੰ ਕਹਿਣ ਲੱਗੀ, "ਚੱਲ ਘਰ।" ਵਾਪਸ ਪਹੁੰਚੀ ਤਾਂ ਮਾਮੀ ਨੇ ਆਖਿਆ, "ਥੱਕ ਗਈ ਏਂ ਪੁੱਤਰ। ਚੁਬਾਰੇ ਵਿੱਚ ਜਾ ਕੇ ਲੰਮੀ ਪੈ ਜਾ। ਆਇਸ਼ਾ, ਜ਼ਰਾ ਬੀਬੀ ਦੇ ਪੈਰ ਘੁੱਟ ਦੇ।

ਚੁਬਾਰੇ ਵਿੱਚ ਫਰਮੀ ਦੇ ਪੈਰ ਘੁੱਟਦਿਆਂ ਆਇਸ਼ਾ ਨੇ ਸਾਹਮਣੇ ਪੱਕੀ ਹਵੇਲੀ ਵੱਲ ਤੱਕਿਆ ਤੇ ਹੱਸ ਪਈ। ਫਰਮੀ ਨੇ ਸਿਰ ਉਚਾ ਕਰ ਕੇ ਵੇਖਿਆ। ਬਾਰਾਂ ਚੌਦਾਂ ਵਰ੍ਹਿਆਂ ਦੀ ਕੁੜੀ ਲਾਇਲੋਨ ਦਾ ਹਰਾ ਦੁਪੱਟਾ ਹੱਥ ਵਿੱਚ ਫੜੀ ਪੌੜੀਆਂ ਪਈ ਉਤਰਦੀ ਸੀ। ਆਇਸ਼ਾ ਕਹਿਣ ਲੱਗੀ, "ਇਹ ਇਹਨੂੰ ਸ਼ਾਹਣੀ ਕੋਲੋਂ ਮਿਲਿਆ ਏ।

"ਸ਼ਾਹਣੀ ਕੌਣ ਏ?

"ਸ਼ਾਹ ਜੀ ਦੀ ਘਰਵਾਲੀ। ਇਸ ਪਿੰਡ ਦੇ ਦੁਆਲੇ ਸਾਰੀ ਜ਼ਮੀਨ ਸ਼ਾਹ ਜੀ ਦੀ ਏ।

"ਦੁਪੱਟਾ ਕਾਹਦਾ ਦਿੱਤਾ ਏ ਉਹਨੇ?

"ਇਹ ਕੁੜੀਆਂ-ਚਿੜੀਆਂ ਆ ਕੇ ਸ਼ਾਹ ਜੀ ਨੂੰ ਖੁਸ਼ ਕਰਦੀਆਂ ਨੇ, ਤੇ ਸ਼ਾਹਣੀ ਕੁੜੀਆਂ ਨੂੰ ਖੁਸ਼ ਕਰਦੀ ਏ। ਕਿਸੇ ਨੂੰ ਦੁਪੱਟਾ ਦਿੱਤਾ, ਕਿਸੇ ਨੂੰ ਚੂੜੀਆਂ ਤੇ ਕਿਸੇ ਨੂੰ ਮਠਿਆਈ।

ਫਰਮੀ ਉਠ ਕੇ ਬਹਿ ਗਈ। "ਪਰ ਪਿੰਡਾਂ ਦੀਆਂ ਔਰਤਾਂ ਬੜੀਆਂ ਗੈਰਤ ਵਾਲੀਆਂ ਹੁੰਦੀਆਂ ਨੇ।"ਉਹਨੇ ਆਖਿਆ।

ਆਇਸ਼ਾ ਕਹਿਣ ਲੱਗੀ, "ਪਹਿਲਾਂ ਸ਼ਾਹਣੀ ਵੀ ਬੜੀ ਗੈਰਤ ਵਾਲੀ ਸੀ। ਇਹਦੇ ਆਵਣ ਤੋਂ ਪਹਿਲਾਂ ਪਿੰਡ ਦੀਆਂ ਕੁੜੀਆਂ ਈ ਸ਼ਾਹ ਜੀ ਦੇ ਘਰ ਦਾ ਕੰਮ-ਧੰਦਾ ਕਰਦੀਆਂ ਸਨ, ਪਰ ਜਦੋਂ ਇਹ ਆਈ ਤਾਂ ਇਹਨੇ ਕੁੜੀਆਂ ਦਾ ਘਰ ਵਿੱਚ ਆਉਣਾ ਬੰਦ ਕਰ ਦਿੱਤਾ ਤੇ ਬੂਹੇ ਦੀ ਕੁੰਡੀ ਮਾਰ ਦਿੱਤੀ। ਸ਼ਾਹ ਜੀ ਨੂੰ ਬੜਾ ਵੱਟ ਚੜ੍ਹਿ ਆ। ਪਹਿਲਾਂ ਤੇ ਉਨ੍ਹਾਂ ਝਾੜਿਆ-ਝੰਬਿਆ, ਗਾਲ-ਮੰਦਾ ਕੀਤਾ, ਪਰ ਜਦੋਂ ਇਹਨੇ ਫਿਰ ਵੀ ਕੁੜੀਆਂ ਲਈ ਬੂਹਾ ਨਾ ਖੋਲ੍ਹਿਆ ਤਾਂ ਸ਼ਾਹ ਜੀ ਨੇ ਇਹਨੂੰ ਡੰਡਿਆਂ ਨਾਲ ਮਾਰਿਆ ਤੇ ਇਹਨੂੰ ਪਸਾਰ ਵਿੱਚ ਸੁੱਟ ਕੇ ਬਾਹਰੋਂ ਕੁੰਡੀ ਮਾਰ ਦਿੱਤੀ। ਸ਼ਾਮ ਨੂੰ ਸ਼ਾਹ ਜੀ ਮੈਨੂੰ ਕਹਿਣ ਲੱਗੇ, "ਜ਼ਰਾ ਅੰਦਰ ਜਾ ਕੇ ਵੇਖ, ਉਹਦਾ ਦਿਮਾਗ ਅਜੇ ਠੀਕ ਹੋਇਆ ਕਿ ਨਹੀਂ?"ਮੈਂ ਬੂਹਾ ਖੋਲ੍ਹਿਆ ਤੇ ਸ਼ਾਹਣੀ ਦਾ ਹਾਲ ਪੁੱਛਿਆ। ਕਹਿਣ ਲੱਗੀ, 'ਸ਼ਾਹ ਜੀ ਚਾਹੁੰਦੇ ਨੇ ਕਿ ਮੈਂ ਗੁਨਾਹ ਕਰਨ ਵਿੱਚ ਉਨ੍ਹਾਂ ਦੀ ਸ਼ਰੀਕ ਬਣ ਜਾਵਾਂ, ਪਰ ਮੈਥੋਂ ਇਹ ਕੰਮ ਨਹੀਂ ਹੋਣਾ। ਇਹ ਹਯਾਤੀ ਚੰਦ ਰੋਜ਼ ਏ, ਆਖਰਤ ਹਮੇਸ਼ਾ ਰਹਿਣੀ ਏ। ਮੈਂ ਦੁਨੀਆਂ ਵਾਸਤੇ ਆਖਰਤ ਖਰਾਬ ਨਹੀਂ ਕਰਨੀ।' ਮੈਂ ਬਾਹਰ ਆ ਕੇ ਸ਼ਾਹ ਜੀ ਨੂੰ ਸਮਝਾਇਆ, ਪਈ ਤੁਹਾਡੀ ਵਹੁਟੀ ਨੂੰ ਤੇ ਆਖ਼ਰਤ ਦੀ ਫਿਕਰ ਪਈ ਹੋਈ ਏ। ਉਹ ਕਹਿਣ ਲੱਗਾ, 'ਮੈਂ ਇਹਦਾ ਇੰਤਜ਼ਾਮ ਕਰ ਲਾਂਗਾ।' ਅਸਲ ਵਿੱਚ ਸ਼ਾਹ ਜੀ ਬਹੁਤ ਪੜ੍ਹੇ-ਲਿਖੇ ਆਦਮੀ ਨੇ। ਸਕੂਲ ਦਾ ਵੱਡਾ ਮਾਸਟਰ ਏ ਨਾ? ਉਹਦੇ ਨਾਲੋਂ ਵੀ ਬਹੁਤ ਪੜ੍ਹੇ ਹੋਏ ਨੇ। ਉਨ੍ਹਾਂ ਸ਼ਾਹਣੀ ਨੂੰ ਸਮਝਾਇਆ, ਪਈ ਕਿਤਾਬਾਂ ਵਿੱਚ ਲਿਖਿਆ ਏ, ਸ਼ੌਹਰ ਦਾ ਦਰਜਾ ਖੁਦਾ ਦੇ ਬਰਾਬਰ ਹੁੰਦਾ ਏ। ਜੇ ਕੋਈ ਔਰਤ ਆਪਣੇ ਸ਼ੌਹਰ ਨੂੰ ਖੁਸ਼ ਕਰਨ ਲਈ ਇੱਕ ਗੁਨਾਹ ਕਰੇ ਤਾਂ ਫਰਿਸ਼ਤੇ ਉਹਦੇ ਨਾਂ ਦੇ ਅੱਗੇ ਦਸ ਨੇਕੀਆਂ ਲਿਖ ਦਿੰਦੇ ਨੇ; ਤੇ ਜੇ ਕੋਈ ਜ਼ਨਾਨੀ ਆਪਣੇ ਸ਼ੌਹਰ ਦੀ ਖੁਸ਼ੀ ਲਈ ਸੌ ਗੁਨਾਹ ਕਰੇ ਤਾਂ ਉਹਨੂੰ ਸੱਤਰ ਹਜ਼ਾਰ ਨੇਕੀਆਂ ਦਾ ਜਵਾਬ ਮਿਲਦਾ ਏ। ਇਹ ਗੱਲ ਸ਼ਾਹਣੀ ਦੀ ਸਮਝ ਵਿੱਚ ਆ ਗਈ, ਤੇ ਹੁਣ ਉਹ ਹਰ ਵੇਲੇ ਨੇਕੀਆਂ ਈ ਕਮਾਂਦੀ ਰਹਿੰਦੀ ਏ।

ਫਰਮੀ ਕਹਿਣ ਲੱਗੀ, "ਕੁੜੀਆਂ ਦੀਆਂ ਮਾਂਵਾਂ ਨਹੀਂ ਮੋੜਦੀਆਂ?

ਆਇਸ਼ਾ ਕਹਿਣ ਲੱਗੀ, "ਉਹ ਤੇ ਧੀਆਂ ਨੂੰ ਸਬਕ ਪੜ੍ਹਨ ਲਈ ਸ਼ਾਹਣੀ ਕੋਲ ਘੱਲਦੀਆਂ ਨੇ। ਉਨ੍ਹਾਂ ਨੂੰ ਵਿੱਚ ਦਾ ਹਾਲ ਕੀ ਪਤਾ ਏ?

ਫਰਮੀ ਫਿਰ ਕਹਿਣ ਲੱਗੀ, "ਪਰ ਕੁੜੀਆਂ ਆਪ ਸ਼ਿਕਾਇਤ ਕਰ ਦੇਣ।

ਆਇਸ਼ਾ ਕਹਿਣ ਲੱਗੀ, "ਕਾਹਨੂੰ ਸ਼ਿਕਾਇਤ ਕਰ ਦੇਣ? ਗਰੀਬਾਂ ਦੀਆਂ ਧੀਆਂ ਨੇ, ਆਪਣੇ ਘਰਾਂ ਵਿੱਚ ਇਨ੍ਹਾਂ ਨੂੰ ਅਣ-ਤੜਕੀ ਦਾਲ ਮਿਲਦੀ ਏ, ਤੇ ਸ਼ਾਹ ਜੀ ਦੇ ਘਰ ਕੁੱਕੜ ਪੱਕਦੇ ਨੇ। ਆਪਣਿਆਂ ਘਰਾਂ ਵਿੱਚ ਇਨ੍ਹਾਂ ਨੂੰ ਮਲਮਲ ਦਾ ਦੁਪੱਟਾ ਵੀ ਨਹੀਂ ਜੁੜ ਸਕਦਾ, ਤੇ ਸ਼ਾਹਣੀ ਨਾਇਲੋਨ ਦੇ ਦੁਪੱਟੇ ਦਿੰਦੀ ਏ। ਉਨ੍ਹਾਂ ਨੂੰ ਕਾਹਦੀ ਤਕਲੀਫ ਏ ਜੋ ਸ਼ਿਕਾਇਤ ਕਰਨ।

ਫਰਮੀ ਬੋਲੀ, "ਪਰ ਇਨ੍ਹਾਂ ਦੇ ਭਰਾ, ਪਿਓ, ਕਿਸੇ ਨੂੰ ਗੈਰਤ ਨਹੀਂ ਆਉਂਦੀ? ਥਾਣੇ ਵਿੱਚ ਜਾ ਕੇ ਰਿਪੋਰਟ ਕਰ ਦੇਣ।

ਆਇਸ਼ਾ ਹੱਸ ਪਈ, "ਦੋਵੇਂ ਥਾਣੇਦਾਰ ਸ਼ਾਹ ਜੀ ਦੇ ਪੱਕੇ ਯਾਰ ਨੇ। ਜਿਹੜਾ ਰਪਟ ਲੈ ਕੇ ਜਾਵੇਗਾ, ਉਹਦੀ ਆਪਣੀ ਰਪਟ ਹੋ ਜਾਵੇਗੀ।"ਫਿਰ ਆਇਸ਼ਾ ਨੇ ਫਰਮੀ ਦਾ ਮੋਢਾ ਹਿਲਾ ਕੇ ਆਖਿਆ, "ਇਹਦੀ ਕੀ ਲੋੜ ਏ? ਕਿਸੇ ਦਾ ਕੀ ਪਿਆ ਜਾਂਦਾ ਏ, ਸ਼ਾਹ ਜੀ ਦਾ ਦਿਲ ਖੁਸ਼ ਰਹਿੰਦਾ ਏ। ਸ਼ਾਹਣੀ ਦੀ ਆਖਰਤ ਪਈ ਬਣਦੀ ਏ। ਗਰੀਬਾਂ ਦੀਆਂ ਧੀਆਂ ਨੂੰ ਖਾਣ-ਹੰਢਾਣ ਨੂੰ ਪਿਆ ਮਿਲਦਾ ਏ ਤੇ ਸਾਡੇ ਜਿਹੀਆਂ ਦੀਆਂ ਰੋਜ਼ੀ ਪਈ ਚਲਦੀ ਏ। ਦੱਸ ਖਾਂ?"ਉਹਨੇ ਫਿਰ ਫਰਮੀ ਦਾ ਮੋਢਾ ਫੜ ਕੇ ਹਿਲਾਇਆ, "ਨੁਕਸਾਨ ਕੀਹਦਾ ਏ?

ਆਇਸ਼ਾ ਦਾ ਫਲਸਫਾ ਏਡਾ ਡੂੰਘਾ ਸੀ, ਪਈ ਫਰਮੀ ਕੋਈ ਜਵਾਬ ਨਾ ਸੋਚ ਸਕੀ। ਆਇਸ਼ਾ 'ਮੈਂ ਕੱਲ੍ਹ ਫਿਰ ਆਵਾਂਗੀ' ਆਖ ਕੇ ਆਪਣੇ ਸਲੀਪਰ ਘਸੀਟਦੀਆਂ ਪੌੜੀਆਂ ਉਤਰ ਗਈ।

ਫਰਮੀ ਨੇ ਆਪਣੀ ਡਾਇਰੀ ਵਿੱਚ ਇਕ ਫਿਕਰਾ ਲਿਖਿਆ, "ਦਿਹਾਤ ਵਿੱਚ ਸਿਰਫ ਉਹ ਔਰਤਾਂ ਆਜ਼ਾਦ ਨੇ ਜਿਨ੍ਹਾਂ ਦੇ ਕੱਪੜਿਆਂ ਦੀਆਂ ਲੀਰਾਂ ਤੇ ਮਿੱਟੀ ਦਾ ਰੰਗ ਇਕੋ ਹੋਵੇ।

ਉਹਨੇ ਹੋਰ ਕੁਝ ਲਿਖਣ ਦੀ ਕੋਸ਼ਿਸ਼ ਕੀਤੀ, ਪਰ ਆਇਸ਼ਾ ਦੀਆਂ ਗੱਲਾਂ ਨਾਲ ਉਹਦੇ ਦਿਮਾਗ 'ਤੇ ਪਹੀਆ ਜਿਹਾ ਫਿਰਨ ਲੱਗ ਪਿਆ ਸੀ। ਉਹ ਇੱਕ ਗੱਲ ਸੋਚਦੀ ਤਾਂ ਦੂਜੀ ਸਾਹਮਣੇ ਆ ਜਾਂਦੀ ਸੀ। ਦੂਜੀ ਸੋਚਦੀ ਤਾਂ ਫੇਰ ਪਹਿਲੀ। ਹਾਰ ਕੇ ਉਹਨੇ ਡਾਇਰੀ ਤਕੀਏ ਥੱਲੇ ਧਰ ਦਿੱਤੀ ਤੇ ਲੰਮੀ ਪੈ ਗਈ। ਜੰਨਤ-ਅਰਜ਼ੀ ਜਿੱਥੇ ਔਰਤ ਆਜ਼ਾਦ ਏ! ਪਰ ਉਹ ਜੰਨਤ ਹੈ ਕਿੱਥੇ? ਸੋਚਦੀ ਸੋਚਦੀ ਫਰਮੀ ਸੌਂ ਗਈ।

ਅਗਲੇ ਦਿਨ ਦੁਪਹਿਰ ਦੀ ਰੋਟੀ ਖਾ ਕੇ ਫਰਮੀ ਚੁਬਾਰੇ ਵਿੱਚ ਲੇਟੀ ਪੜ੍ਹੇ ਹੋਏ ਅਖਬਾਰ ਨੂੰ ਫਿਰ ਪਈ ਪੜ੍ਹਦੀ ਸੀ ਕਿ ਆਇਸ਼ਾ ਆ ਗਈ। ਪਹਿਲਾਂ ਤਾਂ ਫਰਮੀ ਦੇ ਪੈਰ ਘੁਟਦੀ ਰਹੀ, ਫਿਰ ਕਹਿਣ ਲੱਗੀ, "ਬੀਬੀ ਜੀ, ਸ਼ਾਹਣੀ ਨੇ ਤੈਨੂੰ ਅੱਜ ਦੀ ਰੋਟੀ 'ਤੇ ਬੁਲਾਇਆ ਏ।

ਫਰਮੀ ਨੂੰ ਇੰਝ ਲੱਗਾ ਜਿਵੇਂ ਉਸ ਨੂੰ ਕਿਸੇ ਨੇ ਗਾਲ੍ਹ ਕੱਢੀ ਹੋਵੇ। ਉਹ ਤੜਫ ਕੇ ਉਠ ਬੈਠੀ, "ਮੈਨੂੰ ਬੁਲਾਇਆ ਏ? ਮੇਰਾ ਉਹਦੇ ਨਾਲ ਕੀ ਲੈਣ-ਦੇਣ ਏ? ਮੇਰਾ ਉਹਨੂੰ ਕਿਸ ਤਰ੍ਹਾਂ ਪਤਾ ਲੱਗਾ? ਜ਼ਰੂਰ ਤੂੰ ਗੱਲ ਕੀਤੀ ਹੋਵੇਗੀ।

ਆਇਸ਼ਾ ਕਹਿਣ ਲੱਗੀ, "ਨਹੀਂ ਬੀਬੀ ਜੀ! ਸਹੁੰ ਰੱਬ ਦੀ, ਮੈਂ ਨਹੀਂ ਗੱਲ ਕੀਤੀ। ਉਹ ਜਿਹੜੀ ਹਲੀਮਾ ਏ ਨਾ, ਜਿਹੜੀ ਤੇਰੀ ਕੱਲ੍ਹ ਨਹੁੰ ਪਾਲਸ਼ ਪਈ ਵੇਖਦੀ ਸੀ, ਉਹਨੇ ਸ਼ਾਹਣੀ ਨੂੰ ਤੇਰੇ ਬਾਰੇ ਦੱਸਿਆ ਏ। ਮੈਂ ਅੱਜ ਗਈ ਤੇ ਕਹਿੰਦੀ ਸੀ ਪਈ, 'ਕੁੰਡਲਾਂ ਵਾਲੇ ਕੱਟੇ ਹੋਏ ਵਾਲ ਨੇ ਤੇ ਗੋਰਾ ਰੰਗ।' ਮੈਨੂੰ ਵੇਖ ਕੇ ਚੁੱਪ ਕਰ ਗਈ, ਪਰ ਮੈਨੂੰ ਪਤਾ ਏ, ਉਹ ਤੇਰੀਆਂ ਗੱਲਾਂ ਕਰਦੀ ਪਈ ਸੀ।

ਫਰਮੀ ਗੁੱਸੇ ਨਾਲ ਰੋਣ ਲੱਗ ਪਈ, "ਕਿਉਂ ਮੇਰਾ ਨਾਂ ਕਿਸੇ ਨੇ ਲਿਆ ਏ? ਮੈਂ ਮਾਮਾ ਜੀ ਨੂੰ ਕਹਾਂਗੀ।

ਆਇਸ਼ਾ ਕਹਿਣ ਲੱਗੀ, "ਆਪਣੇ ਮਾਮੇ ਨਾਲ ਗੱਲ ਨਾ ਕਰ। ਉਹਨੇ ਸ਼ਾਹ ਜੀ ਕੋਲੋਂ ਟਰੈਕਟਰ ਲਿਆ ਸੀ ਤੇ ਅਜੇ ਤੀਕਰ ਪੈਸੇ ਨਹੀਂ ਦਿੱਤੇ। ਸ਼ਾਹ ਜੀ ਅੱਗੇ ਬੋਲੇਗਾ ਤਾਂ ਉਨ੍ਹਾਂ ਨੇ ਇਹਦੀ ਚਟਣੀ ਬਣਾ ਦੇਣੀ ਏ।

ਫਰਮੀ ਦੇ ਅੱਥਰੂ ਰੁਕ ਗਏ। ਉਹਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਕੁੱਟੀ ਹੋਈ ਬਰਫ ਉਹਦੀ ਗਰਦਨ ਉਤੇ ਧਰ ਦਿੱਤੀ ਹੋਵੇ। ਉਹਦਾ ਸਾਰਾ ਸਰੀਰ ਕੰਬਣ ਲੱਗ ਪਿਆ।

ਆਇਸ਼ਾ ਨੇ ਮੁਸਕਰਾ ਕੇ ਪੁੱਛਿਆ, "ਫਿਰ, ਕੀ ਜਵਾਬ ਦਿਆਂ ਸ਼ਾਹਣੀ ਨੂੰ?

ਫਰਮੀ ਨੇ ਹੌਲੀ ਜਿਹੀ ਆਖਿਆ, "ਸ਼ਾਮ ਨੂੰ ਆਵਾਂਗੀ।

ਆਇਸ਼ਾ ਨੇ ਖੁਸ਼ ਹੋ ਕੇ ਉਹਦੇ ਕੁੰਡਲਾਂ ਵਾਲੇ ਸਿਰ 'ਤੇ ਹੱਥ ਫੇਰਿਆ ਤੇ ਕਹਿਣ ਲੱਗੀ, "ਬੜੀ ਅਕਲਾਂ ਵਾਲੀ ਧੀ ਏਂ ਤੂੰ। ਕੇਡੀ ਛੇਤੀ ਗੱਲ ਸਮਝੀ ਏਂ, ਪਰ ਜ਼ਰਾ ਹਨੇਰੇ ਪਏ ਚੱਲੀਂ।

"ਹਾਂ।"ਫਰਮੀ ਨੇ ਆਖਿਆ, "ਹਨੇਰੇ ਪਏ ਚੱਲਾਂਗੀ।

ਆਇਸ਼ਾ ਚਲੀ ਗਈ ਤੇ ਫਰਮੀ ਨੇ ਛੇਤੀ ਨਾਲ ਅਟੈਚੀ ਵਿੱਚ ਆਪਣੇ ਕੱਪੜੇ ਬੰਦ ਕੀਤੇ ਤੇ ਤਿਆਰ ਹੋ ਕੇ ਵਿਹੜੇ ਵਿਚ ਆ ਗਈ। ਉਹਦੀ ਮਾਮੀ ਸਾਗ ਪਈ ਘੋਟਦੀ ਸੀ ਤੇ ਉਹਦੇ ਮਾਮੇ ਦਾ ਨਿੱਕਾ ਪੁੱਤਰ ਕੋਲ ਬੈਠਾ ਫੱਟੀ ਪਿਆ ਲਿਖਦਾ ਸੀ।

ਫਰਮੀ ਨੇ ਆਖਿਆ, "ਮੈਂ ਲਾਹੌਰ ਚੱਲੀ ਆਂ।

"ਐਡੀ ਛੇਤੀ ਤੁਰ ਚੱਲੀ ਏਂ? ਟਿੰਡਾਂ ਵਾਲਾ ਖੂਹ ਤੇ ਵੇਖ ਲੈਣਾ ਸੀ।

"ਅਗਲੇ ਫੇਰੇ ਵੇਖਾਂਗੀ।

"ਆਪਣੇ ਮਾਮੇ ਕੋਲੋਂ ਤੇ ਪੁੱਛ ਲੈਣਾ ਸੀ।

"ਮੈਂ ਪੁੱਛ ਲਿਆ ਸੀ। ਕਹਿੰਦੇ ਸਨ, ਜਦੋਂ ਜੀਅ ਕਰੇ, ਘਰੇ ਚਲੀ ਜਾਈਂ। ਨਾਲੇ ਮੈਂ ਕੁਝ ਲਿਖਣ ਆਈ ਸਾਂ, ਉਹ ਪੂਰਾ ਹੋ ਗਿਆ ਏ। ਹੁਣ ਜਾ ਕੇ ਮਜਮੂਨ ਛਪਣ ਲਈ ਦੇਣਾ ਏ।

"ਅੱਛਾ।"ਮਾਮੀ ਨੇ ਗੱਲ ਸਮਝ ਕੇ ਆਖਿਆ, "ਜੋ ਕੁਝ ਤੂੰ ਲਿਖਿਆ ਏ, ਉਹ ਹੁਣ ਲਾਹੌਰ ਜਾ ਕੇ ਛਾਪੇਂਗੀ?

"ਹਾਂ।"ਫਰਮੀ ਨੇ ਜਵਾਬ ਦਿੱਤਾ, "ਲਾਹੌਰ ਜਾ ਕੇ ਛਾਪਾਂਗੀ।

"ਠੀਕ ਏ।"ਮਾਮੀ ਨੇ ਆਖਿਆ, "ਅੱਲ੍ਹਾ ਬੇਲੀ। ਵੇ ਅਕਬਰ! ਛੱਡ ਰੋਟੀ ਤੇ ਆਪਾ ਨੂੰ ਬਸ ਵਿੱਚ ਬਿਠਾ ਕੇ ਆ।

ਅਕਬਰ ਨੇ ਸਿਆਹੀ ਨਾਲ ਲਿਬੜੇ ਹੱਥ ਆਪਣੀ ਤੰਬੀ ਨਾਲ ਪੂੰਝੇ ਤੇ ਫਰਮੀ ਦਾ ਸੂਟਕੇਸ ਚੁੱਕ ਲਿਆ। ਫਿਰ ਅੱਡੇ 'ਤੇ ਜਾ ਕੇ ਉਹਨੂੰ ਲਾਹੌਰ ਦੀ ਬੱਸ ਬਿਠਾ ਦਿੱਤਾ।

ਬੱਸ ਟੁਰ ਪਈ। ਫਰਮੀ ਦਾ ਦਿਲ ਅਜੇ ਵੀ ਪਿਆ ਕੰਬਦਾ ਸੀ। ਉਹ ਮੁੜ-ਮੁੜ ਕੇ ਬਾਰੀ ਵਿਚੋਂ ਬਾਹਰ ਤੱਕਦੀ ਸੀ, ਜਿਵੇਂ ਉਹਦੇ ਪਿਛੇ ਕੋਈ ਪਿਆ ਆਉਂਦਾ ਹੋਵੇ। ਜਿਉਂ ਜਿਉਂ ਪਿੰਡ ਦੂਰ ਹੁੰਦਾ ਗਿਆ, ਫਰਮੀ ਦੇ ਦਿਲ ਤੋਂ ਭਾਰ ਲੱਥਦਾ ਗਿਆ। ਆਖਰ ਜਦੋਂ ਬੱਸ ਰਾਵੀ ਦੇ ਪੁਲ ਉਤੇ ਪਹੁੰਚੀ, ਸ਼ਾਮ ਹੋ ਚੁੱਕੀ ਸੀ ਤੇ ਲਾਹੌਰ ਦੀਆਂ ਰੌਸ਼ਨੀਆਂ ਝਿਲਮਿਲ-ਝਿਲਮਿਲ ਕਰਦੀਆਂ ਦਰੱਖਤਾਂ ਦਿਆਂ ਪੱਤਰਾਂ ਵਿਚੋਂ ਪਈਆਂ ਲੱਭਦੀਆਂ ਸਨ। ਫਰਮੀ ਨੂੰ ਇਤਮਿਨਾਨ ਹੋ ਗਿਆ ਕਿ ਉਹ ਵਾਪਸ ਉਸ ਜੰਨਤ-ਅਰਜ਼ੀ ਵਿੱਚ ਪਹੁੰਚ ਗਈ ਏ, ਜਿੱਥੇ ਔਰਤ ਆਜ਼ਾਦ ਏ, ਤੇ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਏ। ਜਿੱਥੇ ਜ਼ਹਾਲਤ ਇਲਮ ਦਾ ਭੇਸ ਵਟਾ ਕੇ ਆ ਜਾਏ, ਫਿਰ ਵੀ ਉਹਨੂੰ ਜ਼ਹਾਲਤ ਈ ਆਖਿਆ ਜਾਂਦਾ ਏ; ਜਿੱਥੇ ਬਦੀ ਨੂੰ ਬਦੀ ਕਹਿਣ ਵਾਲੇ ਵਸਦੇ ਨੇ, ਜਿਥੇ ਜ਼ੁਲਮ ਦਾ ਨਾਂ ਜ਼ੁਲਮ ਏ।

# ਮੇਰੀ ਕਲਮ



## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

ਆਗ਼ਾ ਨਿਸਾਰ

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ।
ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ।
ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ।
ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ।
ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ।
ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ।
ਜਦ ਕਸ਼ਿਸ਼ 'ਆਗ਼ਾ' ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ।

## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ

ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ
ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੁਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ,ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ !



## ਨਦੀਏ ਨੀ...

ਪਰਵੀਨ ਕੌਰ ਸਿੱਧੂ



ਨਦੀਏ ਨੀ ਤੂੰ ਤੁਰਦੀ ਜਾ,
ਮਟਕ ਹੁਲਾਰੇ ਖਾਂਦੀ ਜਾ।
ਸਿੱਕ ਪ੍ਰੀਤਮ ਨੂੰ ਮਿਲਣ ਦੀ,
ਮਨ ਵਿੱਚ ਰੱਖ ਕੇ ਤੁਰਦੀ ਜਾ।
ਕਾਹਲ਼ ਕੀਤਿਆਂ ਕੁਝ ਨਹੀਂ ਹੋਣਾ,
ਆਪਣੀ ਚਾਲੇ ਵੱਧਦੀ ਜਾ।
ਉਬੜ-ਖੋਬੜ ਰਾਹ ਵੀ ਆਉਣੇ,
ਗੀਤ ਆਸ ਦੇ ਗਾਉਂਦੀ ਜਾ।
ਨਾਲ਼ ਪਾਣੀ ਤੇਰਾ ਡੂੰਘਾ ਰਿਸ਼ਤਾ,
ਕਲ-ਕਲ ਕਰਦੀ ਵਹਿੰਦੀ ਜਾ।
ਮੰਜ਼ਲ ਮਿਲ ਹੀ ਜਾਣੀ ਇੱਕ ਦਿਨ,
ਭਰੋਸਾ ਖ਼ੁਦ 'ਤੇ ਕਰਦੀ ਜਾ।
ਪੱਧਰ, ਪਰਬਤ ਤੇ ਪੱਥਰਾਂ ਨੂੰ,
ਚੀਰ ਕੇ ਥਾਂ ਬਣਾਉਂਦੀ ਜਾ।
ਰਸਤੇ ਆਪਣੇ ਮਾਪੀ ਜਾ।
ਚਾਲ ਨਿਰੰਤਰ ਚਲਦੀ ਜਾ।
ਨਦੀਏ ਨੀ ਤੂੰ ਤੁਰਦੀ ਜਾ,
ਮਟਕ ਹੁਲਾਰੇ ਖਾਂਦੀ ਜਾ।

## ਮੈਂ ਵਣ ਮਾਛੀਵਾੜਾ ਬੋਲ ਰਿਹਾ

ਅਰਜ਼ਪ੍ਰੀਤ

ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

ਮੇਰੀ ਗੱਲ ਸੁਣ ਲਓ ਤੁਸੀਂ ਚਿੜੀਓ ਨੀ
ਬਹੁਤਾ ਚੀਂ-ਚੀਂ ਨਾ ਤੁਸੀਂ ਕਰਿਓ ਨੀਂ
ਮੈਂ ਹਿੱਕ 'ਤੇ ਅਲਾਹ ਤੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

ਇਹ ਰਾਜਾ ਹੈ ਫਕੀਰ ਜਿਹਾ
ਫੁੱਲ ਵੀ ਹੈ ਸ਼ਮਸ਼ੀਰ ਜਿਹਾ
ਮੇਰੀ ਗੱਲ ਸੁਣ ਲੈ ਤੂੰ ਸੂਰਜਾ ਵੇ
ਪੋਹ ਵਿੱਚ ਤਪਸ਼ ਜਿਹੀ ਕਰ ਜਾ ਵੇ
ਇਹ ਸੀਤ 'ਚ ਵੀ ਅਡੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

ਖ਼ੁਦ ਨੂੰ ਗਰੀਬੜਾ ਦੱਸ ਰਿਹਾ
ਇਹ ਪੁੱਤ ਮਰਾ ਕੇ ਹੱਸ ਰਿਹਾ
ਗੱਲ ਸੁਣ ਲੈ ਤੇਜ਼ ਹਵਾਏ ਨੀ
ਖ਼ਬਰਦਾਰ ਜੇ ਐਧਰ ਆਏਂ ਨੀਂ
ਮੈਂ ਇਸਦਾ ਦੁਖੜਾ ਫੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

ਪਿਓ ਵੀ ਧਰਮ ਤੋਂ ਵਾਰ ਦਿੱਤਾ
ਕੌਮ ਲੇਖੇ ਲਾ ਪਰਿਵਾਰ ਦਿੱਤਾ
ਕਾਇਨਾਤੇ ਮੇਰੀ ਗੱਲ ਸੁਣ ਜਾ
ਇੱਕ ਖੇਸ ਸੁਨਿਹਰੀ ਤੂੰ ਬੁਣ ਜਾ
ਇਹਨੂੰ ਵਾਂਗ ਭੰਘੂੜੇ ਝੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ ਚ ਮਹਿਰਮ ਸੌਂ ਰਿਹਾ

ਚਿੜੀਆਂ ਤੋਂ ਇਹ ਬਾਜ ਤੜਾਵੇ
ਸਵਾ ਲੱਖ ਨਾਲ ਇੱਕ ਲੜਾਵੇ
ਇਹ ਦੂਰ ਸਭ ਆਲਸ ਕਰ ਰਿਹਾ
ਇਹ ਡਰ ਨੂੰ ਖਾਲਸ ਕਰ ਰਿਹਾ
ਇਹਨੂੰ ਤੱਕ ਕਾਲਜਾ ਹੌਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

ਕਿੰਨਾ ਸੋਹਣਾ ਇਸਦਾ ਵੇਸ ਹੈ
ਇਹ ਬਾਦਸ਼ਾਹ ਦਰਵੇਸ਼ ਹੈ
ਇਹਨੂੰ ਲੱਖ-ਲੱਖ ਸਿਜਦੇ ਕਰ ਰਿਹਾਂ
ਇਹ ਜਾਗ ਨਾ ਜਾਵੇ ਡਰ ਰਿਹਾਂ
ਇਹਦੀ ਛੋਹ ਤੋਂ ਹੋ ਅਨਮੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌਂ ਰਿਹਾ

## ਚੰਨ ਬੱਦਲਾਂ 'ਚ ਛੁਪਦਾ ਮੈਂ ਆਪ ਵੇਖਿਆ

ਕੁਲਜੀਤ ਕੌਰ ਗ਼ਜ਼ਲ



ਚੰਨ ਬੱਦਲਾਂ 'ਚ ਛੁਪਦਾ ਮੈਂ ਆਪ ਵੇਖਿਆ
ਇੱਕ ਅਜੂਬਾ ਮੈਂ ਪੁੰਨਿਆਂ ਦੀ ਰਾਤ ਵੇਖਿਆ

ਮੈਨੂੰ ਜਾਪਦੇ ਸੀ ਜੁਗਨੂੰ ਵੀ ਹੱਸਦੇ ਪਏ
ਓਹਦੇ ਬਾਰੇ ਸੀ ਕੁਝ ਮੈਨੂੰ ਦਸਦੇ ਪਏ
ਲੁਕਣਮੀਟੀਆਂ ਓਹ ਖੇਡਦਾ ਸੀ ਅੰਬਰਾਂ ਦੇ ਵਿੱਚ
ਓਹਨੂੰ ਲਭਣ ਚਕੋਰਾਂ ਮੈਂ ਕਈ ਵਾਰ ਵੇਖਿਆ

ਅਸੀਂ ਹੱਸਦੇ ਰਹੇ ਬੁੱਲਿਆਂ 'ਚ ਗੁਝੇ ਗੁਝੇ ਹਾਸੇ
ਨਾਲ ਚਾਨਣੀ ਦੇ ਖਿੜੀ ਸੀ ਬਹਾਰ ਚਾਰੇ ਪਾਸੇ
ਵਿੱਚ ਬੱਦਲਾਂ ਦੇ ਕਿੱਦਾਂ ਓਹਨੂੰ ਗੌਉਰ ਨਾਲ ਵੇਖਾਂ
ਖੋਉਰੇ ਚੰਨ ਵਿੱਚ ਆਪਾਂ ਦਿਲਦਾਰ ਵੇਖਿਆ

ਇਹਨਾਂ ਗੀਤਾਂ ਵਿੱਚ ਸੁੰਨੇ ਸੁੰਨੇ ਅਖਰਾਂ ਦਾ ਰੋਣਾ
ਓਹਨੇ ਲੰਘ ਜਾਣਾ ਪਰ ਸਾਡੇ ਵਿਹੜੇ ਨਹੀਂ ਅਓਣਾ
ਟਿਮਟਿਮਾਓਂਦੇ ਜੋ ਲਗਦੇ ਸੀ ਪਿਆਰੇ ਬੜੇ
ਇਹਨਾਂ ਤਾਰਿਆਂ ਨੂੰ ਦਿੰਦਿਆਂ ਸਰਾਪ ਵੇਖਿਆ

ਸਾਡੇ ਨੈਣਾ ਵਿਚੋਂ ਉੱਜੜੀ ਹੈ ਮਸਤ ਜੇਹੀ ਝਾਕ
ਨਿੱਤ ਸੱਜਰੀ ਸਵੇਰ ਸਾਨੂੰ ਕਰਦੀ ਮਜ਼ਾਕ
ਤੇਰੇ ਦਰਸ ਤਾਂ ਮਹਿੰਗੇ ਨੇ ਜਿੰਦਗੀ ਦੇ ਨਾਲੋਂ
ਨਿੱਤ ਕਰਦੇ ਨਜ਼ਾਰਿਆਂ ਨੂੰ ਮੈਂ ਪਾਪ ਵੇਖਿਆ

ਓਹਨੂੰ ਕਾਲੀ ਰਾਤ ਦੇ ਹਨੇਰੇ ਵਿੱਚ ਭਾਲਦੀ ਫਿਰਾਂ
ਵਿੱਚ ਲਾਰਿਆਂ ਦੇ ਨੀਂਦਰਾਂ ਨੂੰ ਟਾਲਦੀ ਫਿਰਾਂ
ਸਾਡੇ ਵਿਹੜੇ ਵਿੱਚ ਨਾ ਲਾਇਆ ਕਦੇ ਚਾਨਣਾ ਨੇ ਗੇੜਾ
ਇਹ ਤਾਂ ਗ਼ਜ਼ਲ ਦਿਆਂ ਨੈਣਾ ਨੇ ਸੀ ਖ਼ਾਬ ਵੇਖਿਆ

## ਸੁੱਤਿਆਂ ਨੂੰ ਬੇਦਾਰ ਕਰਾਂ ਮੈਂ

ਆਗ਼ਾ ਨਿਸਾਰ

ਸੁੱਤਿਆਂ ਨੂੰ ਬੇਦਾਰ ਕਰਾਂ ਮੈਂ ਸੋਚ ਰਿਹਾਂ।
ਕੋਸ਼ਿਸ਼ ਫਿਰ ਇੱਕ ਵਾਰ ਕਰਾਂ ਮੈਂ ਸੋਚ ਰਿਹਾਂ।
ਆਪਣੇ ਮਗਰੋਂ ਆਵਣ ਵਾਲੇ ਲੋਕਾਂ ਲਈ,
ਰਸਤੇ ਨੂੰ ਹਮਵਾਰ ਕਰਾਂ ਮੈਂ ਸੋਚ ਰਿਹਾਂ।
ਬੰਦਿਆਂ 'ਤੇ ਇਤਬਾਰ ਕਰਨ ਤੋਂ ਚੰਗਾ ਏ,
ਸੱਪਾਂ 'ਤੇ ਇਤਬਾਰ ਕਰਾਂ ਮੈਂ ਸੋਚ ਰਿਹਾਂ ।
ਮਰ ਵੀ ਜਾਵਾਂ ਤੇ ਇਹ ਦੁਨੀਆਂ ਯਾਦ ਕਰੇ,
ਉਹ ਅਣਹੋਣੀ ਕਾਰ ਕਰਾਂ ਮੈਂ ਸੋਚ ਰਿਹਾਂ ।
ਜ਼ਿੰਦੜੀ ਨੂੰ ਤੇ ਨੇੜੇ ਹੋ ਕੇ ਵੇਖ ਲਿਆ,
ਮੌਤ ਦਾ ਹੁਣ ਦੀਦਾਰ ਕਰਾਂ ਮੈਂ ਸੋਚ ਰਿਹਾਂ ।
ਅੱਖਾਂ ਜੀਹਦੀ ਸੂਰਤ ਵੀ ਨਾ ਤੱਕਣਾ ਚਾਹੁਣ,
'ਆਗ਼ਾ' ਉਹਨੂੰ ਪਿਆਰ ਕਰਾਂ ਮੈਂ ਸੋਚ ਰਿਹਾਂ ।

## ਸਮੇਂ ਦੇ ਗੇੜ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਮੇਰੀ ਕਰੂਪਤਾ ਨੂੰ ਦੇਖ, ਭੱਜਦੇ ਅੱਜ ਪਰੇ ਪਰੇ,
ਕਦੀ ਸੁੰਦਰਤਾ ਮੇਰੀ ਦੇਖ, ਮੇਰੇ 'ਤੇ ਕਈ ਮਰੇ।
ਜਦੋਂ ਲੋੜ ਸੀ ਮੈਨੂੰ ਮੇਰੇ, ਦੁਆਲੇ ਹਮਦਰਦਾਂ ਦੀ,
ਉਹ ਛੱਡ ਕੇ ਮੇਰਾ ਪੱਲਾ, ਜਾ ਵਸੇ ਹੋਰ ਘਰੇ।
ਇਕੱਲਿਆਂ ਆਹਾਂ ਭਰ, ਜਦੋਂ ਹੰਝੂ ਸੁੱਕ ਗਏ,
ਕਈ ਮੋਢੇ ਮੈਂ ਦੇਖੇ, ਮੇਰੇ ਗਿਰਦ ਖੜ੍ਹੇ।
ਜਦੋਂ ਨਫਰਤ ਦਾ ਸਬਕ, ਸਿਖਾਇਆ ਲੋਕਾਂ ਨੇ,
ਕਿਸੇ ਨੇ ਆ ਕੇ ਪਿਆਰ, ਨਾਲ ਮੇਰੇ ਹੱਥ ਫੜੇ।
ਉਮੀਦੀ ਕਿਰਨ ਉਡੀਕਦਿਆਂ, ਜੋ ਮੇਰੀ ਅੱਖ ਲੱਗੀ,
ਤਾਂ ਸੂਰਜ ਨੇ ਦਿੱਤੀ ਦਸਤਕ, ਮੇਰੇ ਅਣਜਾਣ ਦਰੇ।
ਮੋੜ ਬਹੁਤ ਨੇ ਆਉਂਦੇ, ਨਿੱਜੀ ਪਗਡੰਡੀਆਂ 'ਤੇ,
ਪਰ ਰਸਤੇ ਬੰਦ ਨਹੀਂ ਹੁੰਦੇ, ਜੇ ਕੋਈ ਚੱਲ ਪਵੇ।
ਸਫਲਤਾਵਾਂ ਨੇ ਦਿੱਤਾ, ਮੈਨੂੰ ਸੰਸਾਰ ਸਾਰਾ,
ਅਸਫਲਤਾਵਾਂ ਨੇ ਕਿਉਂ, ਨੇ ਮੇਰੇ ਨੈਣ ਭਰੇ?
ਨਰ ਚਾਹੇ ਭਾਵੇਂ ਕੁੱਛ, ਪਰ ਮਿਲਦਾ ਹੋਰ ਹੀ ਹੈ,
ਪੂਰੇ ਨਾ ਹੁੰਦੇ ਮਨਸੂਬੇ, ਭਾਵੇਂ ਕੋਈ ਲੱਖ ਘੜੇ।
ਪਰ ਹਾਰ ਮੰਨ ਕੇ ਬਹਿਣਾ, ਕਦੀ ਵੀ ਸੋਹੰਦਾ ਨਹੀਂ,
ਜੰਗਾਂ ਉਹ ਵੀ ਨੇ ਜਿੱਤੇ, ਜੋ ਕਈ ਵਾਰ ਹਰੇ।
ਚੱਲਦੇ ਸਾਹਾਂ ਵਿੱਚ ਹਮੇਸ਼ਾਂ, ਕਿਰਨ ਉਮੀਦਾਂ ਦੀ,
ਹਨੇਰਾ ਤਾਂ ਉਦੋਂ ਹੀ ਪਸਰੇ, ਜਦੋਂ ਕੋਈ ਜਿੰਦ ਮਰੇ।

## ਅਜੋਕਾ ਮਨੁੱਖ

ਉੱਤਮਵੀਰ ਸਿੰਘ ਦਾਊਂ



ਉਂਝ ਤਾਂ
ਹਰ ਸ਼ਖ਼ਸ
ਜੀਅ ਰਿਹਾ ਏ
ਚੈਨ ਦੀ ਜ਼ਿੰਦਗੀ
ਉੱਪਰੋਂ ਦਿਖਾਉਣ ਲਈ
ਕਿ ਸਭ ਕੁਝ ਹੈ ਠੀਕ
ਪਰ,
ਆਪਣੇ ਧੁਰ ਅੰਦਰ
ਲੁਕਾਈ ਬੈਠਾ ਏ
ਤੂਫ਼ਾਨ ਦੇ
ਆਉਣ ਤੋਂ ਪਹਿਲਾਂ
ਦਬੀ ਹੋਈ ਰੇਤ ਦੀ
ਖ਼ਾਮੋਸ਼ ਜਹੀ
ਬੇਚੈਨੀ
ਇਉਂ ਜਾਪਦਾ
ਜਿਵੇਂ ਪਲਾਂ ਛਿਣਾਂ 'ਚ
ਫਟ ਜਾਣਗੀਆਂ
ਦਿਮਾਗ਼ ਦੀਆਂ ਨਸਾਂ
ਤੇ ਉਹ
ਸਦਾ ਲਈ ਹੀ
ਚਿੰਤਾਵਾਂ, ਗੁਰਬਤਾਂ, ਤੋਹਮਤਾਂ ਦੀ
ਖ਼ਲਜਗਣ ਤੋਂ
ਹੋ ਜਾਏਗਾ ਸੁਰਖ਼ਰੂ
ਸ਼ਾਇਦ,
ਇਹੋ ਹੀ ਸੀ
ਉਸ ਦੀ ਹੋਂਦ ਦਾ
ਅੰਤ...

## ਯਾਰ ਕਹਿੰਦਾ ਸੀ ਜੋ ਗ਼ਰਜ਼ਾਂ ਦਾ

ਅਨਵਰ 'ਉਦਾਸ'

ਯਾਰ ਕਹਿੰਦਾ ਸੀ ਜੋ ਗ਼ਰਜ਼ਾਂ ਦਾ ਪੁਜਾਰੀ ਨਿਕਲਿਆ।
ਮੈਂ ਰਿਹਾ ਸਾਦਾ ਸਮਝਦਾ ਉਹ ਮਦਾਰੀ ਨਿਕਲਿਆ।
ਕਿਸ ਤਰ੍ਹਾਂ ਜੀਵਨ ਬਿਤਾਵਾਂ ਯਾਰ ਮੇਰੇ ਦੀ ਤਰ੍ਹਾਂ,
ਅੱਜ ਮਿਰਾ ਸਾਇਆ ਵੀ ਦੁਸ਼ਮਨ ਦਾ ਹਵਾਰੀ ਨਿਕਲਿਆ।
ਮੰਜ਼ਿਲਾਂ 'ਤੇ ਜਾਣ ਦੇ ਪੁਖ਼ਤਾਂ ਇਰਾਦੇ ਸਨ ਮਿਰੇ,
ਪਰ ਮਿਰਾ ਜੁੱਸਾ ਮੇਰੀ ਹਿੰਮਤ ਤੋਂ ਭਾਰੀ ਨਿਕਲਿਆ।
ਸੋਚ ਦੇ ਪੱਤੇ ਹਰੇ ਹੋਏ ਖ਼ਿਜ਼ਾ ਰੁੱਤੇ ਜਦੋਂ,
ਝੂਠ ਦੀ ਬਸਤੀ 'ਚੋਂ ਇੱਕ ਸੱਚਾ ਲਿਖਾਰੀ ਨਿਕਲਿਆ।
ਲੁੱਟਿਆ ਏ ਕਾਫ਼ਲੇ ਨੂੰ ਕਾਫ਼ਲੇ ਦੇ ਆਗੂਆਂ,
ਰਹਿਨੁਮਾ ਦੇ ਭੇਸ ਵਿੱਚ ਹਰ ਇੱਕ ਸ਼ਿਕਾਰੀ ਨਿਕਲਿਆ।
ਪਿਆਰ ਦੇ ਬਦਲੇ 'ਚ 'ਅਨਵਰ' ਨਫ਼ਰਤਾਂ ਉਸ ਮੋੜੀਆਂ,
ਬੇ-ਵਿਹਾਰੇ ਦੌਰ ਵਿੱਚ ਬੰਦਾ ਵਿਹਾਰੀ ਨਿਕਲਿਆ ।।

# ਪੈਰਿਸ ਉਲੰਪਿਕਸ 'ਚ ਹਿੱਸਾ ਲੈਣ ਵਾਲੇ ਹਰ ਪੰਜਾਬੀ ਖਿਡਾਰੀ ਨੂੰ ਮਿਲਣਗੇ 15 ਲੱਖ ਰੁਪਏ

## ਉਲੰਪਿਕਸ ਵਿੱਚ ਸੋਨੇ, ਚਾਂਦੀ ਤੇ ਕਾਂਸੀ ਦਾ ਤ.ਗਮਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਮਿਲਣਗੇ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇੱਕ ਕਰੋੜ ਰੁਪਏ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਸਰਕਾਰ ਨੇ ਅਗਲੇ ਮਹੀਨੇ ਪੈਰਿਸ ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਪੰਜਾਬੀ ਖਿਡਾਰੀ ਨੂੰ ਨਵੀਂ ਖੇਡ ਨੀਤੀ ਅਨੁਸਾਰ 15-15 ਲੱਖ ਰੁਪਏ ਦੇਣ ਦਾ ਫੈਸਲਾ ਕੀਤਾ ਹੈ ਜਦੋਂ ਕਿ ਉਲੰਪਿਕਸ ਵਿੱਚ ਸੋਨੇ, ਚਾਂਦੀ ਤੇ ਕਾਂਸੀ ਦਾ ਤਗਮਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇੱਕ ਕਰੋੜ ਰੁਪਏ ਮਿਲਣਗੇ। ਇਹ ਗੱਲ ਸੂਬੇ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਖੀ

## ਪੰਜਾਬ ਵਿੱਚ ਚੱਲ ਰਿਹਾ ਹੈ ਖੇਡ ਨਰਸਰੀਆਂ ਦੀ ਸਥਾਪਨਾ ਦਾ ਕੰਮ : ਖੇਡ ਮੰਤਰੀ

ਹੈ। ਹੇਅਰ ਨੇ ਪਿਛਲੇ ਦਿਨੀਂ ਪੰਜਾਬ ਸਿਵਲ ਸਕੱਤਰੇਤ ਵਿੱਚ ਖੇਡ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਕਰਦਿਆਂ ਉਲੰਪਿਕਸ ਜਾਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ ਜਲਦ ਰਾਸ਼ੀ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਦੇ ਛੇ ਨਿਸ਼ਾਨੇਬਾਜ਼ਾਂ ਦੀ ਉਲੰਪਿਕਸ ਲਈ ਚੋਣ ਹੋ ਚੁੱਕੀ ਹੈ ਜਦੋਂ ਕਿ ਹਾਕੀ,



ਨਿਸ਼ਾਨੇਬਾਜ਼ੀ ਤੇ ਅਥਲੈਟਿਕਸ ਵਿੱਚ ਹੋਰ ਵੀ ਵੱਡੀ ਗਿਣਤੀ ਵਿੱਚ ਪੰਜਾਬੀ ਖਿਡਾਰੀਆਂ ਦੀ ਚੋਣ ਹੋਣੀ ਬਾਕੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿੱਚ ਪੰਜਾਬੀ ਖਿਡਾਰੀਆਂ ਵੱਲੋਂ ਤਗਮੇ ਜਿੱਤਣ ਅਤੇ ਹਿੱਸਾ ਲੈਣ ਦੇ ਬਣਾਏ ਰਿਕਾਰਡ ਵਾਂਗ ਇਸ ਵਾਰ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਜਾਣ ਵਾਲੇ ਪੰਜਾਬੀ ਖਿਡਾਰੀਆਂ ਦਾ ਵੀ ਰਿਕਾਰਡ ਬਣੇਗਾ। ਖੇਡ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਖੇਡ ਨਰਸਰੀਆਂ ਦੀ ਸਥਾਪਨਾ ਦਾ ਕੰਮ ਚੱਲ ਰਿਹਾ ਹੈ, ਜੋ ਚੋਣ ਜ਼ਾਬਤਾ ਲੱਗਣ ਕਰਕੇ ਆਰਜ਼ੀ ਤੌਰ 'ਤੇ ਰੁਕਿਆ ਹੋਇਆ ਹੈ। ਇਸੇ ਤਰ੍ਹਾਂ ਸੂਬੇ ਦੇ ਪਿੰਡਾਂ-ਸ਼ਹਿਰਾਂ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਲਈ ਖੇਡ ਢਾਂਚੇ ਦੇ ਨਿਰਮਾਣ ਦਾ ਕੰਮ ਵੀ ਪ੍ਰਗਤੀ ਅਧੀਨ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਮੀਟਿੰਗ ਵਿੱਚ ਵਿਸ਼ੇਸ਼ ਮੁੱਖ ਸਕੱਤਰ ਖੇਡਾਂ ਸਰਵਜੀਤ ਸਿੰਘ, ਵਿਸ਼ੇਸ਼ ਸਕੱਤਰ ਆਨੰਦ ਕੁਮਾਰ ਤੇ ਹੋਰ ਅਧਿਕਾਰੀ ਹਾਜ਼ਰ ਸਨ।

## ਕੁਸ਼ਤੀ 'ਚ ਇਤਿਹਾਸ ਰਚਣ ਲਈ ਤਿਆਰ ਹਨ ਸੰਗਰਾਮ ਸਿੰਘ

ਮੁੰਬਈ/ਏ.ਟੀ.ਨਿਊਜ਼: ਰਾਸ਼ਟਰਮੰਡਲ ਖੇਡਾਂ ਦੇ ਸਾਬਕਾ ਚੈਂਪੀਅਨ ਸੰਗਰਾਮ ਸਿੰਘ ਮਿਕਸਡ ਮਾਰਸ਼ਲ ਆਰਟਸ (ਐਮ.ਐਮ.ਏ.) ਵਿੱਚ ਸ਼ਾਮਲ ਹੋਣ ਵਾਲਾ ਪਹਿਲਾ ਭਾਰਤੀ ਪੁਰਸ਼ ਪਹਿਲਵਾਨ ਬਣਨ ਲਈ ਤਿਆਰ ਹੈ। ਸੰਗਰਾਮ ਮਹਿਲਾ ਪਹਿਲਵਾਨ ਪੂਜਾ ਤੋਮਰ ਤੋਂ ਬਾਅਦ ਐਮ.ਐਮ.ਏ. ਫਾਈਟਰ ਵਜੋਂ ਮੁਕਾਬਲਾ ਕਰਨ ਵਾਲਾ ਦੂਜਾ ਭਾਰਤੀ ਪਹਿਲਵਾਨ ਬਣ ਜਾਵੇਗਾ। ਸੰਗਰਾਮ ਨੇ ਕਿਹਾ ਕਿ ਕੁਸ਼ਤੀ ਨੇ ਮੈਨੂੰ ਆਪਣੇ ਦੇਸ਼ ਦੇ ਲੋਕਾਂ ਦਾ ਪਿਆਰ ਸਮੇਤ ਬਹੁਤ ਕੁਝ ਦਿੱਤਾ ਹੈ ਅਤੇ ਮੈਨੂੰ ਭਰੋਸਾ ਹੈ ਕਿ ਮੈਨੂੰ ਭਵਿੱਖ ਵਿੱਚ ਵੀ ਉਨ੍ਹਾਂ ਦਾ ਸਹਿਯੋਗ ਮਿਲਦਾ ਰਹੇਗਾ।



ਭਾਰਤ ਲਈ ਕੁਸ਼ਤੀ ਵਿੱਚ ਲਗਭਗ 25 ਸਾਲਾਂ ਦੇ ਇੱਕ ਸ਼ਾਨਦਾਰ ਕੈਰੀਅਰ ਦੇ ਨਾਲ, ਸੰਗਰਾਮ ਇੱਕ ਐਮ.ਐਮ.ਏ. ਲੜਾਕੂ ਵਜੋਂ ਆਪਣੇ ਨਵੇਂ ਕਦਮ ਲਈ ਤਿਆਰ ਹੈ। ਸੰਗਰਾਮ ਨੇ ਐੱਮ.ਐੱਮ.ਏ. ਫਾਈਟਰ ਦੇ ਰੂਪ 'ਚ ਆਪਣੇ ਬਦਲਾਅ 'ਤੇ ਕਿਹਾ, ਐੱਮ.ਐੱਮ.ਏ. ਭਵਿੱਖ ਹੈ, ਪਿਛਲੇ ਕੁਝ ਸਾਲਾਂ 'ਚ ਇਸ ਦੀ ਵਧਦੀ ਲੋਕਪ੍ਰਿਅਤਾ ਆਪਣੇ ਆਪ 'ਚ ਬੋਲਦੀ ਹੈ। ਇਸ ਖੇਡ ਨੂੰ ਭਾਰਤ ਵਿੱਚ ਸਭ ਤੋਂ ਵੱਧ ਦਰਸ਼ਕ ਪ੍ਰਾਪਤ ਹੁੰਦੇ ਹਨ ਅਤੇ ਮੈਨੂੰ ਉਮੀਦ ਹੈ ਕਿ ਇਸ ਖੇਡ ਦੇ ਪ੍ਰਸ਼ੰਸਕ ਵੀ ਇਸੇ ਤਰ੍ਹਾਂ ਮੇਰਾ ਸਮਰਥਨ ਕਰਨਗੇ। ਕੁਸ਼ਤੀ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਜਿਸ ਵਿੱਚ ਮੇਰੇ ਦੇਸ਼ ਦੇ ਲੋਕਾਂ ਦਾ ਪਿਆਰ ਵੀ ਸ਼ਾਮਲ ਹੈ ਅਤੇ ਮੈਨੂੰ ਉਮੀਦ ਹੈ ਕਿ ਉਹ ਮੇਰੇ ਨਵੇਂ ਸਫ਼ਰ ਵਿੱਚ ਅਜਿਹਾ ਹੀ ਕਰਦੇ ਰਹਿਣਗੇ। ਸੰਗਰਾਮ ਨੇ ਹਾਲ ਹੀ ਵਿੱਚ ਦੁਬਈ ਪ੍ਰੋ ਕੁਸ਼ਤੀ ਚੈਂਪੀਅਨਸ਼ਿਪ ਵਿੱਚ 6 ਸਾਲਾਂ ਦੇ ਵਕਫੇ ਤੋਂ ਬਾਅਦ ਵਾਪਸੀ ਕਰਕੇ ਕੁਸ਼ਤੀ ਦੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ ਅਤੇ ਉਸਦਾ ਟੀਚਾ ਐੱਮ.ਐੱਮ.ਏ. ਦੇ ਨਾਲ-ਨਾਲ ਆਪਣੇ ਕੁਸ਼ਤੀ ਕੈਰੀਅਰ ਨੂੰ ਜਾਰੀ ਰੱਖਣਾ ਹੈ। ਸੰਗਰਾਮ ਦੀ ਵਾਪਸੀ ਸਫਲ ਰਹੀ। ਉਸ ਨੇ ਪਾਕਿਸਤਾਨ ਦੇ ਮੁਹੰਮਦ ਸਈਦ ਨੂੰ ਲਗਪਗ ਇਕਤਰਫਾ ਮੈਚ 'ਚ ਹਰਾ ਕੇ ਮੈਟ 'ਤੇ ਆਪਣੀ ਕਾਬਲੀਅਤ ਸਾਬਤ ਕੀਤੀ। ਇਸ ਸਫਲ ਲੜਾਈ ਤੋਂ ਬਾਅਦ ਐਮ.ਐਮ.ਏ. ਵਿੱਚ ਕਦਮ ਰੱਖਣਾ ਸੁਭਾਵਿਕ ਸੀ ਕਿਉਂਕਿ ਐਮ.ਐਮ.ਏ. ਭਵਿੱਖ ਵੱਲ ਅਗਲਾ ਕਦਮ ਹੈ ਅਤੇ ਇਸਦੀ ਲੋਕਪ੍ਰਿਅਤਾ ਦਿਨੋਂ ਦਿਨ ਵੱਧ ਰਹੀ ਹੈ।

ਮਿਕਸਡ ਮਾਰਸ਼ਲ ਆਰਟਸ ਨੂੰ ਦੁਨੀਆਂ ਦੀਆਂ ਸਭ ਤੋਂ ਮੁਸ਼ਕਿਲ ਖੇਡਾਂ ਵਿੱਚੋਂ ਇੱਕ ਕਿਹਾ ਜਾ ਸਕਦਾ ਹੈ। ਇਹ ਬਹੁਤ ਸਾਰੀਆਂ ਮਾਰਸ਼ਲ ਆਰਟਸ ਦਾ ਮਿਸ਼ਰਣ ਹੈ। ਕੁਸ਼ਤੀ ਵਿੱਚ ਵਿਆਪਕ ਅਨੁਭਵ ਲਾਭਦਾਇਕ ਹੋਵੇਗਾ। ਕੁਸ਼ਤੀ ਮਿਕਸਡ ਮਾਰਸ਼ਲ ਆਰਟਸ ਦੀ ਨੀਂਹ ਹੈ, ਜਿਸ ਵਿੱਚ ਟੇਕਡਾਉਨ, ਨਿਯੰਤਰਣ , ਜ਼ਮੀਨ-ਅਤੇ-ਪਾਊਂਡ ਤਕਨੀਕਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ।

## ਹਾਕੀ ਨੂੰ ਹੋਰ ਉਚਾਈਆਂ 'ਤੇ ਲਿਜਾਣ ਲਈ ਅਹਿਮ ਹੋਵੇਗਾ ਵਿਸ਼ਵ ਕੱਪ

ਲੌਸੇਨ/ਏ.ਟੀ.ਨਿਊਜ਼ : ਭਾਰਤ ਅਗਲੇ ਸਾਲ ਪੁਰਸ਼ ਜੂਨੀਅਰ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ। ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ.) ਦੇ ਕਾਰਜਕਾਰੀ ਬੋਰਡ ਨੇ ਇਹ ਐਲਾਨ ਕੀਤਾ। ਇਹ ਮੁਕਾਬਲਾ ਦਸੰਬਰ ਵਿੱਚ ਖੇਡਿਆ ਜਾਵੇਗਾ। ਇਹ ਮੁਕਾਬਲਾ ਪਹਿਲੀ ਵਾਰ ਹੋਵੇਗਾ ਜਿੱਥੇ 24 ਟੀਮਾਂ ਹਿੱਸਾ ਲੈਣਗੀਆਂ। ਇਹ ਐਲਾਨ ਕਰਦੇ ਹੋਏ, ਐਫ.ਆਈ.ਐਚ. ਦੇ ਪ੍ਰਧਾਨ ਤੈਯਬ ਇਕਰਾਮ ਨੇ ਕਿਹਾ, "ਮੈਨੂੰ ਬਹੁਤ ਖੁਸ਼ੀ ਹੈ ਕਿ ਐਫ.ਆਈ.ਐਚ. ਹਾਕੀ ਜੂਨੀਅਰ ਵਿਸ਼ਵ ਕੱਪ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਮੈਂ ਅਗਲੇ ਸਾਲ ਇਨ੍ਹਾਂ 24 ਨੌਜਵਾਨ ਟੀਮਾਂ ਨੂੰ ਐਕਸ਼ਨ ਵਿੱਚ ਵੇਖਣ ਲਈ ਉਤਸੁਕ ਹਾਂ। ਇਹ 24 ਟੀਮਾਂ ਸਾਡੀ ਖੇਡ ਦੇ ਭਵਿੱਖ ਦੀ ਪ੍ਰਤੀਨਿਧਤਾ ਕਰਨਗੀਆਂ।



ਆਖਰੀ ਜੂਨੀਅਰ ਵਿਸ਼ਵ ਕੱਪ 2023 ਵਿੱਚ ਕੁਆਲਾਲੰਪੁਰ ਵਿੱਚ ਖੇਡਿਆ ਗਿਆ ਸੀ ਜਿਸ ਵਿੱਚ ਜਰਮਨੀ ਨੇ ਫਾਈਨਲ ਵਿੱਚ ਫਰਾਂਸ ਨੂੰ 2-1 ਨਾਲ ਹਰਾ ਕੇ ਖਿਤਾਬ ਜਿੱਤਿਆ ਸੀ। ਸਪੇਨ ਤੀਜੇ ਅਤੇ ਭਾਰਤ ਚੌਥੇ ਸਥਾਨ 'ਤੇ ਰਿਹਾ। ਭਾਰਤ ਇਸ ਤੋਂ ਪਹਿਲਾਂ (2013) ਤਿੰਨ ਵਾਰ ਜਿੱਤ ਚੁੱਕਾ ਸੀ।

ਭਾਰਤ 2016 ਵਿੱਚ ਵੀ ਚੈਂਪੀਅਨ ਬਣਿਆ ਸੀ। ਇਕਰਾਮ ਨੇ ਕਿਹਾ, "ਮੈਂ ਹਾਕੀ ਇੰਡੀਆ ਦਾ ਇੱਕ ਹੋਰ ਮਹਾਨ ਮੁਕਾਬਲਾ ਆਯੋਜਿਤ ਕਰਨ ਦੀ ਵਚਨਬੱਧਤਾ ਲਈ ਧੰਨਵਾਦ ਕਰਦਾ ਹਾਂ।

ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਟਿਰਕੀ ਨੇ ਕਿਹਾ, 'ਇਸ ਵੱਕਾਰੀ ਮੁਕਾਬਲੇ ਦੀ ਮੇਜ਼ਬਾਨੀ ਅੰਤਰਰਾਸ਼ਟਰੀ ਹਾਕੀ ਵਿੱਚ ਭਾਰਤ ਦੀ ਵੱਧ ਰਹੀ ਮਹੱਤਤਾ ਨੂੰ ਦਰਸਾਉਂਦੀ ਹੈ'। ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾਨਾਥ ਸਿੰਘ ਨੇ ਇਸ ਨੂੰ ਭਾਰਤੀ ਹਾਕੀ ਲਈ ਇੱਕ ਮਹੱਤਵਪੂਰਨ ਕਦਮ ਦੱਸਿਆ ਹੈ। ਉਸਨੇ ਕਿਹਾ, "ਸਾਡੇ ਵਿੱਚ ਵਿਸ਼ਵਾਸ ਕਰਨ ਲਈ ਅਸੀਂ ਐਫ.ਆਈ.ਐਚ. ਦਾ ਧੰਨਵਾਦ ਕਰਦੇ ਹਾਂ। ਹਾਕੀ ਨੂੰ ਹੋਰ ਉਚਾਈਆਂ 'ਤੇ ਲਿਜਾਣ ਲਈ ਇਹ ਮੁਕਾਬਲਾ ਅਹਿਮ ਹੋਵੇਗਾ। ਇਹ ਨਵੀਂ ਪੀੜ੍ਹੀ ਦੇ ਖਿਡਾਰੀਆਂ ਨੂੰ ਪ੍ਰੇਰਿਤ ਕਰੇਗਾ। ਅਸੀਂ ਇਸ ਨੂੰ ਯਾਦਗਾਰੀ ਟੂਰਨਾਮੈਂਟ ਬਣਾਉਣ ਲਈ ਵਚਨਬੱਧ ਹਾਂ।

## ਪੂਜਾ ਤੋਮਰ ਨੇ ਅਮਰੀਕਾ ਵਿੱਚ ਜਿੱਤਿਆ ਯੂ.ਐਫ.ਸੀ. ਮੁਕਾਬਲਾ



ਪੂਜਾ ਤੋਮਰ ਨੇ ਅਲਟੀਮੇਟ ਫਾਈਟਿੰਗ ਚੈਂਪੀਅਨਸ਼ਿਪ 'ਚ ਮੈਚ ਜਿੱਤਣ ਵਾਲੀ ਦੇਸ਼ ਦੀ ਪਹਿਲੀ ਮਿਕਸਡ ਮਾਰਸ਼ਲ ਆਰਟ ਫਾਈਟਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਪੂਜਾ ਤੋਮਰ ਨੇ ਯੂ.ਐਫ.ਸੀ. ਲੁਈਸਵਿਲੇ ਵਿੱਚ ਇਹ ਉਪਲਬਧੀ ਹਾਸਲ ਕੀਤੀ, ਜਿੱਥੇ ਉਸਨੇ ਸਟਰਾ-ਵੇਟ ਡਿਵੀਜ਼ਨ ਵਿੱਚ ਬ੍ਰਾਜ਼ੀਲ ਦੀ ਰਿਆਨ ਡੌਸ ਸੈਂਟੋਸ ਨੂੰ ਹਰਾਇਆ।

ਤੋਮਰ ਦਾ ਮੈਚ 30-27, 27-30, 29-28 ਦੇ ਸਕੋਰ ਨਾਲ ਉਸ ਦੇ ਹੱਕ ਵਿੱਚ ਰਿਹਾ। ਆਪਣੀ ਇਤਿਹਾਸਕ ਜਿੱਤ ਤੋਂ ਬਾਅਦ, ਤੋਮਰ ਨੇ ਧੰਨਵਾਦ ਅਤੇ ਮਾਣ ਜ਼ਾਹਰ ਕੀਤਾ। ਉਸ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਜਿੱਤ ਮੇਰੀ ਜਿੱਤ ਨਹੀਂ ਹੈ। ਇਹ ਜਿੱਤ ਸਾਰੇ ਭਾਰਤੀ ਪ੍ਰਸ਼ੰਸਕਾਂ ਅਤੇ ਸਾਰੇ ਭਾਰਤੀ ਫਾਈਟਰਾਂ ਦੀ ਹੈ। ਪਹਿਲਾਂ ਹਰ ਕੋਈ ਸੋਚਦਾ ਸੀ ਕਿ ਭਾਰਤੀ ਫਾਈਟਰ ਕਿਤੇ ਵੀ ਨਹੀਂ ਰਹਿਣਗੇ। ਮੈਂ ਸਿਰਫ਼ ਇਹੀ ਸੋਚਿਆ ਸੀ ਕਿ ਮੈਂ ਜਿੱਤਣਾ ਹੈ ਅਤੇ ਦੁਨੀਆਂ ਨੂੰ ਦਿਖਾਉਣਾ ਹੈ ਕਿ ਭਾਰਤੀ ਫਾਈਟਰ ਹਾਰੇ ਨਹੀਂ ਹਨ।

ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਮੁਜ਼ੱਫਰਨਗਰ ਦੇ ਬੁਢਾਨਾ ਪਿੰਡ ਵਿੱਚ ਜਨਮੀ, ਤੋਮਰ ਪੰਜ ਵਾਰ ਦੀ ਰਾਸ਼ਟਰੀ ਵੁਸ਼ੂ ਚੈਂਪੀਅਨ ਹੈ ਅਤੇ ਕਰਾਟੇ ਅਤੇ ਤਾਈਕਵਾਂਡੋ ਵਿੱਚ ਵੀ ਉਸ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ। ਆਪਣੇ ਭਰੋਸੇ ਦੇ ਬਾਵਜੂਦ, ਉਸਨੇ ਆਪਣੀ ਖੇਡ ਕਲਾ ਵਿੱਚ ਸੁਧਾਰ ਲਈ ਚੁਣੌਤੀਆਂ ਨੂੰ ਸਵੀਕਾਰ ਕੀਤਾ। ਉਸ ਦਾ ਕਹਿਣਾ ਹੈ ਕਿ ਮੈਨੂੰ ਜਿੱਤ ਦਾ ਭਰੋਸਾ ਸੀ, ਮੈਂ ਬਹੁਤ ਸੰਘਰਸ਼ ਕੀਤਾ। ਪਰ ਮੈਂ ਆਪਣਾ 100 ਪ੍ਰਤੀਸ਼ਤ ਨਹੀਂ ਦੇ ਸਕੀ। ਮੈਂ ਦੂਜੇ ਦੌਰ ਵਿੱਚ ਦਬਾਅ ਮਹਿਸੂਸ ਕੀਤਾ। ਮੈਨੂੰ ਟੈਕਟਾਉਨ ਵਰਗੇ ਕਈ ਹੁਨਰਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ।

## ਪੈਰਿਸ ਉਲੰਪਿਕ ਲਈ ਰਾਈਫ਼ਲ ਅਤੇ ਪਿਸਟਲ ਟੀਮ ਦਾ ਐਲਾਨ

ਸ਼ੂਟਿੰਗ ਫੈਡਰੇਸ਼ਨ ਆਫ ਇੰਡੀਆ ਨੇ ਪੈਰਿਸ ਉਲੰਪਿਕ ਖੇਡਾਂ ਲਈ 15 ਮੈਂਬਰੀ ਰਾਈਫਲ ਅਤੇ ਪਿਸਟਲ ਟੀਮ ਦੀ ਘੋਸ਼ਣਾ ਕੀਤੀ, ਜਿਸ ਵਿੱਚ ਸਟਾਰ ਪਿਸਟਲ ਨਿਸ਼ਾਨੇਬਾਜ਼ ਮਨੂ ਭਾਕਰ ਦੋ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀ ਇੱਕੋ ਇੱਕ ਖਿਡਾਰਨ ਹੈ। ਟੀਮ ਦੀ ਚੋਣ ਇੱਕ ਵਰਚੁਅਲ ਮੀਟਿੰਗ ਵਿੱਚ ਕੀਤੀ ਗਈ ਸੀ। ਟੀਮ ਵਿੱਚ ਅੱਠ ਰਾਈਫਲ ਅਤੇ ਸੱਤ ਪਿਸਟਲ ਨਿਸ਼ਾਨੇਬਾਜ਼ ਸ਼ਾਮਲ ਹਨ।

ਚੋਣ ਕਮੇਟੀ ਨੇ ਟਰਾਇਲ ਦੇ ਨਤੀਜਿਆਂ ਨੂੰ ਪਹਿਲ ਦੇਣ ਦਾ ਫੈਸਲਾ ਕੀਤਾ ਜਿਸ ਨੇ ਵਿਸ਼ਵ ਚੈਂਪੀਅਨ ਰੁਦਰਾਕਸ਼ ਪਾਟਿਲ ਵਰਗੇ ਨਿਸ਼ਾਨੇਬਾਜ਼ਾਂ ਲਈ ਦਰਵਾਜ਼ੇ ਬੰਦ ਕਰ ਦਿੱਤੇ। ਪਾਟਿਲ ਆਪਣੀ ਮਨਪਸੰਦ 10 ਮੀਟਰ ਏਅਰ ਰਾਈਫਲ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਿਆ ਸੀ ਪਰ ਫਿਰ ਵੀ ਉਲੰਪਿਕ ਟੀਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰ ਰਿਹਾ ਸੀ ਕਿਉਂਕਿ ਉਸਨੇ ਕੋਟਾ ਹਾਸਲ ਕਰ ਲਿਆ ਸੀ। ਸ਼ੂਟਿੰਗ ਵਿੱਚ

### ਮਨੂ ਭਾਕਰ ਦੋ ਮੁਕਾਬਲਿਆਂ ਵਿੱਚ ਲਵੇਗੀ ਹਿੱਸਾ



ਕੋਟਾ ਕਿਸੇ ਵਿਅਕਤੀਗਤ ਖਿਡਾਰੀ ਨੂੰ ਨਹੀਂ ਸਗੋਂ ਦੇਸ਼ ਨੂੰ ਦਿੱਤਾ ਜਾਂਦਾ ਹੈ। ਟੀਮ ਦੇ ਸਾਰੇ ਮੈਂਬਰ, ਕੋਚ ਅਤੇ ਸਹਾਇਕ ਸਟਾਫ ਵਰਤਮਾਨ ਵਿੱਚ ਵੋਲਮੇਰੇਂਜ ਲੇਸ ਮਾਈਨਸ, ਫਰਾਂਸ ਵਿੱਚ ਕੈਂਪ ਵਿੱਚ ਸ਼ਾਮਲ ਹੋ ਰਹੇ ਹਨ। ਇਸ ਦਾ ਮਕਸਦ ਹਾਲਾਤਾਂ ਦੇ ਅਨੁਕੂਲ ਹੋਣਾ ਹੈ। ਸਾਰੇ ਖਿਡਾਰੀ ਉਲੰਪਿਕ 'ਚ ਜਾਣ ਤੋਂ ਪਹਿਲਾਂ ਦੋ ਹਫਤੇ ਤੱਕ ਘਰ ਪਰਤਣਗੇ। ਸ਼ਾਟਗਨ ਟੀਮ ਦਾ ਐਲਾਨ ਇਟਲੀ ਦੇ ਲੋਨਾਟੋ ਵਿੱਚ ਹੋਣ ਵਾਲੇ ਵਿਸ਼ਵ ਕੱਪ ਤੋਂ ਬਾਅਦ ਕੀਤਾ ਜਾਵੇਗਾ, ਜਿਸ ਦੇ ਮੁਕਾਬਲੇ ਬੁੱਧਵਾਰ ਤੋਂ ਸ਼ੁਰੂ ਹੋ ਕੇ 18 ਜੂਨ ਤੱਕ ਚੱਲਣਗੇ।

ਪੈਰਿਸ ਉਲੰਪਿਕ ਖੇਡਾਂ 26 ਜੁਲਾਈ ਤੋਂ 11 ਅਗਸਤ ਤੱਕ ਹੋਣਗੀਆਂ। ਭਾਰਤੀ ਨਿਸ਼ਾਨੇਬਾਜ਼ਾਂ ਨੇ ਇਸ ਵਾਰ ਸੰਭਾਵਿਤ 24 ਵਿੱਚੋਂ 21 ਕੋਟਾ ਸਥਾਨ ਹਾਸਲ ਕੀਤੇ ਹਨ। ਉਹਨਾਂ ਨੇ ਰਾਈਫਲ ਅਤੇ ਪਿਸਤੌਲ ਵਿੱਚ ਸਾਰੇ ਅੱਠ ਕੋਟਾ ਸਥਾਨ ਹਾਸਲ ਕੀਤੇ ਹਨ। ਭਾਰਤ ਨੇ ਪਹਿਲਾਂ ਕਦੇ ਵੀ ਇੰਨੇ ਕੋਟਾ ਸਥਾਨ ਹਾਸਲ ਨਹੀਂ ਕੀਤੇ ਸਨ। ਭਾਰਤ ਨੇ ਟੋਕੀਓ ਉਲੰਪਿਕ ਲਈ 15 ਕੋਟਾ ਸਥਾਨ ਹਾਸਲ ਕੀਤੇ ਸਨ।

ਪੈਰਿਸ ਉਲੰਪਿਕ ਖੇਡਾਂ ਲਈ ਭਾਰਤ ਦੀਆਂ ਰਾਈਫਲ ਅਤੇ ਪਿਸਟਲ ਸ਼ੂਟਿੰਗ ਟੀਮਾਂ ਇਸ ਤਰ੍ਹਾਂ ਹਨ-

ਰਾਈਫਲ: ਸੰਦੀਪ ਸਿੰਘ, ਅਰਜੁਨ ਬਬੂਟਾ (10 ਮੀਟਰ ਏਅਰ ਰਾਈਫਲ ਪੁਰਸ਼), ਇਲਾਵੇਨਿਲ ਵਲਾਰੀਵਨ, ਰਮਿਤਾ (10 ਮੀਟਰ ਏਅਰ ਰਾਈਫਲ ਮਹਿਲਾ), ਸਿਫਟ ਕੌਰ ਸਮਰਾ, ਅੰਜੁਮ ਮੌਦਗਿਲ (50 ਮੀਟਰ ਰਾਈਫਲ 3 ਪੁਜ਼ੀਸ਼ਨਜ਼ ਮਹਿਲਾ), ਐਸ਼ਵਰਿਆ ਤੋਮਰ, ਸਵਪਨਿਲ ਕੁਸਲੇ (50 ਮੀਟਰ ਰਾਈਫਲ ਮਾ. ) ਪਿਸਟਲ: ਸਰਬਜੋਤ ਸਿੰਘ, ਅਰਜੁਨ ਚੀਮਾ (10 ਮੀਟਰ ਏਅਰ ਪਿਸਟਲ ਪੁਰਸ਼), ਮਨੂ ਭਾਕਰ, ਰਿਦਮ ਸਾਂਗਵਾਨ (10 ਮੀਟਰ ਏਅਰ ਪਿਸਟਲ ਮਹਿਲਾ), ਅਨੀਸ਼ ਭਾਨਵਾਲ ਵਿਜੇਵੀਰ ਸਿੱਧੂ (25 ਮੀਟਰ ਆਰਐਫਪੀ ਪੁਰਸ਼), ਮਨੂ ਭਾਕਰ, ਈਸ਼ਾ ਸਿੰਘ (25 ਮੀਟਰ ਪਿਸਟਲ ਮਹਿਲਾ)।

# ਪੰਜਾਬੀ ਸੂਫ਼ੀ ਗਾਇਕੀ ਦੇ ਸਿਰ ਦਾ ਤਾਜ

# ਸਤਿੰਦਰ ਸਰਤਾਜ

ਪਰਮਜੀਤ ਸਿੰਘ ਨਿੱਕੇ ਘੁੰਮਣ



ਨਾਮਵਰ ਗਵੱਈਏ ਤੇ ਸ਼ਾਇਰ ਸਤਿੰਦਰ ਸਰਤਾਜ ਆਪਣੀ ਪਾਕ-ਸਾਫ਼ ਤੇ ਰੂਹ ਦੇ ਧੁਰ ਅੰਦਰ ਤੱਕ ਉਤਰ ਕੇ ਸਕੂਨ ਤੇ ਅਨੰਦ ਪ੍ਰਦਾਨ ਕਰਨ ਵਾਲੀ ਗਾਇਕੀ ਤੇ ਸ਼ਾਇਰੀ ਸਦਕਾ ਸਰੋਤਿਆਂ ਵਿੱਚ ਵੱਡੀ ਮਕਬੂਲੀਅਤ ਹਾਸਲ ਕਰ ਚੁੱਕਾ ਹੈ। ਆਪਣੇ ਹਰੇਕ ਗੀਤ ਅਤੇ ਆਪਣੀ ਹਰੇਕ ਐਲਬਮ ਨਾਲ ਸ਼ੁਹਰਤ ਦੀਆਂ ਬੁਲੰਦੀਆਂ ਹਾਸਲ ਕਰਦਾ ਜਾ ਰਿਹਾ ਹੈ। ਉਹ ਖ਼ੁਦ ਦੱਸਦਾ ਹੈ ਕਿ ਉਸਦਾ ਮੁਕਾਬਲਾ ਖ਼ੁਦ ਨਾਲ ਹੈ, ਕਿਸੇ ਹੋਰ ਨਾਲ ਨਹੀਂ। ਉਹ ਆਪਣੇ ਹਰੇਕ ਗੀਤ ਨੂੰ ਆਪਣੇ ਪਿਛਲੇ ਗੀਤ ਨਾਲੋਂ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿੰਦਾ ਹੈ। ਉਸ ਦੀ ਵਿਲੱਖਣ ਖ਼ੁਸ਼ਬੂ ਤੇ ਮਦਮਸਤ ਸੁਰਾਂ ਵਾਲੀ ਗਾਇਕੀ ਦੇ ਦੀਵਾਨਿਆਂ ਦੀ ਗਿਣਤੀ ਲੱਖਾਂ ਹੀ ਨਹੀਂ ਕਰੋੜਾਂ ਵਿੱਚ ਹੈ।

ਸਰਤਾਜ ਆਪਣੇ ਆਪ ਨੂੰ 'ਖੇਤਾਂ ਦਾ ਪੁਤ' ਦੱਸਦਾ ਹੈ ਤੇ ਉਸ ਨੂੰ ਮਾਣ ਹੈ ਕਿ ਉਸਨੇ ਨਾ ਕੇਵਲ ਇਕ ਕਿਸਾਨ ਪਰਿਵਾਰ ਵਿੱਚ ਜਨਮ ਹੀ ਲਿਆ ਸਗੋਂ ਹੱਥੀਂ ਖੇਤੀ ਕਰਨ ਦਾ ਤਜਰਬਾ ਵੀ ਹਾਸਲ ਕੀਤਾ ਹੈ। ਸਰਤਾਜ ਦੀ ਪੈਦਾਇਸ਼ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਜਵਾੜਾ ਵਿਖੇ ਕਿਸਾਨ ਬਲਵਿੰਦਰ ਸਿੰਘ ਦੇ ਘਰ 31 ਅਗਸਤ, 1982 ਦੀ ਹੈ। ਉਹ ਅਜੇ ਤੀਜੀ ਕੁ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਉਸਨੂੰ ਗਾਇਕੀ ਦੀ ਚੇਟਕ ਲੱਗ ਗਈ ਤੇ ਉਹ ਸਕੂਲ ਦੀ ਬਾਲ ਸਭਾ ਤੋਂ ਸ਼ੁਰੂ ਹੋ ਕੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮਨਾਏ ਜਾਂਦੇ ਵੱਖ-ਵੱਖ ਧਾਰਮਿਕ ਸਮਾਗਮਾਂ ਵਿਚ ਉਸ ਵਕਤ ਦੇ ਪ੍ਰਚਲਿਤ ਗੀਤ ਗਾਉਣ ਲੱਗ ਪਿਆ। ਉਸਨੇ ਕਵਿਤਾ ਉਚਾਰਣ ਤੇ ਗੀਤ ਮੁਕਾਬਲਿਆਂ ਵਿੱਚ ਜ਼ਿਲ੍ਹਾ ਪੱਧਰ 'ਤੇ ਕਈ ਇਨਾਮ ਵੀ ਹਾਸਲ ਕੀਤੇ। ਸਰਤਾਜ ਦੱਸਦਾ ਹੈ 'ਮੈਂ ਸੂਫ਼ੀ ਸੰਗੀਤ ਤੇ ਕੱਵਾਲੀ ਦੇ ਸ਼ਹਿਨਸ਼ਾਹ ਨੁਸਰਤ ਫ਼ਤਹਿ ਅਲੀ ਖ਼ਾਂ ਸਾਹਿਬ ਤੋਂ ਬਹੁਤ ਮੁਤਾਸਿਰ ਸਾਂ ਤੇ ਮੈਨੂੰ ਜਦੋਂ ਕੋਈ ਪੁੱਛਦਾ ਕਿ ਤੂੰ ਵੱਡਾ ਹੋ ਕੇ ਕੀ ਬਣੇਂਗਾ ਤਾਂ ਮੈਂ ਆਖ਼ਦਾ ਕਿ ਮੈਂ ਨੁਸਰਤ ਵਰਗਾ ਬਣਨਾ ਚਾਹਾਂਗਾ। ਕਈ ਵਾਰ ਮੇਰੇ ਜਾਣਕਾਰ ਅੱਗਿਉਂ ਹੱਸ ਕੇ ਆਖ ਦਿੰਦੇ ਕਿ ਨੁਸਰਤ ਦੇ ਪਰਿਵਾਰ ਵਿੱਚ ਗਾਇਕੀ ਦਾ ਛੇ ਸੌ ਸਾਲ ਦਾ ਇਤਿਹਾਸ ਤੇ ਤੂੰ ਤਾਂ ਸਿੱਧੇ-ਸਾਦੇ ਕਿਸਾਨ ਪਰਿਵਾਰ 'ਚੋਂ ਹੈ, ਤੇਰਾ ਗਾਇਕ ਬਣਨਾ ਸੌਖਾ ਨਹੀਂ।'

ਸਰਤਾਜ ਅੰਦਰ ਸੂਫ਼ੀ ਗਾਇਕ ਬਣਨ ਦੀ ਇੱਛਾ ਸੀ ਤੇ ਉਸੇ ਇੱਛਾ ਨੇ ਉਸਨੂੰ ਉਨ੍ਹਾਂ ਰਾਹਾਂ 'ਤੇ ਤੋਰ ਦਿੱਤਾ ਜੋ ਸਿੱਧਾ ਇਕ ਮਹਾਨ ਗਾਇਕ ਬਣਨ ਵਾਲੇ ਪਾਸੇ ਜਾਂਦੀਆਂ ਸਨ। ਉਸਨੇ ਸੰਗੀਤ ਦੀ ਹੀ ਪੜ੍ਹਾਈ ਕਰਨ ਦਾ ਮਨ ਬਣਾ ਲਿਆ ਤੇ ਮੁੱਢਲੀ ਪੜ੍ਹਾਈ ਪੂਰੀ ਕਰਨ ਮਗਰੋਂ ਸੰਗੀਤ ਵਿੱਚ ਪੰਜ ਸਾਲਾ ਡਿਪਲੋਮਾ ਸ਼ੁਰੂ ਕਰ ਦਿੱਤਾ। ਉਪਰੰਤ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਸੰਗੀਤ ਵਿਚ ਗ੍ਰੈਜੂਏਸ਼ਨ ਕਰਨ ਮਗਰੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੂਫ਼ੀ ਸੰਗੀਤ ਵਿਚ ਪੋਸਟ ਗ੍ਰੈਜੂਏਸ਼ਨ ਅਤੇ ਪੀਐੱਚਡੀ ਦੀ ਡਿਗਰੀ ਹਾਸਲ ਕਰਨ ਦੇ ਨਾਲ-ਨਾਲ ਫ਼ਾਰਸੀ ਭਾਸ਼ਾ ਵਿੱਚ ਸਰਟੀਫ਼ਿਕੇਟ ਕੋਰਸ ਤੇ ਡਿਪਲੋਮਾ ਵੀ ਕੀਤਾ। ਸਰਤਾਜ ਬੜੀ ਸਾਫ਼ਗੋਈ ਨਾਲ ਬਿਆਨਦਾ ਹੈ ਕਿ ਉਸਨੇ ਇੱਕ ਪ੍ਰੋਫੈਸ਼ਨਲ ਗਾਇਕ ਬਣਨ ਬਾਰੇ ਨਾ ਤਾਂ ਕਦੇ ਸੋਚਿਆ ਸੀ ਤੇ ਨਾ ਹੀ ਇਸ ਸਬੰਧ ਵਿੱਚ ਕੋਈ ਯੋਜਨਾਬੰਦੀ ਕੀਤੀ ਸੀ। ਉਹ ਆਖਦਾ ਹੈ, 'ਮੈਂ ਤਾਂ ਸੰਗੀਤ ਦਾ ਪ੍ਰੋਫੈਸਰ ਬਣਨਾ ਲੋਚਦਾ ਸਾਂ ਤੇ ਸੂਫ਼ੀ ਸੰਗੀਤ ਵਿੱਚ ਡਾਕਟਰੇਟ ਕਰਨ ਮਗਰੋਂ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਵਿੱਚ ਹੀ ਸੰਗੀਤ ਦਾ ਪ੍ਰੋਫੈਸਰ ਨਿਯੁਕਤ ਹੋ ਗਿਆ ਤਾਂ ਮੈਨੂੰ ਲੱਗਾ ਕਿ ਮੈਂ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਮੈਂ ਛੇ ਸਾਲ ਯੂਨੀਵਰਸਿਟੀ ਵਿੱਚ ਪੜ੍ਹਾਇਆ ਹੈ।'

ਬੇਹੱਦ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਸੰਗੀਤ ਵਿੱਚ ਉੱਚ ਸਿੱਖਿਆ ਹਾਸਲ ਕਰ ਚੁੱਕੇ ਤੇ ਯੂਨੀਵਰਸਿਟੀ ਵਿੱਚ ਸੰਗੀਤ ਅਧਿਆਪਨ ਕਰ ਚੁੱਕੇ ਸਰਤਾਜ ਨੂੰ ਆਪਣੇ ਸਫ਼ਰ ਜਾਂ ਖਾਲੀ ਵਕਤ ਦੌਰਾਨ ਗੀਤ ਸੁਣਨ ਦੀ ਥਾਂ ਕਿਤਾਬਾਂ ਪੜ੍ਹਨਾ ਜਾਂ ਕੇਵਲ ਤੇ ਕੇਵਲ ਇੰਸਟਰੂਮੈਂਟਲ ਸੰਗੀਤ ਤੇ ਉਹ ਵੀ ਵਿਸ਼ੇਸ਼ ਕਰ ਕੇ ਈਰਾਨੀ ਸੰਗੀਤ ਸੁਣਨਾ ਪਸੰਦ ਹੈ। ਉਹ ਈਰਾਨੀ ਸੱਭਿਆਚਾਰ, ਪਹਿਰਾਵੇ ਅਤੇ ਸੰਗੀਤ ਦਾ ਆਸ਼ਕ ਹੈ। ਉਸਨੇ ਫ਼ਿਰਦੌਸੀ, ਰੂਮੀ, ਸ਼ਮਸ ਤਬਰੇਜ਼, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਤੇ ਬਾਬਾ ਫ਼ਰੀਦ ਸਮੇਤ ਕਈ ਹੋਰ ਸੂਫ਼ੀ ਸ਼ਾਇਰਾਂ ਦਾ ਕਲਾਮ ਬੜਾ ਨਿੱਠ ਕੇ ਪੜ੍ਹਿਆ ਹੈ ਤੇ ਉਸ ਦੀਆਂ ਆਪਣੀਆਂ ਕਾਵਿ ਰਚਨਾਵਾਂ ਵਿੱਚੋਂ ਵੀ ਉਕਤ ਸ਼ਾਇਰਾਂ ਦੇ ਕਲਾਮ ਦਾ ਪ੍ਰਭਾਵ ਸਾਫ਼ ਝਲਕਦਾ ਹੈ।



ਸੂਫ਼ੀ ਕਲਾਮ ਤੇ ਸੂਫ਼ੀ ਸੰਗੀਤ ਦਾ ਸ਼ੈਦਾਈ ਸਰਤਾਜ ਆਖ਼ਦਾ ਹੈ, 'ਮੈਂ ਸੂਫ਼ੀ ਸੰਗੀਤ ਦੀ ਮਸਤੀ ਤੇ ਮਹਿਕ ਦੁਨੀਆਂ ਭਰ ਵਿੱਚ ਫੈਲਾਉਣਾ ਚਾਹੁੰਦਾ ਹਾਂ ਤੇ ਇਸਨੂੰ ਹੋਰ ਬੁਲੰਦੀਆਂ ਤੱਕ ਲੈ ਜਾਣ ਦਾ ਚਾਹਵਾਨ ਹਾਂ। ਮੈਂ ਤਾਂ ਸੂਫ਼ੀ ਸੰਗੀਤ ਦੇ ਜ਼ਰੀਏ ਹਿੰਦੁਸਤਾਨ ਤੇ ਪਾਕਿਸਤਾਨ ਦੇ ਰਿਸ਼ਤਿਆਂ ਨੂੰ ਵੀ ਮਜ਼ਬੂਤ ਕਰਨਾ ਲੋਚਦਾ ਹਾਂ।' ਸਤਿੰਦਰ ਨੇ ਆਪਣੀ ਸੂਫ਼ੀ ਗਾਇਕੀ ਦੀ ਪਹਿਲੀ ਵੱਡੀ ਪੇਸ਼ਕਾਰੀ 21 ਵਰ੍ਹਿਆਂ ਦੀ ਉਮਰ ਵਿੱਚ ਆਪਣੀ ਐੱਮਏ ਦੀ ਡਿਗਰੀ ਦੌਰਾਨ ਚੰਡੀਗੜ੍ਹ ਵਿਖੇ ਦਿੱਤੀ ਸੀ ਤੇ ਉਦੋਂ ਉਸ ਨਾਲ ਕੇਵਲ ਤਿੰਨ ਕੁ ਹੀ ਸਾਜ਼ਿੰਦੇ ਸਨ। ਉਸਦੇ ਅਸਲੋਂ ਵੱਖਰੇ ਸੰਗੀਤ ਤੇ ਦਿਲ ਨੂੰ ਛੂਹ ਜਾਣ ਵਾਲੀ ਸ਼ਾਇਰੀ ਨੇ ਸਰੋਤਿਆਂ ਨੂੰ ਬਹੁਤ ਹੀ ਮੁਤਾਸਿਰ ਕੀਤਾ ਸੀ ਤੇ ਸਾਰਾ ਹਾਲ ਤਾੜੀਆਂ ਨਾਲ ਕਿੰਨਾ ਹੀ ਚਿਰ ਗੂੰਜਦਾ ਰਿਹਾ ਸੀ। ਉਸ ਮੰਚ ਤੋਂ ਸ਼ੁਰੂ ਕੀਤਾ ਗਾਇਕੀ ਦਾ ਉਸਦਾ ਸਫ਼ਰ ਵੱਡੇ ਤੋਂ ਵੱਡੇ ਕੌਮੀ ਤੇ ਕੌਮਾਂਤਰੀ ਮੰਚਾਂ ਤੋਂ ਗੁਜ਼ਰਦਾ ਹੋਇਆ ਬਾਦਸਤੂਰ ਜਾਰੀ ਹੈ।

ਸਰਤਾਜ ਇਹ ਸਵੀਕਾਰ ਕਰਦਾ ਹੈ ਕਿ ਉਹ ਜਿਸ ਵੀ ਕੰਮ ਜਾਂ ਕਲਾ ਨੂੰ ਹੱਥ ਪਾਉਂਦਾਹੈ ਜਦੋਂ ਤੱਕ ਉਸ ਵਿਚ ਪ੍ਰਬੀਨਤਾ ਹਾਸਲ ਨਾ ਕਰ ਲਵੇ ਉਸਦੀ ਰੂਹ ਨੂੰ ਚੈਨ-ਸਕੂਨ ਨਹੀਂ ਮਿਲਦਾ ਹੈ। ਉਹ ਆਪਣੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਦਿਨਾਂ ਨੂੰ ਆਪਣੀ ਜ਼ਿੰਦਗੀ ਦਾ 'ਸੁਨਹਿਰੀ ਕਾਲ' ਮੰਨਦਾ ਹੈ ਤੇ ਆਪਣੇ ਪ੍ਰਸ਼ੰਸਕਾਂ ਨੂੰ ਦਿਲੋਂ ਪਿਆਰ ਤੇ ਸਤਿਕਾਰ ਕਰਦਾ ਹੈ। ਉਸਨੂੰ ਆਪਣੇ ਚਾਹੁਣ ਵਾਲਿਆਂ ਨਾਲ ਤਸਵੀਰਾਂ ਖਿਚਵਾਉਣਾ ਚੰਗਾ ਲੱਗਦਾ ਹੈ। ਨਿਮਰਤਾ ਨਾਲ ਭਰਿਆ ਸਰਤਾਜ ਆਖਦਾ ਹੈ 'ਮੈਂ ਤਾਉਮਰ ਇੱਕ ਸਿਖਿਆਰਥੀ ਬਣਿਆ ਰਹਿਣਾ ਚਾਹੁੰਦਾ ਹਾਂ ਤੇ ਹਰ ਘੜੀ, ਹਰ ਪਲ ਕੁਝ ਨਵਾਂ ਸਿੱਖ ਕੇ ਆਪਣੇ ਚਾਹੁਣ ਵਾਲਿਆਂ ਨੂੰ ਬੇਹਤਰ ਤੋਂ ਬੇਹਤਰੀਨ ਰਚਨਾਵਾਂ ਦੇ ਜਾਣਾ ਚਾਹੁੰਦਾ ਹਾਂ। ਮੇਰੇ ਲਈ ਸਫ਼ਲਤਾ ਮਾਅਨੇ ਨਹੀਂ ਰੱਖਦੀ ਹੈ ਸਗੋਂ ਮੇਰੇ ਲਈ ਮੇਰੇ ਸਰੋਤਿਆਂ ਦਾ ਪਿਆਰ ਹੀ ਸਰਬੋਤਮ ਹੈ।' ਉਹ ਕਹਿੰਦਾ ਹੈ ਕਿ ਸ਼ਾਇਰੀ ਹਮੇਸ਼ਾ ਉਤਰਦੀ ਹੈ, ਇਹ ਕਦੇ ਵੀ ਸੋਚ ਕੇ ਨਹੀਂ ਲਿਖੀ ਜਾ ਸਕਦੀ ਹੈ। ਮੇਰੀ ਇੱਛਾ ਹੈ ਕਿ ਮੈਂ ਆਪਣੀ ਮਾਂ-ਬੋਲੀ ਤੇ ਆਪਣੇ ਲੋਕ ਸੰਗੀਤ ਨੂੰ ਦੁਨੀਆ ਦੇ ਹਰ ਕੋਨੇ ਤੱਕ ਪਹੁੰਚਾ ਦਿਆਂ।' ਉਸ ਦੀ ਸਭ ਤੋਂ ਪਹਿਲੀ ਮਕਬੂਲ ਰਚਨਾ 'ਸਾਂਈਂ' ਕਈ ਵਰ੍ਹਿਆਂ ਬਾਅਦ ਅੱਜ ਵੀ ਹਰੇਕ ਮੰਚ ਤੋਂ ਉਸ ਕੋਲੋਂ ਸੁਣੀ ਜਾਂਦੀ ਹੈ।

ਗਾਇਕੀ ਵਿੱਚ ਮੱਲਾਂ ਮਾਰਨ ਵਾਲਾ ਸਰਤਾਜ ਸੰਨ 2016 ਵਿੱਚ ਅਦਾਕਾਰੀ ਦੇ ਪਿੜ ਵਿਚ ਵੀ ਉਤਰ ਆਇਆ। ਮੁੰਬਈ ਦੇ ਇੱਕ ਮਸ਼ਹੂਰ ਐਕਟਿੰਗ ਸਕੂਲ ਤੋਂ ਅਦਾਕਾਰੀ ਦੀ ਕੇਵਲ ਵੀਹ ਕੁ ਦਿਨ ਦੀ ਸਿਖਲਾਈ ਲੈ ਕੇ ਫਿਲਮ 'ਦਿ ਬਲੈਕ ਪ੍ਰਿੰਸ' ਵਿੱਚ ਕੁੰਵਰ ਦਲੀਪ ਸਿੰਘ ਦੀ ਭੂਮਿਕਾ ਅਦਾ ਕਰ ਦਿੱਤੀ। ਇਸ ਤੋਂ ਬਾਅਦ ਸਰਤਾਜ ਦੀਆਂ ਹੁਣ ਤੱਕ 'ਇੱਕੋ-ਮਿੱਕੇ', 'ਕਲੀ ਜੋਟਾ' ਅਤੇ 'ਸ਼ਾਇਰ' ਆਦਿ ਪੰਜਾਬੀ ਫਿਲਮਾਂ ਰਿਲੀਜ਼ ਹੋ ਚੁੱਕੀਆਂ ਹਨ। ਗਾਇਕੀ, ਸ਼ਾਇਰੀ, ਅਦਾਕਾਰੀ, ਨਾਚ ਤੇ ਹੋਰ ਕਲਾਵਾਂ ਵਿੱਚ ਇੱਕੋ ਵੇਲੇ ਸੰਪੂਰਨ ਹੋ ਜਾਣਾ ਕਿਸੇ ਵਿਰਲੇ ਫ਼ਨਕਾਰ ਦੇ ਹਿੱਸੇ ਆਉਂਦਾ ਹੈ ਤੇ ਸਤਿੰਦਰ ਸਰਤਾਜ ਅਜਿਹਾ ਹੀ ਇਕ ਲਾਮਿਸਾਲ ਫ਼ਨਕਾਰ ਹੈ।

ਸਤਿੰਦਰ ਸਰਤਾਜ ਕੇਵਲ ਇਕ ਬੇਹਤਰੀਨ ਗਵੱਈਆ ਜਾਂ ਬਾਕਮਾਲ ਸ਼ਾਇਰ ਹੀ ਨਹੀਂ ਸਗੋਂ ਇਕ ਭੰਗੜਾ ਫ਼ਨਕਾਰ ਤੇ ਸੂਝਵਾਨ ਅਦਾਕਾਰ ਵੀ ਹੈ। ਉਹ ਭੰਗੜੇ ਵਿਚ 'ਬੈਸਟ ਭੰਗੜਾ ਡਾਂਸਰ' ਦਾ ਇਨਾਮ ਹਾਸਲ ਕਰ ਚੁੱਕਾ ਹੈ। ਉਨ੍ਹਾਂ ਦੀ ਸਹਿਜ ਅਦਾਕਾਰੀ ਦੀ ਵੀ ਪ੍ਰਸ਼ੰਸਾ ਹੁੰਦੀ ਰਹਿੰਦੀ ਹੈ।

ਸਾਲ 2011 ਵਿੱਚ ਕਰਵਾਏ ਗਏ 'ਬ੍ਰਿਟ-ਏਸ਼ੀਆ ਟੀਵੀ ਮਿਊਜ਼ਿਕ ਐਵਾਰਡ ਸਮਾਗਮ' ਵਿੱਚ ਸਤਿੰਦਰ ਸਰਤਾਜ ਨੂੰ 'ਸਰਬੋਤਮ ਕੌਮਾਂਤਰੀ ਪੇਸ਼ਕਾਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ ਤੇ ਜਦੋਂ ਸੰਨ 2014 ਵਿੱਚ ਉਸਨੇ 'ਰਾਇਲ ਐਲਬਰਟ ਹਾਲ' ਵਿਖੇ ਆਪਣੇ ਜਾਦੂਮਈ ਸੰਗੀਤ ਦੀ ਪੇਸ਼ਕਾਰੀ ਕੀਤੀ ਸੀ ਤਾਂ ਉਸਨੂੰ 'ਸਰਬੋਤਮ ਗੀਤਕਾਰ ਪੁਰਸਕਾਰ' ਨਾਲ ਨਿਵਾਜਿਆ ਗਿਆ ਸੀ। ਸਾਲ 2018 ਵਿੱਚ ਵੀ 'ਬ੍ਰਿਟ-ਏਸ਼ੀਆ ਟੀਵੀ ਮਿਊਜ਼ਿਕ ਐਵਾਰਡ ਸਮਾਗਮ' ਵਿੱਚ ਉਸ ਨੂੰ ਉਸਦੀ ਜ਼ਬਰਦਸਤ ਹਿੱਟ ਰਹੀ ਐਲਬਮ 'ਉਡਾਰੀਆਂ' ਲਈ 'ਸਰਬੋਤਮ ਫ਼ਨਕਾਰ ਐਵਾਰਡ' ਪ੍ਰਦਾਨ ਕੀਤਾ ਗਿਆ ਸੀ। ਕੁੱਲ ਦੁਨੀਆ ਵਿੱਚ ਦੂਜੇ ਦਰਜੇ ਦਾ ਸਭ ਤੋਂ ਵੱਡਾ ਅਪਰਾਧ ਮੰਨੇ ਜਾਂਦੀ 'ਮਨੁੱਖੀ ਤਸਕਰੀ' ਨੂੰ ਰੋਕਣ ਹਿੱਤ ਫ਼ੰਡ ਇਕੱਠਾ ਕਰਨ ਲਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਉਸਦਾ ਸਹਿਯੋਗ ਲਏ ਜਾਣ ਦੇ ਕਾਰਜ ਨੇ ਸਮੁੱਚੇ ਹਿੰਦੁਸਤਾਨੀ ਸੰਗੀਤ ਜਗਤ ਦਾ ਮਾਣ ਵਧਾਇਆ ਹੈ। ਉਸਨੂੰ ਹੋਰ ਵੀ ਕਈ ਕੌਮੀ ਤੇ ਕੌਮਾਂਤਰੀ ਮੰਚਾਂ ਤੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ ਤੇ ਸੂਫ਼ੀ, ਸੁਥਰੀ ਤੇ ਸੁੱਚੀ ਗਾਇਕੀ ਦੇ ਮੁਰੀਦਾਂ ਲਈ ਇਹ ਬੜੇ ਹੀ ਫ਼ਖ਼ਰ ਦੀ ਗੱਲ ਹੈ। ਉਸਨੂੰ ਆਪਣੇ ਸੰਗੀਤਕ ਕਰੀਅਰ ਦਾ ਸਭ ਤੋਂ ਵੱਡਾ ਮੌਕਾ ਸਾਲ 2008 ਵਿੱਚ ਟੋਰਾਂਟੋ ਵਿਖੇ ਮਿਲਿਆ ਸੀ ਤੇ ਉਹ ਮੌਕਾ ਉਸਦੇ ਪ੍ਰੋਫੈਸ਼ਨਲ ਜੀਵਨ ਲਈ ਇਕ ਵੱਡਾ ਹੁਲਾਰਾ ਹੋ ਨਿਬੱੜਿਆ ਸੀ। ਉਂਝ ਸੰਗੀਤ ਨਾਲ ਸਿਰ ਤੋਂ ਪੈਰਾਂ ਤੱਕ ਸਰਾਬੋਰ ਸਰਤਾਜ ਇਸ ਤੋਂ ਪਹਿਲਾਂ 'ਦੁਬਈ ਇੰਟਰਨੈਸ਼ਨਲ ਕਲਚਰਲ ਫੈਸਟੀਵਲ' ਵਿੱਚ ਸ਼ਾਮਲ ਹੋਏ 32 ਮੁਲਕਾਂ ਦੇ ਪ੍ਰਤੀਯੋਗੀਆਂ ਵਿੱਚੋਂ ਅੱਵਲ ਰਹਿ ਕੇ 'ਸਰਬੋਤਮ ਸੂਫ਼ੀ ਗਾਇਕ ਐਵਾਰਡ' ਹਾਸਲ ਕਰ ਚੁੱਕਾ ਸੀ। ਸੋਸ਼ਲ ਮੀਡੀਆ 'ਤੇ ਉਸਦੇ ਚਾਹੁਣ ਵਾਲਿਆਂ ਦੀ ਗਿਣਤੀ ਕਾਫੀ ਵੱਡੀ ਹੋ ਚੁੱਕੀ ਸੀ। ਟੋਰਾਂਟੋ ਵਿਖੇ ਉਸਨੂੰ ਵੱਡਾ ਮੌਕਾ ਪ੍ਰਦਾਨ ਕਰਨ ਵਾਲੇ ਪ੍ਰਬੰਧਕਾਂ ਤੇ ਪ੍ਰੋਮੋਟਰਾਂ ਨੇ ਵੀ ਉਸਨੂੰ ਯੂਟਿਊਬ ਤੋਂ ਹੀ ਸੁਣ ਕੇ ਸੱਦਾ ਦਿੱਤਾ ਸੀ।

---

ਜਨਮ ਦਿਨ 'ਤੇ ਵਿਸ਼ੇਸ਼ ਲੇਖ

## ਪੰਜਾਬੀ ਸਰੋਤਿਆਂ ਦੇ ਦਿਲਾਂ ਦੀ ਧੜਕਨ ਸੀ ਲੋਕ ਗਾਇਕ

# ਨਛੱਤਰ ਛੱਤਾ



ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਪੰਜਾਬੀ ਲੋਕ ਗਾਇਕੀ ਦੇ ਕਈ ਚਮਕਦੇ ਸਿਤਾਰੇ ਸਰੋਤਿਆਂ ਦੇ ਮਨਾਂ ਵਿੱਚ ਆਪਣੀ ਜਗ੍ਹਾ ਬਣਾ ਕੇ ਸਮੇਂ ਤੋਂ ਪਹਿਲਾਂ ਹੀ ਸਾਹਾਂ ਦੀ ਤੰਦ ਤੋੜ ਕੇ ਰੱਬ ਨੂੰ ਪਿਆਰੇ ਹੋ ਗਏ ਜਿਵੇਂ ਸੁਰਜੀਤ ਬਿੰਦਰੱਖੀਆ, ਕੁਲਵਿੰਦਰ ਢਿੱਲੋਂ, ਦਿਲਸ਼ਾਦ ਅਖ਼ਤਰ, ਰਾਜ ਬਰਾੜ, ਦੀਦਾਰ ਸੰਧੂ, ਅਮਰ ਸਿੰਘ ਚਮਕੀਲਾ, ਅਮਰਜੋਤ, ਮੇਜਰ ਰਾਜਸਥਾਨੀ, ਧਰਮਪ੍ਰੀਤ, ਕੁਲਦੀਪ ਪਾਰਸ, ਪਰਮਿੰਦਰ ਸੰਧੂ, ਜਗਮੋਹਣ ਕੌਰ ਤੇ ਹੋਰ ਵੀ ਬਹੁਤ ਸਾਰੇ ਕਲਾਕਾਰ ਹਨ। ਇਹਨਾਂ ਵਿਚੋਂ ਇੱਕ ਨਾਮ ਹੈ ਨਛੱਤਰ ਛੱਤਾ ਜਿਸਦਾ ਜਨਮ ਪਿਤਾ ਸੁਦਾਗਰ ਸਿੰਘ, ਮਾਤਾ ਅਮਰ ਕੌਰ ਦੀ ਕੁੱਖੋਂ 18 ਜੂਨ 1959 ਨੂੰ ਪਿੰਡ ਆਦਮਪੁਰਾ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ।

ਨਛੱਤਰ ਛੱਤਾ ਪੜ੍ਹਾਈ ਪੱਖੋ ਘੱਟ ਪੜ੍ਹਿਆ ਹੋਇਆ ਸੀ ਪਰ ਗਾਉਣ ਦਾ ਸ਼ੌਂਕ ਬਚਪਨ ਵਿੱਚ ਹੀ ਪੈ ਗਿਆ ਸੀ। ਮਹੁੰਮਦ ਸਦੀਕ, ਕੁਲਦੀਪ ਮਾਣਕ ਦੇ ਗੀਤ ਉੱਚੀ ਹੇਕ ਵਿੱਚ ਗਾਉਂਦਾ ਰਹਿੰਦਾ। ਇਸ ਸ਼ੌਂਕ ਨੇ ਉਸ ਨੂੰ ਗਾਇਕ ਬਣਾ ਦਿੱਤਾ।

ਨਛੱਤਰ ਛੱਤੇ ਹੋਰੀ ਸੱਤ ਭਰਾ ਹਨ ਇਹ ਤੀਸਰੇ ਸਥਾਨ 'ਤੇ ਸੀ। ਸਾਰੇ ਭਰਾ ਗਾ ਲੈਂਦੇ ਹਨ। ਇਹਨਾਂ ਨੂੰ ਗਾਇਕੀ ਵਿਰਾਸਤ ਵਿੱਚ ਮਿਲੀ ਕਿਉਂਕਿ ਇਹਨਾਂ ਦੇ ਮਾਮਾ ਜੀ ਉੱਚ ਕੋਟੀ ਦੇ ਗਵੱਈਏ ਸਨ।

ਇੱਕ ਵਾਰ ਛੱਤਾ ਲਾਗਲੇ ਪਿੰਡ ਬੁਰਜ ਰਾਜਗੜ੍ਹ ਟੂਰਨਾਮੈਂਟ 'ਤੇ ਚੱਲਿਆ ਗਿਆ। ਖੇਤਾਂ ਵਿੱਚ ਕੰਮ ਕਰਦਿਆਂ ਤੁਰ ਫਿਰ ਕੇ ਗਾਉਣ ਵਾਲਾ ਛੱਤਾ ਕਿਸੇ ਨੂੰ ਕਹਿ-ਕਹਾ ਕੇ ਟੂਰਨਾਮੈਂਟ ਸਟੇਜ 'ਤੇ ਜਾ ਚੜ੍ਹਿਆ ਉਥੇ ਗੀਤ ਗਾਇਆ 'ਚਾਰ ਦਿਨ ਜਿੰਦਗੀ ਦੇ ਰੱਖੀ ਸਾਂਭ ਕੇ' ਇਸ ਗੀਤ ਨੂੰ ਕਾਫੀ ਹੁੰਗਾਰਾ ਮਿਲਿਆ। ਇਸ ਟੂਰਨਾਮੈਂਟ 'ਤੇ ਨਾਮਵਰ ਢਾਡੀ ਗੁਰਬਖ਼ਸ਼ ਸਿੰਘ ਅਲਬੇਲਾ ਵੀ ਹਾਜ਼ਰ ਸੀ। ਅਲਬੇਲੇ ਦੇ ਕੰਨਾਂ ਨੇ ਛੱਤੇ ਦੀ ਦਿਲ ਟੁੰਬਮੀ ਆਵਾਜ਼ ਨੂੰ ਸੁਣਿਆ ਅਤੇ ਪਾਰਖੂ ਅੱਖ ਨੇ ਛੱਤੇ ਵਿਚਲੇ ਗੁਣ ਵੇਖੇ। ਫਿਰ ਅਲਬੇਲੇ ਨੇ ਛੱਤੇ ਨੂੰ ਗੱਲ ਨਾਲ ਲਾ ਲਿਆ। ਉਸ ਟਾਇਮ ਅਲਬੇਲਾ ਢਾਡੀ ਨਹੀਂ ਸੀ। ਡਰਾਮਾ ਟੀਮ ਬਣਾ ਕੇ ਡਰਾਮੇ ਕਰਿਆ ਕਰਦਾ ਸੀ। ਉਸ ਨੇ ਆਪਣੀ ਟੀਮ ਵਿੱਚ ਛੱਤੇ ਨੂੰ ਰੱਖ ਲਿਆ। ਹੀਰ ਰਾਂਝਾ, ਪੂਰਨ ਭਗਤ ਆਦਿ ਡਰਾਮਿਆਂ ਵਿੱਚ ਛੱਤਾ ਮੁੱਖ ਰੋਲ ਕਰਿਆ ਕਰਦਾ ਸੀ। ਗੁਰਬਖ਼ਸ਼ ਸਿੰਘ ਅਲਬੇਲੇ ਦੀ ਬਦੋਲਤ ਛੱਤੇ ਨੇ ਆਪਣਾ ਡਰਾਮਿਆਂ ਵਿੱਚ ਬਹੁਤ ਨਾਮ ਬਣਾਇਆ।

ਲੋਕ ਸੰਗੀਤ ਮੰਡਲੀ ਭਦੌੜ ਨੇ ਰਾਮ ਕੁਮਾਰ ਭਦੌੜ ਦੇ ਸੰਗੀਤ ਹੇਠ ਤੇਰਾਂ ਗੀਤਾਂ ਦੀ ਕੈਸਿਟ ਕੱਢੀ, ਉਸ ਵਿੱਚ ਦੋ ਗੀਤ ਨਛੱਤਰ ਛੱਤੇ ਦੀ ਆਵਾਜ਼ ਵਿੱਚ ਸਨ, ਜੋ ਬਹੁਤ ਮਕਬੂਲ ਹੋਏ। ਉਹਨਾਂ ਗੀਤਾਂ ਨੇ ਨਛੱਤਰ ਛੱਤੇ ਦੀ ਵੱਖਰੀ ਪਛਾਣ ਬਣਾ ਦਿੱਤੀ। ਇਸ ਤਰਾਂ ਛੱਤਾ ਗਾਇਕੀ ਵੱਲ ਆ ਗਿਆ।

ਅਲਬੇਲੇ ਸਦਕਾ ਨਛੱਤਰ ਛੱਤੇ ਦੀ ਪਹਿਲੀ ਕੈਸਿਟ 'ਅੱਜ ਦੀ ਰਾਤ ਮੁਕਲਾਵਾ' ਮਾਰਕੀਟ ਵਿੱਚ ਆਈ। ਇਸ ਕੈਸਿਟ ਦਾ ਗੀਤ 'ਮੰਦੜੇ ਬੋਲ ਨਾ ਬੋਲ ਵੇ ਸੱਜਣਾ' ਸਰੋਤਿਆਂ ਨੇ ਬਹੁਤ ਜਿਆਦਾ ਪਸੰਦ ਕੀਤਾ। ਇਸ ਤੋਂ ਬਾਅਦ ਹੋਰ ਕੈਸਿਟਾਂ ਮਤਲਬ ਦੀ ਦੁਨੀਆਂ, ਭੁੱਲ ਚੁੱਕ ਮੁਆਫ ਕਰੀ, ਲੱਗੀਆਂ ਪ੍ਰੀਤਾਂ ਦੀਆਂ, ਮਹਿਰਮ ਦਿਲਾਂ ਦਾ, ਕਰਨਾਂ ਛਡਦੇ ਪਿਆਰ ਆਦਿ ਸੋਲਾਂ ਕੈਸਿਟਾਂ ਸਰੋਤਿਆਂ ਦੀ ਝੋਲੀ ਪਾਈਆਂ। ਇਹਨਾਂ ਵਿਚੋਂ ਬਾਰਾਂ ਕੈਸਿਟਾਂ ਇਕੱਲੇ ਨਛੱਤਰ ਛੱਤੇ ਦੀਆਂ ਸਨ। ਚਾਰ ਕੈਸਿਟਾਂ ਵਿੱਚ ਨਾਲ ਹੋਰ ਕਲਾਕਾਰ ਸਨ। ਧਾਰਮਿਕ ਕੈਸਿਟ 'ਬਾਜ ਗੁਰਾਂ ਦੀ ਨਗਰੀ' ਸਰੋਤਿਆਂ ਦੀ ਝੋਲੀ ਪਾਈ।

1987 ਵਿੱਚ ਪਾਇਲ ਕੰਪਨੀ ਬਠਿੰਡਾ ਵਾਲਿਆਂ ਨੇ ਨਛੱਤਰ ਛੱਤੇ ਦੀ ਆਵਾਜ਼ ਵਿੱਚ 'ਰੁੱਤ ਪਿਆਰ ਦੀ' ਕੈਸਿਟ ਕੱਢੀ ਉਹ ਸਰੋਤਿਆਂ ਨੇ ਬਹੁਤ ਜ਼ਿਆਦਾ ਪਸੰਦ ਕੀਤੀ। ਇਸ ਕੈਸਿਟ ਨੇ ਛੱਤੇ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ। ਇਸ ਕੈਸਿਟ ਦਾ ਟਾਈਟਲ ਗੀਤ 'ਰੁੱਤ ਪਿਆਰ ਦੀ' ਗੁਰਬਖ਼ਸ਼ ਸਿੰਘ ਅਲਬੇਲੇ ਦਾ ਲਿਖਿਆ ਹੋਇਆ ਸੀ। ਉਂਝ ਤਾਂ ਛੱਤੇ ਨੇ ਸਾਰੇ ਗੀਤ ਹੀ ਵਧੀਆ ਗਾਏ ਪਰ ਕੁਝ ਮਸ਼ਹੂਰ ਗੀਤ ਮਰੇ ਨਾ ਕਿਸੇ ਦਾ ਪਤੀ, ਭੁੱਲਿਆ ਨੀ ਜਾਂਦਾ ਭੁੱਲ ਜਾਣ ਵਾਲੀਏ, ਤੂੰ ਸੱਜਣਾ ਪ੍ਰਦੇਸ਼ ਗਿਉਂ, ਕੋਈ ਗਜਰਾ ਬਣ ਕੇ, ਇੱਕ ਵਾਰੀ ਤਾਂ ਦੱਸਜਾ, ਫਿੱਕਾ ਰੰਗ ਅੱਜ ਦੀ ਦੁਪਿਹਰ ਦਾ, ਦੂਰ ਵਸੇਂਦਿਆ ਸੱਜਣਾ, ਬੱਸ ਚੱਲੀ ਵਿਰਕਾਂ ਦੀ, ਮੰਦੜੇ ਬੋਲ ਨਾਂ ਬੋਲ ਵੇ ਸੱਜਣਾ ਆਦਿ ਸਨ। ਨਛੱਤਰ ਛੱਤੇ ਨੇ ਕਈ ਗੀਤਕਾਰਾਂ ਦੇ ਗੀਤ ਗਾਏ। ਗੁਰਬਖ਼ਸ਼ ਸਿੰਘ ਅਲਬੇਲਾ, ਬੂਟਾ ਭਾਈ ਰੂਪਾ, ਗੀਤਾ ਦਿਆਲਪੁਰਾ, ਭਿੰਦਰ ਡੱਬਵਾਲੀ, ਮਿੱਠੂ ਖਾਈ ਵਾਲਾ, ਮੱਖਣ ਸੇਲਵਰਾਂ,

(ਬਾਕੀ ਸਫ਼ਾ 31 'ਤੇ)

## ਸਾਕਾ ਨੀਲਾ ਤਾਰਾ 'ਚ ਇੰਗਲੈਂਡ ਸਰਕਾਰ

ਸੈਂਕੜੇ ਸ਼ਰਧਾਲੂ ਮਾਰੇ ਗਏ ਸਨ। ਉਸ ਵੇਲੇ ਦੇ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਸਰਕਾਰ ਨੇ ਉਸ ਆਪਰੇਸ਼ਨ 'ਚ ਗੁਪਤ ਤਰੀਕੇ ਭੂਮਿਕਾ ਨਿਭਾਈ ਸੀ। ਮੈਂ ਅਜਿਹੇ ਮੌਕੇ ਸਿੱਖ ਕੌਮ ਨਾਲ ਖੜੀ ਹਾਂ ਤੇ ਇਸ ਸਾਰੇ ਮਾਮਲੇ ਦਾ ਪੂਰਾ ਸੱਚ ਸਾਹਮਣੇ ਲਿਆਉਣ ਲਈ ਜਾਂਚ ਕਰਵਾਉਣ ਦੀ ਮੰਗ ਕਰਦੀ ਹਾਂ।'

ਵਰਨਣਯੋਗ ਹੈ ਕਿ ਜਨਵਰੀ 2014 'ਚ ਬਕਾਇਦਾ ਵਰਗੀਕ੍ਰਿਤ ਦਸਤਾਵੇਜ਼ ਜਾਰੀ ਕੀਤੇ ਗਏ ਸਨ। ਉਨ੍ਹਾਂ ਦੀ ਜਾਂਚ ਤੋਂ ਸਹਿਜੇ ਹੀ ਪਤਾ ਲਗਦਾ ਸੀ ਕਿ 'ਬਲੂ-ਸਟਾਰ ਆਪਰੇਸ਼ਨ' 'ਚ ਯੂਕੇ ਸਰਕਾਰ ਦੀ ਭੂਮਿਕਾ ਸੀ ਪਰ ਉਦੋਂ ਦੀ ਥੈਚਰ ਸਰਕਾਰ ਦੀ ਇਸ ਕਥਿਤ ਸ਼ਮੂਲੀਅਤ ਦੀ ਹਾਲੇ ਤਕ ਕੋਈ ਸੁਤੰਤਰ ਜਾਂਚ ਨਹੀਂ ਕੀਤੀ ਗਈ। ਉਨ੍ਹਾਂ ਦਸਤਾਵੇਜ਼ਾਂ ਤੋਂ ਇਹ ਸਪੱਸ਼ਟ ਹੁੰਦਾ ਸੀ ਕਿ ਇੰਗਲੈਂਡ ਨੇ ਬਲੂ-ਸਟਾਰ ਆਪਰੇਸ਼ਨ ਤੋਂ ਪਹਿਲਾਂ ਫ਼ਰਵਰੀ 1984 'ਚ ਆਪਣਾ ਇਕ ਸੀਨੀਅਰ ਅਧਿਕਾਰੀ ਭਾਰਤ ਭੇਜਿਆ ਸੀ।

ਅਜਿਹਾ ਕੋਈ ਮਾਹਰ ਅਧਿਕਾਰੀ ਭੇਜਣ ਲਈ ਭਾਰਤ ਦੇ ਉਦੋਂ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ੍ਰੀਮਤੀ ਥੈਚਰ ਨੂੰ ਬੇਨਤੀ ਕੀਤੀ ਸੀ। ਉਸ ਅਧਿਕਾਰੀ ਨੇ 'ਸ੍ਰੀ ਹਰਿਮੰਦਰ ਸਾਹਿਬ 'ਚੋਂ ਸਿੱਖ ਅਤਿਵਾਦੀਆਂ ਨੂੰ ਬਾਹਰ ਕਢਣ ਦੀ ਯੋਜਨਾ ਉਲੀਕਣ 'ਚ ਮਦਦ ਕੀਤੀ ਸੀ।' ਉਦੋਂ ਅਜਿਹੇ ਇੰਕਸ਼ਾਫ਼ ਹੋਣ ਤੋਂ ਬਾਅਦ ਤਤਕਾਲੀਨ ਪ੍ਰਧਾਨ ਮੰਤਰੀ ਡੇਵਿਡ ਕੇਮਰੌਨ ਨੇ 'ਹੇਅਵੁਡ ਕਮਿਸ਼ਨ' ਦਾ ਗਠਨ ਕੀਤਾ ਸੀ ਤੇ ਉਸ ਕਮਿਸ਼ਨ ਨੇ ਫ਼ਰਵਰੀ 2014 'ਚ ਅਪਣੀ ਰਿਪੋਰਟ ਪ੍ਰਕਾਸ਼ਤ ਕਰਵਾ ਦਿਤੀ ਸੀ। ਉਹ ਰਿਪੋਰਟ 23,000 ਦਸਤਾਵੇਜ਼ਾਂ ਦੇ ਨਿਰੀਖਣ ਤੋਂ ਬਾਅਦ ਨਸ਼ਰ ਹੋਈ ਸੀ ਤੇ ਉਸ ਦਾ ਨਤੀਜਾ ਇਹੋ ਨਿਕਲਿਆ ਸੀ ਕਿ ਇੰਗਲੈਂਡ ਦੇ ਰਿਕਾਰਡ ਵਿਚ ਅਜਿਹਾ ਕੁੱਝ ਨਹੀਂ ਪਾਇਆ ਗਿਆ ਕਿ ਉਦੋਂ ਦੀ ਸਰਕਾਰ ਨੇ ਬਲੂ-ਸਟਾਰ ਆਪਰੇਸ਼ਨ 'ਚ ਭਾਰਤ ਸਰਕਾਰ ਦੀ ਕੋਈ ਮਦਦ ਕੀਤੀ ਸੀ। ਇੰਗਲੈਂਡ 'ਚ ਰਹਿੰਦੇ ਸਿੱਖਾਂ ਨੇ 'ਹੇਅਵੁਡ ਕਮਿਸ਼ਨ' ਦੀ ਰੀਪੋਰਟ ਨੂੰ ਮੁਢੋਂ ਰੱਦ ਕਰ ਦਿੱਤਾ ਸੀ।

***

## ਗੁਰਪਤਵੰਤ ਸਿੰਘ ਪੰਨੂ ਮਾਮਲਾ:

ਰਿਪੋਰਟ ਮੁਤਾਬਕ, "ਮੂਸਾ ਨੇ ਸ਼ਿਕਾਇਤ ਕੀਤੀ ਸੀ ਕਿ ਗੁਪਤਾ ਦੀ ਡਿਟੈਨਸ਼ਨ ਦੇ ਸ਼ੁਰੂਆਤੀ ਪੜਾਅ ਵਿੱਚ ਚੈੱਕ ਗਣਰਾਜ ਸਰਕਾਰ ਵੱਲੋਂ ਨਿਯੁਕਤ ਕੀਤੇ ਅਟਾਰਨੀ ਨੇ 'ਅਮਰੀਕੀ ਏਜੰਸੀਆਂ ਦੇ ਬੇਲੋੜੇ ਦਬਾਅ ਹੇਠ' ਉਸ ਨੂੰ ਉਲਟ ਕਾਨੂੰਨੀ ਸਲਾਹ ਦਿੱਤੀ ਸੀ।" ਗੁਪਤਾ ਨੂੰ ਅਮਰੀਕਾ ਦੇ ਹਵਾਲੇ ਅਜਿਹੇ ਮੌਕੇ ਕੀਤਾ ਗਿਆ ਹੈ ਜਦੋਂ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਭਾਰਤ ਦੌਰੇ 'ਤੇ ਹਨ। ਦਿ ਵਾਸ਼ਿੰਗਟਨ ਪੋਸਟ ਨੇ ਇਸ ਸਾਲ ਅਪਰੈਲ ਵਿੱਚ ਆਪਣੀ ਇਕ ਰਿਪੋਰਟ 'ਚ ਦਾਅਵਾ ਕੀਤਾ ਸੀ ਕਿ ਗੁਰਪਤਵੰਤ ਪੰਨੂ ਦੇ ਕਤਲ ਦੀ ਸਾਜ਼ਿਸ਼ ਘੜਨ ਪਿੱਛੇ ਭਾਰਤ ਦੀ ਖੁਫੀਆ ਏਜੰਸੀ 'ਰਾਅ' ਦੇ ਅਧਿਕਾਰੀ ਵਿਕਰਮ ਯਾਦਵ ਦਾ ਹੱਥ ਸੀ। ਰਿਪੋਰਟ ਵਿੱਚ ਇਹ ਗੱਲ ਵੀ ਕਹੀ ਗਈ ਸੀ ਕਿ ਇਸ ਪੂਰੇ ਅਪਰੇਸ਼ਨ ਨੂੰ 'ਰਾਅ' ਮੁਖੀ ਸਾਮੰਤ ਗੋਇਲ ਨੇ ਮਨਜ਼ੂਰੀ ਦਿੱਤੀ ਸੀ। ਭਾਰਤ ਦਾ ਵਿਦੇਸ਼ ਮੰਤਰਾਲਾ ਹਾਲਾਂਕਿ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਸਬੰਧੀ ਦਾਅਵਿਆਂ ਨੂੰ 'ਗੈਰਵਾਜਬ ਤੇ ਬੇਬੁਨਿਆਦ' ਦੱਸ ਕੇ ਖਾਰਜ ਕਰ ਚੁੱਕਾ ਹੈ। ਭਾਰਤ ਨੇ ਜਨਤਕ ਤੌਰ 'ਤੇ ਕਿਹਾ ਸੀ ਕਿ ਉਹ ਅਮਰੀਕਾ ਵੱਲੋਂ ਇਸ ਮਾਮਲੇ ਵਿੱਚ ਸਾਂਝੇ ਕੀਤੇ ਸਬੂਤਾਂ ਦੀ ਉੱਚ ਪੱਧਰੀ ਜਾਂਚ ਕਰ ਰਿਹਾ ਹੈ।

ਅਮਰੀਕਾ ਵਿੱਚ ਇੱਕ ਸਿੱਖ ਆਗੂ ਦੀ ਸੁਪਾਰੀ ਦੇ ਕੇ ਕਤਲ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦੇ ਦੋਸ਼ੀ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਹੁਣ ਅਮਰੀਕੀ ਅਦਾਲਤ ਵਿੱਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਦੇਸ਼ ਆਪਣੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰੇਗਾ। ਗੁਪਤਾ (53) ਨੂੰ ਨਿਊਯਾਰਕ 'ਚ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਲਈ ਅਮਰੀਕੀ ਸਰਕਾਰ ਦੀ ਅਪੀਲ 'ਤੇ 30 ਜੂਨ 2023 ਨੂੰ ਚੈੱਕ ਗਣਰਾਜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ 14 ਜੂਨ ਨੂੰ ਅਮਰੀਕਾ ਹਵਾਲੇ ਕੀਤਾ ਗਿਆ ਸੀ। ਗੁਪਤਾ ਦੇ ਅਟਾਰਨੀ ਜੈਫਰੀ ਚੈਬਰੋਵੇ ਦੇ ਅਨੁਸਾਰ, ਸੋਮਵਾਰ ਨੂੰ ਉਸ ਨੂੰ ਆਪਣੀ ਪਹਿਲੀ ਪੇਸ਼ੀ ਲਈ ਮੈਨਹਟਨ ਸੰਘੀ ਅਦਾਲਤ 'ਚ ਮੈਜਿਸਟਰੇਟ ਜੱਜ ਜੇਮਜ਼ ਕੌਟ ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੇ ਉਸ ਨੇ ਖ਼ੁਦ ਨੂੰ ਬੇਗੁਨਾਹ ਦੱਸਿਆ।

ਗਾਰਲੈਂਡ ਨੇ ਕਿਹਾ, ਕਿ ਇਹ ਹਵਾਲਗੀ ਸਪੱਸ਼ਟ ਰੂਪ ਨਾਲ ਦਰਸਾਉਂਦੀ ਹੈ ਕਿ ਨਿਆਂ ਵਿਭਾਗ ਅਮਰੀਕੀ ਨਾਗਰਿਕਾਂ ਨੂੰ ਚੁੱਪ ਕਰਵਾਉਣ ਜਾਂ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਨਿਖਿਲ ਗੁਪਤਾ 'ਤੇ ਭਾਰਤ 'ਚ ਸਿੱਖ ਵੱਖਵਾਦੀ ਅੰਦੋਲਨ ਦਾ ਸਮਰਥਨ ਕਰਨ ਲਈ ਇੱਕ ਅਮਰੀਕੀ ਨਾਗਰਿਕ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਦੇ ਕਤਲ ਦੀ ਸਾਜ਼ਿਸ਼ 'ਚ ਸ਼ਾਮਲ ਰਹਿਣ ਦੇ ਮਾਮਲੇ 'ਚ ਅਮਰੀਕਾ ਦੀ ਇੱਕ ਅਦਾਲਤ 'ਚ ਮੁਕੱਦਮਾ ਚੱਲੇਗਾ। ਭਾਰਤ ਸਰਕਾਰ ਦੇ ਇੱਕ ਕਰਮਚਾਰੀ ਦੇ ਨਿਰਦੇਸ਼ 'ਤੇ ਇਹ ਸਾਜ਼ਿਸ਼ ਰਚੀ ਗਈ। ਮਾਮਲੇ 'ਚ ਅਗਲੀ ਸੁਣਵਾਈ 28 ਜੂਨ ਨੂੰ ਹੋਵੇਗੀ। ਗੁਪਤਾ 'ਤੇ ਸੁਪਾਰੀ ਦੇ ਕੇ ਕਤਲ ਕਰਵਾਉਣ ਅਤੇ ਸਾਜ਼ਿਸ਼ ਰਚਣ ਦਾ ਦੋਸ਼ ਹੈ। ਜੇਕਰ ਗੁਪਤਾ ਨੂੰ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਤਿ ਉਸ ਨੂੰ ਹਰੇਕ ਦੋਸ਼ ਲਈ ਵੱਧ ਤੋਂ ਵੱਧ 10 ਸਾਲ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਡਿਪਟੀ ਅਟਾਰਨੀ ਜਨਰਲ ਲਿਸਾ ਮੋਨਾਕੋ ਨੇ ਕਿਹਾ ਕਿ ਸੁਪਾਰੀ ਦੇ ਕੇ ਕਤਲ ਕਰਵਾਉਣ ਦੀ ਸਾਜ਼ਿਸ਼, ਕਥਿਤ ਤੌਰ 'ਤੇ ਭਾਰਤ ਸਰਕਾਰ ਦੇ ਇੱਕ ਕਰਮਚਾਰੀ ਵੱਲੋਂ ਨਿਊਯਾਰਕ ਸ਼ਹਿਰ 'ਚ ਇੱਕ ਅਮਰੀਕੀ ਨਾਗਰਿਕ ਦੇ ਕਤਲ ਲਈ ਰਚੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਇੱਕ ਰਾਜਨੀਤਕ ਵਰਕਰ ਨੂੰ ਉਸ ਦੇ ਮੁੱਖ ਅਮਰੀਕੀ ਅਧਿਕਾਰ- ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਗਲਤ ਵਰਤੋਂ ਰਕਨ ਤੋਂ ਰੋਕਣ ਦੀ ਇੱਕ ਸ਼ਰਮਸਾਰ ਦੀ ਕੋਸ਼ਿਸ਼ ਸੀ।

***

## ਨਿਖਲ ਗੁਪਤਾ ਨੇ ਖ਼ੁਦ

ਜਿੱਥੇ ਉਸ ਨੇ ਆਪਣੇ (ਮੁਵੱਕਿਲ) ਨੇ ਆਪਣਾ ਦੋਸ਼ ਨਹੀਂ ਮੰਨਿਆ। ਇਹ ਮੁੱਦਾ ਦੋਹਾਂ ਦੇਸ਼ਾਂ ਲਈ ਬਹੁਤ ਹੀ ਪੇਚੀਦਾ ਹੈ। ਨਿਖਲ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਉਸ 'ਤੇ ਇਹ ਝੂਠਾ ਦੋਸ਼ ਲਗਾਇਆ ਗਿਆ ਹੈ। ਅਦਾਲਤ ਨੇ ਉਸ ਨੂੰ 28 ਜੂਨ ਤੱਕ ਰਿਮਾਂਡ 'ਤੇ ਭੇਜਣ ਦੇ ਹੁਕਮ ਵੀ ਦਿੱਤੇ ਹਨ। ਨਿਊਯਾਰਕ ਦੀ ਅਦਾਲਤ ਨੇ ਨਿਖਲ ਗੁਪਤਾ ਨੂੰ 28 ਜੂਨ ਨੂੰ ਹੋਣ ਵਾਲੀ ਸੁਣਵਾਈ ਤੱਕ ਹਿਰਾਸਤ ਵਿੱਚ ਰੱਖਣ ਦਾ ਹੁਕਮ ਦਿੱਤਾ ਹੈ। ਉਸ ਦੇ ਵਕੀਲ ਨੇ ਉਸ ਦੀ ਜ਼ਮਾਨਤ ਲਈ ਅਰਜ਼ੀ ਨਹੀਂ ਦਿੱਤੀ

## ਅਰੁੰਧਤੀ ਰਾਏ ਖ਼ਿਲਾਫ਼ ਯੂ.ਏ.ਪੀ.ਏ.

ਸ਼ੇਖ ਸ਼ੌਕਤ ਹੁਸੈਨ ਕਸ਼ਮੀਰ ਦੀ ਕੇਂਦਰੀ ਯੂਨੀਵਰਸਿਟੀ ਵਿੱਚ ਕੌਮਾਂਤਰੀ ਕਾਨੂੰਨ ਦੇ ਪ੍ਰੋਫ਼ੈਸਰ ਰਹਿ ਚੁੱਕੇ ਹਨ।

ਇਸ ਮਾਮਲੇ ਦੀ ਐੱਫ.ਆਈ.ਆਰ. 28 ਅਕਤੂਬਰ 2010 ਨੂੰ ਸੁਸ਼ੀਲ ਪੰਡਿਤ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ।

ਪਿਛਲੇ ਸਾਲ ਅਕਤੂਬਰ ਵਿੱਚ, ਉੱਪ-ਰਾਜਪਾਲ ਨੇ ਵੱਖੋ-ਵੱਖ ਫਿਰਕਿਆਂ ਵਿੱਚ ਵਿਰੋਧ ਵਧਾਉਣ ਅਤੇ ਸਮਾਜਿਕ ਅਸ਼ਾਂਤੀ ਫੈਲਾਉਣ ਵਾਲੇ ਬਿਆਨ ਦੇਣ ਦੇ ਇਲਜ਼ਾਮ ਵਿੱਚ ਦੋਵਾਂ ਦੇ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 196 ਦੇ ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦਿੱਤੀ ਸੀ।

***

## ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਫੇਲ੍ਹ ਕੀਤਾ

ਸੋ 2 ਸਾਲਾਂ ਦੀ ਕਾਰਗੁਜਾਰੀ ਨੇ ਹੀ ਸੂਬੇ ਦੇ ਲੋਕਾਂ ਨੂੰ ਅਜਿਹਾ ਨਿਰਾਸ਼ ਕੀਤਾ ਕਿ 13-0 ਦਾ ਦਾਅਵਾ ਕਰਨ ਵਾਲੀ ਪਾਰਟੀ ਨੂੰ 3 ਸੀਟਾਂ 'ਤੇ ਹੀ ਸਮੇਟ ਕੇ ਗੋਡਿਆਂ ਭਾਰ ਕਰ ਦਿੱਤਾ। ਭਾਵੇਂ ਕਿ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਇਸ ਤੋਂ ਪਹਿਲਾਂ ਵੀ ਕਈ ਵਾਰ ਸਿਧਾਂਤਾਂ ਤੋਂ ਥਿਰਕਣ, ਬੇਅਦਬੀ ਬਾਰੇ ਸਿਖਾਂ ਨੂੰ ਇਨਸਾਫ ਨਾ ਦੇਣ ਕਾਰਨ, ਨਸ਼ੇ ਨਾ ਰੋਕਣ ਦੇ ਦੋਸ਼ਾਂ ਤਹਿਤ ਸੂਬਾ ਸਰਕਾਰ ਦੇ ਫ਼ੈਸਲਿਆਂ ਦੀ ਆਲੋਚਨਾ ਕਰਦੇ ਰਹੇ ਹਨ ਪਰ ਲੋਕ ਸਭਾ ਚੋਣਾਂ ਦੇ ਆਏ ਨਤੀਜਿਆਂ ਮਗਰੋਂ ਪਾਰਟੀ ਵਿੱਚ ਬਗਾਵਤੀ ਸੁਰਾਂ ਉੱਠਣ ਲੱਗੀਆਂ ਹਨ। ਇਥੋਂ ਤੱਕ ਕਿ ਅੰਮ੍ਰਿਤਸਰ ਦੇ ਇੱਕ ਹੋਰ ਵਿਧਾਇਕ ਡਾ. ਅਜੇ ਗੁਪਤਾ ਨੇ ਕੁੱਝ ਦਿਨ ਪਹਿਲਾਂ ਭਰੇ ਇਕੱਠ ਵਿੱਚ ਪੰਜਾਬ ਸਰਕਾਰ ਦੇ ਸਮੁੱਚੇ ਕਾਰਜਕਾਲ ਨੂੰ ਲੀਹੋਂ ਲੱਥਾ ਕਰਾਰ ਦਿੰਦੇ ਹੋਏ ਪਾਰਟੀ ਵਿੱਚ ਤਰਥੱਲੀ ਮਚਾ ਦਿੱਤੀ ਸੀ, ਹਾਲਾਂਕਿ ਉਸ ਨੇ ਬਾਅਦ ਵਿੱਚ ਯੂ-ਟਰਨ ਲੈਣ ਦਾ ਯਤਨ ਵੀ ਕੀਤਾ ਪਰ ਅਜੇ ਵੀ ਆਪ ਆਦਮੀ ਪਾਰਟੀ ਦੇ ਕਈ ਅਹੁਦੇਦਾਰ ਦਬਵੀਂ ਜੁਬਾਨ ਵਿੱਚ ਸਰਕਾਰ ਦੇ ਪ੍ਰਦਰਸ਼ਨ ਨੂੰ ਸੁਆਲਾਂ ਦੇ ਘੇਰੇ ਵਿੱਚ ਖੜਾ ਕਰ ਰਹੇ ਹਨ ਕਿ ਆਪਣੇ ਆਲੇ-ਦੁਆਲੇ ਪ੍ਰਚਾਰ ਵਾਲੇ ਬੁਣੇ ਇਸ਼ਤਿਹਾਰਾਂ ਦੇ ਮੱਕੜ ਜਾਲ ਵਿਚੋਂ ਬਾਹਰ ਨਿਕਲ ਕੇ ਸਰਕਾਰ ਨੂੰ ਜ਼ਮੀਨੀ ਪੱਧਰ 'ਤੇ ਹਕੀਕੀ ਰੂਪ ਵਿੱਚ ਲੋਕਾਂ ਦੀ ਸਾਰ ਲੈਣੀ ਚਾਹੀਦੀ ਹੈ।

***

## ਬਿਜਲੀ ਦਰਾਂ ਵਿੱਚ ਵਾਧੇ ਕਾਰਨ ਪੰਜਾਬ ਵਿਚੋਂ

ਵਿੱਚ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਤੋਂ ਪਹਿਲਾਂ ਪੰਜਾਬ ਦੇ ਸਨਅਤਕਾਰਾਂ ਨੇ ਫਰਵਰੀ ਮਹੀਨੇ ਵਿੱਚ ਕਈ ਸ਼ਹਿਰਾਂ ਵਿੱਚ ਜਾ ਕੇ ਪੰਜਾਬ ਬਿਜਲੀ ਰੈਗੂਲੇਟਰੀ ਅਥਾਰਿਟੀ ਕੋਲ ਬਿਜਲੀ ਮਹਿੰਗੀ ਕਰਨ ਦੀ ਸਿਫ਼ਾਰਸ਼ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਹਰ ਵਾਰ ਪੰਜਾਬ ਦੀਆਂ ਸਨਅਤੀ ਇਕਾਈਆਂ ਦੀ ਬਿਜਲੀ ਹੀ ਮਹਿੰਗੀ ਕਿਉਂ ਕੀਤੀ ਜਾ ਰਹੀ ਹੈ ਪਰ ਸਨਅਤਕਾਰਾਂ ਵੱਲੋਂ ਬਿਜਲੀ ਮਹਿੰਗੀ ਕਰਨ ਦੀ ਸਿਫ਼ਾਰਸ਼ ਦਾ ਵਿਰੋਧ ਕਰਨਾ ਵੀ ਕੰਮ ਨਹੀਂ ਆਇਆ ਹੈ, ਜਿਸ ਕਰਕੇ ਹੁਣ 16 ਜੂਨ ਤੋਂ ਬਿਜਲੀ ਦੀਆਂ ਨਵੀਆਂ ਦਰਾਂ ਲਾਗੂ ਹੋਣਗੀਆਂ । ਪੰਜਾਬ ਦੀਆਂ ਸਨਅਤੀ ਇਕਾਈਆਂ ਲਈ 15 ਪੈਸੇ ਪ੍ਰਤੀ ਯੂਨਿਟ ਬਿਜਲੀ ਮਹਿੰਗੀ ਕੀਤੀ ਗਈ ਹੈ, ਜਿਹੜੀ ਕਿ ਖ਼ਰਚਿਆਂ ਸਮੇਤ 20 ਪੈਸੇ ਪ੍ਰਤੀ ਯੂਨਿਟ ਦੇ ਕਰੀਬ ਪੁੱਜ ਜਾਵੇਗੀ। ਬਿਜਲੀ ਮਹਿੰਗੀ ਹੋਣ ਨਾਲ ਸਨਅਤਕਾਰਾਂ ਨੂੰ ਇਸ ਕਰਕੇ ਵੀ ਵੱਡਾ ਝਟਕਾ ਲੱਗਾ ਹੈ, ਕਿਉਂਕਿ ਜਦੋਂ ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਆਪਣੀਆਂ ਸਨਅਤੀ ਇਕਾਈਆਂ ਵਿੱਚ ਤਿਆਰ ਹੁੰਦੇ ਸਾਮਾਨ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਲਈ ਮਜਬੂਰ ਹੋਣਾ ਪਏਗਾ। ਬਿਜਲੀ ਮਹਿੰਗੀ ਹੋਣ ਤੋਂ ਨਾਰਾਜ਼ ਸਨਅਤਕਾਰਾਂ ਦਾ ਕਹਿਣਾ ਸੀ ਕਿ ਪੰਜਾਬ ਨੇ ਸਨਅਤੀ ਇਕਾਈਆਂ ਦੀ ਬਿਜਲੀ ਮਹਿੰਗੀ ਕੀਤੀ ਹੈ ਅਤੇ ਦਿੱਲੀ ਨੂੰ ਛੱਡ ਕੇ ਦੂਜੇ ਰਾਜਾਂ ਵਿੱਚ ਬਿਜਲੀ ਮਹਿੰਗੀ ਹੋਣ ਦੇ ਆਸਾਰ ਨਹੀਂ ਹਨ, ਜਿਸ ਕਰਕੇ ਪੰਜਾਬ ਦੀਆਂ ਸਨਅਤੀ ਇਕਾਈਆਂ ਵਿੱਚ ਦੂਜੇ ਰਾਜਾਂ ਦੇ ਮੁਕਾਬਲੇ ਸਾਮਾਨ ਦੀ ਕੀਮਤ ਮਹਿੰਗੀ ਹੋ ਜਾਵੇਗੀ, ਜਿਸ ਕਰਕੇ ਪੰਜਾਬ ਦੇ ਸਨਅਤਕਾਰਾਂ ਲਈ ਦੂਜੇ ਰਾਜਾਂ ਵਿੱਚ ਤਿਆਰ ਹੁੰਦੇ ਸਾਮਾਨ ਦੀਆਂ ਕੀਮਤਾਂ ਦਾ ਮੁਕਾਬਲਾ ਕਰਨਾ ਹੋਰ ਵੀ ਔਖਾ ਹੋ ਜਾਵੇਗਾ ।

ਪੰਜਾਬ ਵਿੱਚ ਨਵੀਂ ਸਰਕਾਰ ਦੇ ਆਉਣ ਤੋਂ ਬਾਅਦ ਜਿਸ ਤਰਾਂ ਨਾਲ ਮਾਹੌਲ ਖ਼ਰਾਬ ਹੋਇਆ ਹੈ, ਉਹ ਹੁਣ ਕਾਰੋਬਾਰੀਆਂ ਲਈ ਸੁਖਾਵਾਂ ਮਾਹੌਲ ਨਹੀਂ ਰਿਹਾ ਹੈ, ਕਿਉਂਕਿ ਆਏ ਦਿਨ ਕਾਰੋਬਾਰੀਆਂ ਨੂੰ ਗੈਂਗਸਟਰਾਂ ਵਲੋਂ ਫਿਰੌਤੀਆਂ ਦੀਆਂ ਧਮਕੀਆਂ ਮਿਲਣ ਕਰਕੇ ਉਹ ਖ਼ੌਫ਼ ਦੇ ਵਾਤਾਵਰਨ ਵਿੱਚ ਜੀਅ ਰਹੇ ਹਨ ਪਰ ਹੁਣ ਸਨਅਤੀ ਇਕਾਈਆਂ ਲਈ ਬਿਜਲੀ ਹੋਰ ਮਹਿੰਗੀ ਕਰਕੇ ਸਨਅਤੀ ਇਕਾਈਆਂ ਦਾ ਲੱਕ ਹੋਰ ਟੁੱਟ ਜਾਵੇਗਾ ਅਤੇ ਸਨਅਤੀ ਇਕਾਈਆਂ ਦੇ ਦੂਜੇ ਰਾਜਾਂ ਵਿੱਚ ਜਾਣ ਦੇ ਰੁਝਾਨ ਵਿੱਚ ਹੋਰ ਵੀ ਵਾਧਾ ਹੋਵੇਗਾ। ਸਨਅਤਕਾਰਾਂ ਦਾ ਕਹਿਣਾ ਸੀ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ 'ਆਪ' ਨੇ ਸਨਅਤਕਾਰਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਸਸਤੀ ਕਰਨ ਦਾ ਵਾਅਦਾ ਕੀਤਾ ਸੀ ਪਰ ਇਹ ਵਾਅਦਾ ਪੂਰਾ ਨਹੀਂ ਕੀਤਾ ਗਿਆ, ਸਗੋਂ ਹੁਣ ਹੋਰ ਬਿਜਲੀ ਮਹਿੰਗੀ ਕਰ ਦਿੱਤੀ ਗਈ ਹੈ। ਜ਼ਿਆਦਾਤਰ ਛੋਟੇ ਸਨਅਤਕਾਰਾਂ ਨੂੰ 5 ਰੁਪਏ ਵਾਲੀ ਬਿਜਲੀ 8 ਤੋਂ 8.50 ਰੁਪਏ ਪ੍ਰਤੀ ਯੂਨਿਟ ਪੈ ਰਹੀ ਹੈ। ਚੇਤੇ ਰਹੇ ਕਿ ਰਾਜ ਪਾਵਰਕਾਮ ਕੋਲ ਸਨਅਤੀ ਖੇਤਰ ਦੀ ਬਿਜਲੀ ਦੀ ਜ਼ਿਆਦਾ ਮੰਗ ਵਿੱਚ ਵਾਧਾ ਨਹੀਂ ਹੋਇਆ ਹੈ, ਸਗੋਂ ਖੇਤੀ ਵਰਗ ਅਤੇ ਘਰੇਲੂ ਵਰਗ ਦੀ ਮੁਫ਼ਤ ਬਿਜਲੀ ਦੀ ਮੰਗ ਵਿੱਚ ਹੀ ਵਾਧਾ ਹੋ ਰਿਹਾ ਹੈ ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਨੇ ਲੋਕ ਸਭਾ ਚੋਣਾਂ ਖ਼ਤਮ ਹੋਣ ਤੋਂ ਬਾਅਦ ਬਿਜਲੀ ਦਰਾਂ ਵਿੱਚ ਵਾਧਾ ਕਰ ਕੇ ਪੰਜਾਬੀਆਂ ਨਾਲ ਭੱਦਾ ਮਜ਼ਾਕ ਕੀਤਾ ਹੈ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ ਬਦਲਾਅ ਦੇ ਨਾਂਅ 'ਤੇ ਇਹ ਧੋਖਾ ਕਿਉਂ ਕੀਤਾ ਅਤੇ ਆਮ ਆਦਮੀ ਦੀ ਜੇਬ ਵਿੱਚ ਸੰਨ੍ਹ ਕਿਉਂ ਲਾਈ। ਉਨ੍ਹਾਂ ਕਿਹਾ ਕਿ ਸੂਬੇ ਦੀ ਬਿਜਲੀ ਕੰਪਨੀ ਦੇ ਮਾੜੇ ਪ੍ਰਬੰਧਨ ਦੀ ਸਜ਼ਾ ਬਿਜਲੀ ਖਪਤਕਾਰਾਂ ਨੂੰ ਨਾ ਦਿੱਤੀ ਜਾਵੇ।

***

## ਸਿੱਖ ਪੰਥ ਦੀ ਬੇਚੈਨੀ ਪੰਜਾਬ ਦੀ

ਇੱਕ ਵਾਰ ਫਿਰ ਸਿੱਖ ਪੰਥ ਆਪਣੀ ਸੱਭਿਆਚਾਰਕ ਤੇ ਸਿਆਸੀ ਪਛਾਣ ਨੂੰ ਕਾਇਮ ਰੱਖਣ ਲਈ ਸਰਗਰਮ ਹੈ। ਕਿਸਾਨੀ ਸੰਘਰਸ਼ ਇਸ ਗਲ ਦੇ ਸਬੂਤ ਹਨ। ਨਸ਼ਿਆਂ ਅਤੇ ਬੇਰੁਜ਼ਗਾਰੀ ਤੋਂ ਦੁਖੀ ਪੰਜਾਬ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਧੂ ਮੂਸੇਵਾਲਾ ਦੇ ਸੰਗੀਤ ਤੋਂ ਜੋਸ਼ ਅਤੇ ਦੀਪ ਸੰਧੂ ਦੇ ਬੋਲਾਂ ਤੋਂ ਊਰਜਾ ਮਿਲਦੀ ਹੈ। ਪੰਜਾਬ ਨੂੰ ਇਨਸਾਫ਼ ਨਾ ਮਿਲਣ ਕਾਰਨ ਸਿੱਖ ਪੰਥ ਦੀ ਸਰਕਾਰ ਨਾਲ ਨਾਰਾਜ਼ਗੀ ਅਤੇ ਕੁੜੱਤਣ ਹੋਰ ਵਧ ਗਈ।

ਸੋ ਅੰਮ੍ਰਿਤਪਾਲ ਸਿੰਘ ਦਾ ਉਭਾਰ ਪੰਜਾਬ ਦੀ ਬੇਗਾਨਗੀ ਤੇ ਬੇਚੈਨੀ ਦਾ ਸਬੂਤ ਹੈ। ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਤੇ ਅੰਮ੍ਰਿਤਪਾਲ ਸਿੰਘ ਦੀ ਖਡੂਰ ਸਾਹਿਬ ਸੀਟ ਤੋਂ ਜਿੱਤ ਸਿੱਖ ਪੰਥ ਦੀਆਂ ਭਾਵਨਾਵਾਂ ਦਾ ਸਬੂਤ ਹੈ ਜੋ ਯੋਗ ਲੀਡਰਸ਼ਿਪ ਦੀ ਭਾਲ ਵਿੱਚ ਹੈ। ਕੀ ਇਹ ਸਫਰ ਮਾਛੀਵਾੜੇ ਦੇ ਜੰਗਲਾਂ ਵਿਚੋਂ ਲੰਘਕੇ ਖਿਦਰਾਣੇ ਦੀ ਢਾਬ ਉੱਪਰ ਮੁਕੇਗਾ ? ਜਿਥੇ ਪਾਣੀ ਵੀ ਨਸੀਬ ਨਹੀਂ ਹੁੰਦਾ।

***

## ਬਾਬਾ ਬੰਦਾ ਸਿੰਘ ਬਹਾਦਰ

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਹਨਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ। ਅੰਤ ਬਾਬਾ ਜੀ ਅਤੇ ਉਸਦੇ 26 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪਰਿਕ੍ਰਮਾ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸ਼ਮੇਸ਼ ਪਿਤਾ ਦੇ ਸਿੱਦਕੀ ਸਭ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿੱਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖੁਦ ਵੱਢ ਦਿਓ ਕਿਹਾ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਦੋ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਜੀ ਦੇ ਮੂੰਹ ਵਿੱਚ ਤੁਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਅਡੋਲ ਰਹੇ। ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦਲ ਦੌਲਾ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜਾ ਸੀ । ਇਸ ਸ਼ਹੀਦੀ ਦਾ ਉਸ ਦੇ ਮਨ 'ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ ਤੇ ਉਚਿਤਾ ਦੇ ਮਾਲਕ ਨੇ ਦੁਨੀਅ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿੱਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਲਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣ ਮਨੁੱਖੀ ਤਸੀਹੇ ਸਹਿੰਦਿਆਂ ਬਾਬਾ ਜੀ, ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ, ਜਿਹਨਾਂ ਸਿੱਖ ਧਰਮ ਵਿੱਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖ਼ਾਲਸੇ ਨੇ ਬਰਾਬਰਤਾ ਦੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ 'ਤੇ ਕਬਜ਼ਾ ਕੀਤਾ। ਉਹਨਾਂ ਨੇ ਨੀਚਾਂ ਵਿਚੋਂ ਨੀਚ ਹਾਕਮ ਬਣਾਇਆ। ਖ਼ਾਲਸ ਨੇ ਜਿਸ ਇਲਾਕੇ 'ਤੇ ਕਬਜ਼ਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ, ਜੋ ਇੱਕ ਨੀਵੀਂ ਜਾਤ ਵਿਚੋਂ ਸਨ। ਉਹਨਾਂ ਦੇ ਰਾਜ ਵਿੱਚ ਸਿੱਖ ਇੱਕ ਅਜਿੱਤ ਕੌਮ ਦੇ ਰੂਪ ਵਿੱਚ ਸਾਹਮਣੇ ਆਏ। ਉਹਨਾਂ ਦੇ ਰਾਜ ਕਾਲ ਵਿੱਚ ਹਰ ਇੱਕ ਨੂੰ ਬਰਾਬਰ ਆਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸਨ। ਉਹਨਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜ਼ੁਲਮ ਸਹਿ ਕੇ ਵੀ ਖ਼ਾਲਸੇ ਦੀਆਂ ਬਾਰਾਂ ਮਿਸਲਾਂ ਹੋਂਦ ਵਿੱਚ ਆਈਆਂ। ਫਿਰ 1801 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਜੀ ਦੀ ਅਗਵਾਈ ਹੇਠ ਖ਼ਾਲਸੇ ਨੇ ਜ਼ਿੰਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ 'ਤੇ ਉਹਨਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖੁਦ ਹਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਘਾ ਕੀਤਾ , ਜੋ ਬੇਜ਼ਮੀਨੇ ਅਤੇ ਨਿਖਿਧ ਸਨ।

ਬਾਬਾ ਜੀ ਇੱਕ ਸੂਰਬੀਰ , ਸਫਲ ਪ੍ਰਬੰਧਕ, ਸਿੱਦਕੀ ਅਤੇ ਧਰਮੀ ਸਿੱਖ ਸਨ। ਉਹਨਾਂ ਦੀ ਸਿੱਖ ਕੌਮ ਨੂੰ ਬੇਮਿਸਾਲ ਦੇਣ ਹੈ। ਉਹਨਾਂ ਦੀ ਵਿਲੱਖਣ ਸ਼ਹੀਦੀ ਅਤੇ ਉਹਨਾਂ ਦਾ ਸਿੱਖ ਪੰਥ ਦੀ ਸਥਾਪਤੀ ਵਿੱਚ ਪਾਏ ਯੋਗਦਾਨ 'ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

ਅੰਤਿਕਾ : ਜੋ ਮਨੁੱਖ ਜਗਤ ਰੂਪ ਰਣਭੂਮੀ ਵਿੱਚ ਦਲੇਰ ਹੋ ਕੇ ਵਿਕਾਰਾ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ। ਜਦ ਇਹਨਾਂ ਨਾਲ ਲੜਿਆ ਜਾ ਸਕਦਾ ਹੈ । ਉਹ ਅਸਲ ਸੂਰਮਾ ਹੈ। ਉਸ ਦੇ ਦਸਮ ਦੁਆਰ ਵਿੱਚ ਧੌਂਸਾਂ ਵੱਜਦਾ ਹੈ। ਉਸ ਦੇ ਨਿਸ਼ਾਨੇ 'ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਣਾਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿਥੇ ਕਿਸੇ ਵਿਕਾਰ ਦੀ ਸੁਣਾਈ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿੱਚ ਪ੍ਰਭੂ ਚਰਨਾਂ ਵਿੱਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇੱਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਵੀ ਸੂਰਮਾ ਸਮਝਣਾ ਚਾਹੀਦਾ ਹੈ, ਜੋ ਗਰੀਬ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ 1105-ਭਗਤ ਕਬੀਰ ਜੀ॥

**

## ਕੀਟਾਣੂਆਂ ਵੱਲੋਂ ਫੇਫੜਿਆਂ ਨੂੰ ਖ਼ਰਾਬ

ਵਿਕਸਿਤ ਕਰ ਕੇ ਟਿਸ਼ੂਜ਼ ਦੀ ਰੱਖਿਆ ਪ੍ਰਣਾਲੀ 'ਚ ਸੰਨ੍ਹ ਲਾ ਲੈਂਦੇ ਹਨ। ਇਹ ਖ਼ਾਸ ਤੌਰ 'ਤੇ ਕਮਜ਼ੋਰ ਰੋਗ ਪ੍ਰਤੀਰੋਧਕ ਸਮਰੱਥਾ ਵਾਲੇ ਰੋਗੀਆਂ ਤੇ ਮਕੈਨੀਕਲ ਵੈਂਟੀਲੇਸ਼ਨ ਦਾ ਸਹਾਰਾ ਲੈਣ ਵਾਲਿਆਂ ਲਈ ਖਤਰਾ ਹਨ, ਜਿਨ੍ਹਾਂ ਦੀ ਮੌਤ ਦਰ ਦਾ ਜੋਖਮ 50 ਫੀਸਦੀ ਤੱਕ ਹੁੰਦਾ ਹੈ। ਇਸ ਵਿੱਚ ਟੀਮ ਨੇ ਦੱਸਿਆ ਕਿ ਕਿਵੇਂ ਸਿਊਡੋਮੋਨਾਸ ਫੇਫੜਿਆਂ ਦੇ ਟਿਸ਼ੂਜ਼ ਦੀ ਉਪਰੀ ਪਰਤ ਨੂੰ ਤੋੜਦਾ ਹੈ ਤੇ ਪ੍ਰਯੋਗਸ਼ਾਲਾ 'ਚ ਵਿਕਸਿਤ ਮਨੁੱਖੀ ਫੇਫੜਿਆਂ ਦੇ ਸੂਖਮ ਟਿਸ਼ੂਜ਼ ਦੀ ਵਰਤੋਂ ਕਰ ਕੇ ਡੂੰਘੇ ਖੇਤਰਾਂ 'ਤੇ ਹਮਲਾ ਕਰਦਾ ਹੈ। ਇਹ ਅਸਲ ਤੌਰ 'ਤੇ ਇਕ ਮਰੀਜ਼ ਦੇ ਸਰੀਰ ਅੰਦਰ ਇਨਫੈਕਸ਼ਨ ਪ੍ਰਕਿਰਿਆ ਦੀ ਨਕਲ ਕਰਦੇ ਹਨ। ਇਨ੍ਹਾਂ ਫੇਫੜਿਆਂ ਦੇ ਮਾਡਲ ਨੂੰ ਅਸੀਂ ਕੀਟਾਣੂਆਂ ਦੀ ਇਨਫੈਕਸ਼ਨ ਰਣਨੀਤੀ ਨੂੰ ਉਜਾਗਰ ਕਰਨ 'ਚ ਸਮਰੱਥ ਬਣਾਇਆ। ਬਾਇਓਜ਼ੈਂਟ੍ਰਸ 'ਚ ਪ੍ਰੋਫੈਸਰ ਜੇਨਲ ਨੇ ਕਿਹਾ ਕਿ ਇਹ ਕੋਸ਼ਿਕਾਵਾਂ ਦੇ ਅੰਦਰ ਦਾਖ਼ਲ ਹੋ ਜਾਂਦੇ ਹਨ ਤੇ ਅਖੀਰ ਉਨ੍ਹਾਂ ਨੂੰ ਮਾਰ ਦਿੰਦੇ ਹਨ। ਇਹ ਮਰੇ ਟਿਸ਼ੂਜ਼ ਦੀ ਉਪਰੀ ਸਤ੍ਹਾ ਨੂੰ ਤੋੜ ਕੇ ਰੱਖਿਆ ਪ੍ਰਣਾਲੀ ਨੂੰ ਤੋੜ ਦਿੰਦੀ ਹੈ। ਇਸ ਤਰ੍ਹਾਂ ਇਹ ਕੀਟਾਣੂ ਲਗਾਤਾਰ ਆਪਣਾ ਟਿਕਾਣਾ ਮਜ਼ਬੂਤ ਕਰਦੇ ਰਹਿੰਦੇ ਹਨ ਤੇ ਟਿਸ਼ੂਜ਼ ਨੂੰ ਡੂੰਘਾਈ ਤੱਕ ਤਬਾਹ ਕਰ ਦਿੰਦੇ ਹਨ। ਜੇਨਲ ਦੀ ਟੀਮ ਨੇ ਇਸ ਤੋਂ ਇਲਾਵਾ ਇੱਕ ਬਾਇਓਸੈਂਸਰ ਵੀ ਵਿਕਸਿਤ ਕੀਤਾ ਗਿਆ ਹੈ. ਜਿਸ ਨਾਲ ਕਿਸੇ ਖ਼ਾਸ ਬੈਕਟੀਰੀਆ ਵਿੱਚ ਅਸਲ ਸਮੇਂ 'ਚ ਸੀ-ਡੀ-ਜੀਐੱਮਪੀ ਨਾਂ ਦੇ ਮਾਲੀਕਿਊਲ ਨੂੰ ਟਰੈਕ ਕੀਤਾ ਜਾ ਸਕਦਾ ਹੈ।

## ਗੁਰਮਤਿ ਦੇ ਪ੍ਰੇਮ ਮਾਰਗ

ਅੱਜ ਜੋ ਸੰਸਾਰ ਭਰ 'ਚ ਮਨੁੱਖੀ ਚਿੰਤਾਵਾਂ, ਦੇਸ਼ਾਂ ਦੀਆਂ ਹੱਦਾਂ-ਸਰਹੱਦਾਂ, ਧਰਮਾਂ, ਮਜ਼੍ਹਬਾਂ, ਫ਼ਿਰਕਿਆਂ ਦੇ ਨਾਂਅ 'ਤੇ ਝਗੜੇ ਚੱਲ ਰਹੇ ਹਨ, ਇਨ੍ਹਾਂ ਸਾਰਿਆਂ ਦਾ ਮੂਲ ਕਾਰਨ 'ਹੰਕਾਰ' ਹੀ ਹੈ। ਦੁਨੀਆਂ ਹਉਮੈ ਕਾਰਨ ਹੀ ਬਾਰੂਦ ਦੇ ਢੇਰ 'ਤੇ ਬੈਠੀ ਹੈ। ਦੁਨੀਆ ਦੇ ਸਾਰੇ ਝਗੜੇ-ਝੇੜੇ ਤਾਂ ਆਪੇ ਖ਼ਤਮ ਹੋ ਜਾਣਗੇ, ਜਦੋਂ ਹਉਮੈ ਮਰ ਗਈ। ਹਉਮੈ ਨੂੰ ਮਾਰਨ ਲਈ ਪ੍ਰੇਮ ਕਰਨਾ ਪਵੇਗਾ। ਆਪਾ-ਸਮਰਪਣ ਕਰਨਾ ਪਵੇਗਾ। ਜਦੋਂ ਪ੍ਰੇਮ ਹੋ ਗਿਆ ਤਾਂ ਵਿਸਮਾਦੀ ਚੇਤਨਾ ਆਵੇਗੀ। ਫ਼ੇਰ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥' (ਅੰਗ-1299) ਦਾ ਰੱਬੀ ਨਗਮਾ ਹੀ ਸਾਡੀ ਦ੍ਰਿਸ਼ਟੀ ਬਣ ਜਾਵੇਗਾ। ਸਾਰੇ ਆਪਣੇ ਹੀ ਦਿਖਾਈ ਦੇਣਗੇ, ਕੋਈ ਬੇਗਾਨਾ ਨਹੀਂ ਹੋਵੇਗਾ। ਇੰਨੀ ਸਮਰੱਥ, ਵਿਸ਼ਾਲ ਤੇ ਵਿਆਪਕ ਹੈ ਪ੍ਰੇਮ ਦੀ ਖੇਡ।

***

## ਸੰਸਦ 'ਚ ਦਾਗੀ ਨੇਤਾਵਾਂ ਦੀ

ਇਹ ਸਿਰਫ਼ ਲੋਕ ਸਭਾ ਦੀ ਹੀ ਗੱਲ ਨਹੀਂ ਹੈ ਕਿ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਵਿੱਚ ਇਹ ਕਿਹੋ ਜਿਹਾ ਵਿਰੋਧਾਭਾਸ ਅਤੇ ਵਿਤਕਰਾ ਹੈ ਕਿ ਅਪਰਾਧਿਕ ਪਿਛੋਕੜ ਵਾਲਾ ਆਗੂ ਕਾਨੂੰਨ ਮੰਤਰੀ ਬਣ ਜਾਂਦਾ ਹੈ, ਕਿਸੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਨੁਮਾਇੰਦੇ ਨੂੰ ਸਿੱਖਿਆ ਮੰਤਰੀ ਬਣਾ ਦਿੱਤਾ ਜਾਂਦਾ ਹੈ। ਹੋਰ ਮਹੱਤਵਪੂਰਨ ਮੰਤਰਾਲਿਆਂ ਨਾਲ ਵੀ ਅਜਿਹਾ ਹੀ ਹੁੰਦਾ ਹੈ। ਸਿਆਸੀ ਪਾਰਟੀਆਂ ਦੀ ਇਹ ਕਿਹੜੀ ਮਜਬੂਰੀ ਹੈ? ਸਿਆਸਤ ਨੂੰ ਅਪਰਾਧੀ ਬਣਾਉਣ ਦੇ ਦਾਅਵਿਆਂ ਦੀ ਅਸਲੀਅਤ ਅਕਸਰ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਕਿਸੇ ਸੂਬੇ ਜਾਂ ਕੇਂਦਰ ਵਿੱਚ ਗੱਠਜੋੜ ਦੀ ਸਰਕਾਰ ਬਣਾਉਣ ਦਾ ਮੌਕਾ ਹੁੰਦਾ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਕੇਂਦਰ ਵਿੱਚ ਬਣੀ ਗਠਜੋੜ ਸਰਕਾਰ ਦੇ ਮੰਤਰੀ ਮੰਡਲ ਵਿੱਚ ਅਜਿਹੀਆਂ ਮਜਬੂਰੀਆਂ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਗਿਆ ਹੈ। ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਨ ਵਾਲਿਆਂ ਦੀ ਇੱਕੋ ਇੱਕ ਮੰਗ ਸੁਣਨ ਨੂੰ ਮਿਲਦੀ ਹੈ ਕਿ ਸਾਡੀਆਂ ਲਾਸ਼ਾਂ ਮਰਨ ਉਪਰੰਤ ਸਾਡੇ ਘਰਾਂ ਨੂੰ ਭੇਜੀਆਂ ਜਾਣ। ਜਦੋਂ ਅਸੀਂ ਇਹ ਪੜ੍ਹਦੇ ਹਾਂ ਤਾਂ ਸਾਡਾ ਸਿਰ ਉਨ੍ਹਾਂ ਫੌਜੀਆਂ ਨੂੰ ਸਲਾਮ ਕਰਦਾ ਹੈ, ਲੱਗਦਾ ਹੈ ਕਿ ਦੇਸ਼ ਭਗਤੀ ਅਤੇ ਕੁਰਬਾਨੀ ਦਾ ਤੱਤ ਅਜੇ ਮਰਿਆ ਨਹੀਂ ਹੈ। ਪਰ ਸਿਆਸਤ ਵਿੱਚ ਅਜਿਹਾ ਆਦਰਸ਼ ਕਦੋਂ ਮੌਜੂਦ ਹੋਵੇਗਾ? ਸਿਆਸਤ ਵਿੱਚ ਚਰਿੱਤਰ ਅਤੇ ਨੈਤਿਕਤਾ ਦੇ ਦੀਵੇ ਦੀ ਰੌਸ਼ਨੀ ਮੱਧਮ ਹੋ ਗਈ ਹੈ, ਤੇਲ ਪਾਉਣਾ ਪਵੇਗਾ। ਰਾਜਨੀਤੀ ਨੂੰ ਸ਼ੁੱਧ ਕਰਨ ਦੀ ਸਾਰਥਕ ਕੋਸ਼ਿਸ਼, ਇਸ ਨਵੇਂ ਭਾਰਤ-ਮਜ਼ਬੂਤ ਭਾਰਤ ਦੀਆਂ ਆਪਣੀਆਂ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਰਾਜਨੀਤੀ ਵਿੱਚ ਚੰਗੇ ਕਿਰਦਾਰ ਅਤੇ ਨੈਤਿਕਤਾ ਵਾਲਾ ਨੇਤਾ ਹੀ ਸਤਿਕਾਰਯੋਗ ਅਤੇ ਸਵੀਕਾਰਯੋਗ ਹੋਣਾ ਚਾਹੀਦਾ ਹੈ।

***

## ਵੱਡੇ ਸੰਕਟਾਂ ਦੇ ਚੱਕਰਵਿਊ 'ਚ

ਇੱਕ ਤਰ੍ਹਾਂ ਨਾਲ ਇਸ ਸਮੇਂ ਰਾਜ ਕਰਜ਼ੇ ਦੇ ਜਾਲ ਵਿਚ ਫਸ ਚੁੱਕਾ ਹੈ। ਜਿਹੜਾ ਨਵਾਂ ਕਰਜ਼ਾ ਚੁੱਕਿਆ ਜਾਂਦਾ ਹੈ, ਉਸ ਦਾ ਵੱਡਾ ਹਿੱਸਾ ਵੀ ਪਿਛਲੇ ਕਰਜ਼ੇ ਦਾ ਵਿਆਜ ਦੇਣ ਜਾਂ ਕਰਜ਼ੇ ਦੀ ਕਿਸ਼ਤ ਮੋੜਨ 'ਤੇ ਹੀ ਲੱਗ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਰਕਾਰ ਵੱਲੋਂ ਰੁਜ਼ਗਾਰ ਦੇ ਹੋਰ ਮੌਕੇ ਵਧਾਉਣੇ ਤਾਂ ਇਕ ਪਾਸੇ ਰਹੇ, ਉਸ ਲਈ ਆਪਣੇ ਜ਼ਰੂਰੀ ਖ਼ਰਚੇ ਪੂਰੇ ਕਰਨੇ ਵੀ ਮੁਸ਼ਕਿਲ ਹੋ ਰਹੇ ਹਨ।?

ਕੀ ਕੀਤਾ ਜਾਵੇ?

ਸਾਨੂੰ ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਉਪਰੋਕਤ ਜਿਹੜੀਆਂ ਚੁਣੌਤੀਆਂ ਪੈਦਾ ਹੋਈਆਂ ਹਨ, ਉਨ੍ਹਾਂ ਦਾ ਮੁੱਖ ਕਾਰਨ ਰਾਜ ਦੀ ਆਰਥਿਕਤਾ ਵਿੱਚ ਆਈ ਖੜੋਤ ਹੈ। ਦਹਾਕਿਆਂ ਤੱਕ ਸਾਡੀ ਆਰਥਿਕਤਾ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਤੱਕ ਸੀਮਤ ਕਰਕੇ ਰੱਖਿਆ ਗਿਆ। ਖੇਤੀ ਆਧਾਰਿਤ ਅਤੇ ਹੋਰ ਸਨਅਤਾਂ ਲਾ ਕੇ ਆਪਣੀ ਭਵਿੱਖ ਦੀ ਪੀੜ੍ਹੀ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਗਏ। ਇਸੇ ਕਰਕੇ ਨੌਜਵਾਨ ਪੀੜ੍ਹੀ ਨੂੰ ਅੱਜ ਇਥੇ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ। ਪੀੜ੍ਹੀ-ਦਰ-ਪੀੜ੍ਹੀ ਜ਼ਮੀਨ ਵੰਡੀ ਜਾਣ ਕਾਰਨ ਹੁਣ ਪਰਿਵਾਰਾਂ ਦਾ ਗੁਜ਼ਾਰਾ ਖੇਤੀ ਨਾਲ ਨਹੀਂ ਹੁੰਦਾ। ਦੇਸ਼ ਦੇ ਕਿਸਾਨਾਂ ਵਿਚੋਂ ਸਭ ਤੋਂ ਵੱਧ ਕਰਜ਼ਾ ਪੰਜਾਬ ਦੇ ਕਿਸਾਨਾਂ ਸਿਰ ਹੈ। ਰਾਜ ਦੇ ਕੁੱਲ 25 ਲੱਖ ਕਿਸਾਨਾਂ ਸਿਰ ਇਸ ਸਮੇਂ ਬੈਂਕਾਂ ਦਾ 73 ਹਜ਼ਾਰ, 673 ਕਰੋੜ ਕਰਜ਼ਾ ਹੈ। ਇਸ ਵਿੱਚ ਸ਼ਾਹੂਕਾਰਾਂ ਦਾ ਕਰਜ਼ਾ ਵੀ ਜੋੜ ਦਿੱਤਾ ਜਾਏ ਤਾਂ ਪੰਜਾਬ ਦਾ ਹਰ ਕਿਸਾਨ 2.95 ਲੱਖ ਦਾ ਕਰਜ਼ਈ ਹੋ ਚੁੱਕਾ ਹੈ। ਇਸੇ ਲਈ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵੀ ਹੋ ਰਹੀਆਂ ਹਨ। ਰਾਜ ਦੀ ਖੇਤੀ ਨੂੰ ਪੈਰਾਂ ਸਿਰ ਕਰਨ ਤੇ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਖੇਤੀ ਆਧਾਰਿਤ ਸਨਅਤਾਂ ਨੂੰ ਵੱਡੀ ਤਰਜੀਹ ਦੇਣੀ ਸਮੇਂ ਦੀ ਲੋੜ ਹੈ।

ਦੂਜੀ ਗੱਲ ਇਹ ਹੈ ਕਿ ਰਾਜ ਸਰਕਾਰ ਸਭ ਤਰ੍ਹਾਂ ਦੀਆਂ ਫ਼ਜ਼ੂਲ ਖ਼ਰਚੀਆਂ ਬੰਦ ਕਰ ਕੇ ਆਪਣੇ ਬਚੇ-ਖੁਚੇ ਸਾਧਨਾਂ ਨੂੰ ਬਿਹਤਰ ਸਿਹਤ ਸੇਵਾਵਾਂ ਅਤੇ ਸਿੱਖਿਆ ਸੇਵਾਵਾਂ ਦੇਣ ਵੱਲ ਸੇਧਤ ਕਰੇ। ਇਸ ਮਕਸਦ ਲਈ ਮੁਹੱਲਾ ਕਲੀਨਿਕਾਂ ਜਾਂ ਸਕੂਲ ਆਫ਼ ਐਮੀਨੈਂਸ ਦੇ ਨਾਂਅ 'ਤੇ ਬ੍ਰਾਂਡ ਖੜ੍ਹੇ ਕਰਨ ਦੀ ਲੋੜ ਨਹੀਂ ਹੈ, ਸਗੋਂ ਰਾਜ ਦੇ ਸਾਰੇ ਸਕੂਲਾਂ ਦੀਆਂ ਇਮਾਰਤਾਂ ਨੂੰ ਬਿਹਤਰ ਬਣਾਉਣ ਅਤੇ ਉਨ੍ਹਾਂ ਵਿਚ ਲੋੜੀਂਦੇ ਅਧਿਆਪਕ ਤੇ ਹੋਰ ਸਟਾਫ਼ ਨਿਯੁਕਤ ਕਰਨ ਅਤੇ ਇਸੇ ਤਰ੍ਹਾਂ ਰਾਜ ਦੇ ਸਾਰੇ ਹਸਪਤਾਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿੱਚ ਲੋੜੀਂਦੇ ਡਾਕਟਰ, ਨਰਸਾਂ ਅਤੇ ਫਾਰਮਸਿਸਟ ਨਿਯੁਕਤ ਕਰਨ ਦੀ ਜ਼ਰੂਰਤ ਹੈ। ਸਮੁੱਚੇ ਤੌਰ 'ਤੇ ਹੇਠਲੇ ਪੱਧਰ ਤੋਂ ਸਿਹਤ ਅਤੇ ਸਿੱਖਿਆ ਢਾਂਚੇ ਨੂੰ ਬਿਹਤਰ ਬਣਾਉਣ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ। ਫੋਕੀ ਬਿਆਨਬਾਜ਼ੀ ਅਤੇ ਇਸ਼ਤਿਹਾਰਬਾਜ਼ੀ ਨਾਲ ਇਹ ਨਿਸ਼ਾਨੇ ਹਾਸਿਲ ਨਹੀਂ ਕੀਤੇ ਜਾ ਸਕਦੇ। ਇਸੇ ਤਰ੍ਹਾਂ ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਖੇਤਰ ਵਿਚ ਪੂੰਜੀ-ਨਿਵੇਸ਼ ਵਧਾ ਕੇ ਸਨਅਤਾਂ ਲਗਾਉਣ ਦੀ ਲੋੜ ਹੈ। ਖ਼ਾਸ ਕਰਕੇ ਜਿਵੇਂ ਅਸੀਂ ਪਹਿਲਾਂ ਕਿਹਾ ਹੈ ਖੇਤੀ ਆਧਾਰਿਤ ਸਨਅਤਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਜਿਥੋਂ ਤੱਕ ਧਰਤੀ ਹੇਠਲੇ ਪਾਣੀ ਦੀ ਡਿਗਦੀ ਪੱਧਰ ਦੀ ਗੱਲ ਹੈ, ਇਸ ਲਈ ਰਵਾਇਤੀ ਅਤੇ ਗ਼ੈਰ-ਰਵਾਇਤੀ ਆਧੁਨਿਕ ਢੰਗ-ਤਰੀਕੇ ਵਰਤ ਕੇ ਬਰਸਾਤ ਦੇ ਪਾਣੀ ਨੂੰ ਵੱਧ ਤੋਂ ਵੱਧ ਜ਼ਮੀਨ ਵਿੱਚ ਰੀ-ਚਾਰਜ ਕਰਵਾਇਆ ਜਾਣਾ ਚਾਹੀਦਾ ਹੈ। ਘਰਾਂ ਤੋਂ ਲੈ ਕੇ ਵੱਡੀਆਂ ਸਨਅਤਾਂ ਵਿੱਚ ਅਜਿਹੀਆਂ ਯੋਜਨਾਵਾਂ ਪ੍ਰਭਾਵੀ ਢੰਗ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ। ਕੰਢੀ ਦੇ ਇਲਾਕੇ ਵਿੱਚ ਵੱਖ-ਵੱਖ ਥਾਵਾਂ 'ਤੇ ਚੈੱਕ ਡੈਮ ਬਣਾ ਕੇ, ਪਾਣੀ ਨੂੰ ਰੋਕ ਕੇ ਉਸ ਨੂੰ ਜ਼ਮੀਨ ਵਿੱਚ ਰੀ-ਚਾਰਜ (ਰਸਾਉਣ) ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਦਰਿਆਈ ਪਾਣੀਆਂ ਵਿਚੋਂ ਪੰਜਾਬ ਦਾ ਬਣਦਾ ਹਿੱਸਾ ਵੀ ਹਰ ਹਾਲਤ ਵਿੱਚ ਰਾਜ ਨੂੰ ਮਿਲਣਾ ਚਾਹੀਦਾ ਹੈ।

ਨਸ਼ਿਆਂ ਦੀ ਵਿਕਰਾਲ ਹੁੰਦੀ ਜਾ ਰਹੀ ਸਮੱਸਿਆ ਜਿਹੜੀ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਨਸ਼ਟ ਕਰਦੀ ਜਾ ਰਹੀ ਹੈ, ਉਸ 'ਤੇ ਕਾਬੂ ਪਾਉਣ ਲਈ ਜਿਥੇ ਰਾਜ ਦੀ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਨੂੰ ਪ੍ਰਤੀਬੱਧਤਾ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਲੋੜ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮਾਜਿਕ ਜਥੇਬੰਦੀਆਂ ਨੂੰ ਸਿੰਘ ਸਭਾ ਲਹਿਰ ਦੀ ਤਰ੍ਹਾਂ ਇੱਕ ਸਮਾਜਿਕ ਤੇ ਧਾਰਮਿਕ ਲਹਿਰ ਚਲਾ ਕੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਅਤੇ ਲਾਮਬੰਦ ਕਰਨ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ। ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਤੋਂ ਨਸ਼ੇ ਛੁਡਵਾਉਣ ਲਈ ਜਿਥੇ ਲੋੜ ਮੁਤਾਬਿਕ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਜ਼ਰੂਰਤ ਹੈ, ਉਥੇ ਅਜਿਹੇ ਨੌਜਵਾਨਾਂ ਦੇ ਆਰਥਿਕ ਤੌਰ 'ਤੇ ਮੁੜ ਵਸੇਬੇ ਲਈ ਢੁਕਵੀਆਂ ਯੋਜਨਾਵਾਂ ਬਣਾਉਣ ਦੀ ਵੀ ਜ਼ਰੂਰਤ ਹੈ।

ਇਹੋ ਜਿਹੇ ਸਮੂਹਿਕ ਯਤਨਾਂ ਨਾਲ ਹੀ ਅਸੀਂ ਪੰਜਾਬ ਨੂੰ ਅਤੇ ਆਪਣੇ ਨੌਜਵਾਨਾਂ ਨੂੰ ਅਜੋਕੀਆਂ ਚੁਣੌਤੀਆਂ ਵਿਚੋਂ ਬਾਹਰ ਕੱਢ ਸਕਦੇ ਹਾਂ। ਇਨ੍ਹਾਂ ਸਾਰੇ ਸਰੋਕਾਰਾਂ ਲਈ ਰਾਜ ਵਿੱਚ ਪ੍ਰਤੀਬੱਧ ਸਿਆਸੀ ਲੀਡਰਸ਼ਿਪ ਦਾ ਹੋਣਾ ਬੇਹੱਦ ਜ਼ਰੂਰੀ ਹੈ।

***

## ਫੌਹੜੀਆਂ ਵਾਲੀ ਸਰਕਾਰ

ਸਰਕਾਰ ਨੇ ਦੇਸ਼ ਧ੍ਰੋਹ ਅਤੇ ਮਾਣਹਾਨੀ ਦੇ ਨਾਂਅ 'ਤੇ ਜੋ ਫਰਜ਼ੀ ਮੁਕੱਦਮੇ ਦਾਇਰ ਕੀਤੇ ਹਨ, ਮੁਠਭੇੜ ਅਤੇ ਬੁਲਡੋਜ਼ਰ ਇਨਸਾਫ ਦੀ ਨੀਤੀ ਲਾਗੂ ਕੀਤੀ ਹੈ, ਉਸਨੂੰ ਉਹਨਾ ਨਿਕਾਰ ਦਿੱਤਾ ਹੈ। ਇਹ ਵੀ ਕਿ ਰਾਮ ਮੰਦਰ, ਸਿਆਸਤ ਤੋਂ ਪਰੇ ਹੈ, ਦੂਰ ਹੈ, ਇਸਦਾ ਇਸਤੇਮਾਲ ਵੋਟ ਪ੍ਰਾਪਤੀ ਲਈ ਕਰਨ ਤੋਂ ਲੋਕਾਂ ਨੇ ਨਿਕਾਰ ਦਿੱਤਾ ਹੈ। ਉਹਨਾਂ ਸੁਤੰਤਰ ਮੀਡੀਏ ਨੂੰ ਪਹਿਲ ਦਿੱਤੀ ਹੈ, ਸ਼ੋਸ਼ਲ ਮੀਡੀਆ ਰਾਹੀਂ ਲੋਕਾਂ ਆਪਣੀ ਗੱਲ ਕਹੀ ਹੈ ਅਤੇ ਇਥੋਂ ਤੱਕ ਕਿ ਗੋਦੀ ਮੀਡੀਆਂ ਦੇ ਐਗਜ਼ਿਟ ਪੋਲ ਨੂੰ ਵੀ ਲੋਕਾਂ ਨੇ ਪੱਲੇ ਨਹੀਂ ਬੰਨ੍ਹਿਆ।

ਲੋਕ ਇਹ ਨਿਰਣਾ ਕਰਨ 'ਚ ਸਫ਼ਲ ਰਹੇ ਹਨ ਕਿ ਖੇਤਰੀ ਦਲ, ਉਹਨਾਂ ਦੀਆਂ ਇਲਾਕਾਈ ਮੰਗਾਂ, ਵੀ ਰਾਸ਼ਟਰੀ ਨੇਤਾਵਾਂ ਨੂੰ ਸੁਨਣੀਆਂ ਪੈਣਗੀਆਂ। ਭਾਵੇਂ ਕਿ ਲੋਕਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਖੇਤਰੀ ਦਲ ਸੂਬਿਆਂ ਵਿੱਚ ਵੱਖਰਾ ਅਤੇ ਰਾਸ਼ਟਰੀ ਪੱਧਰ 'ਤੇ ਵੱਖਰਾ ਚਿਹਰਾ ਨਾ ਵਿਖਾਉਣ। ਨਹੀਂ ਤਾਂ ਕੇਂਦਰੀ ਹਾਕਮ ਭਾਜਪਾ ਉਵੇਂ ਹੀ ਇਹਨਾਂ ਸਿਆਸੀ ਧਿਰਾਂ 'ਤੇ 'ਲੋਟਿਸ ਅਪਰੇਸ਼ਨ' ਰਾਹੀਂ ਭੰਨ ਤੋੜ ਕਰੇਗੀ ਜਿਵੇਂ ਉਹਨਾਂ ਪਿਛਲੇ ਦਸ ਸਾਲ ਵਿਰੋਧੀ ਧਿਰਾਂ ਦੀ ਸਰਕਾਰਾਂ ਭੰਗ ਕਰਕੇ ਕੀਤਾ ਹੈ।

ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬਣਾਈ ਰੱਖਣ ਲਈ ਆਮ ਲੋਕਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਇਸ ਤੱਥ ਨੂੰ ਸਵੀਕਾਰਦਿਆਂ ਦੇਸ਼ ਦੀਆਂ ਵਿਰੋਧੀ ਧਿਰਾਂ ਸਮੇਤ ਕਾਂਗਰਸ ਨੇ ਲੋਕਾਂ ਤੱਕ ਇਹ ਅਵਾਜ਼ ਪਹੁੰਚਾਉਣ ਦਾ ਯਤਨ ਕੀਤਾ ਕਿ ਉਹ ਦੇਸ਼ 'ਚੋਂ ਬੇਰੁਜ਼ਗਾਰੀ ਦੂਰ ਕਰਨਗੇ, ਔਰਤਾਂ ਦਾ ਰਾਖਵਾਂਕਰਨ ਕਾਨੂੰਨ (ਸੰਵਿਧਾਨ ਦੀ 106 ਵੀਂ ਸੋਧ) ਤਤਕਾਲ ਲਾਗੂ ਕਰਨਗੇ, ਮਨਰੇਗਾ ਨੂੰ ਮਜ਼ਬੂਤ ਕਰਨ ਲਈ ਮਜ਼ਦੂਰਾਂ ਦੀ 400 ਰੁਪਏ ਪ੍ਰਤੀ ਦਿਨ ਦਿਹਾੜੀ ਨੀਅਤ ਕਰਨਗੇ, ਸਰਕਾਰੀ ਅਤੇ ਅਰਧ ਸਰਕਾਰੀ ਖੇਤਰਾਂ 'ਚ ਖਾਲੀ 30 ਲੱਖ ਅਸਾਮੀਆਂ ਭਰਨਗੇ, ਅਗਨੀਵੀਰ ਯੋਜਨਾ ਨੂੰ ਖ਼ਤਮ ਕਰਨਗੇ, ਖੇਤੀ ਖੇਤਰ 'ਚ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋਣਗੇ, ਨਾਗਰਿਕਤਾ ਸੋਧ ਬਿੱਲ ਉਦੋਂ ਤੱਕ ਲਾਗੂ ਨਹੀਂ ਹੋਏਗਾ, ਜਦੋਂ ਤੱਕ ਇਸਦੀ ਸੰਵਿਧਾਨਿਕ ਵੈਧਤਾ ਸੁਪਰੀਮ ਕੋਰਟ ਤਹਿ ਨਹੀਂ ਕਰੇਗਾ ਅਤੇ ਜਾਂਚ ਏਜੰਸੀਆਂ (ਸੀਬੀਆਈ, ਈਡੀ ਆਦਿ) ਨੂੰ ਇੱਕ ਸੰਯੁਕਤ ਸੰਸਦੀ ਕਮੇਟੀ ਦੀ ਨਿਗਰਾਨੀ 'ਚ ਨਹੀਂ ਕੀਤਾ ਜਾਏਗਾ ਆਦਿ, ਆਦਿ।

ਸ਼ਰਤਾਂ ਦੀਆਂ ਬੇੜੀਆਂ 'ਚ ਬੱਝੀ ਮੌਜੂਦਾ ਗਠਜੋੜ ਸਰਕਾਰ ਨੂੰ ਲੋਕਾਂ ਦੀਆਂ ਉਪਰੋਕਤ ਮੰਗਾਂ ਵੱਲ ਧਿਆਨ ਤਾਂ ਦੇਣਾ ਹੀ ਹੋਏਗਾ ਅਤੇ ਨਾਲ ਦੀ ਨਾਲ ਭਾਰਤ ਦੇਸ਼ ਦੇ ਲੋਕਾਂ ਦੀਆਂ ਅਹਿਮ ਲੋੜਾਂ ਨੂੰ ਧਿਆਨ 'ਚ ਰੱਖਣਾ ਹੋਏਗਾ। ਸਵੱਛ ਭਾਰਤ, ਵਿਕਸਤ ਭਾਰਤ, ਜਿਹੇ ਫੋਕੇ ਨਾਹਰੇ ਲੋਕਾਂ ਦੇ ਮਨਾਂ ਨੂੰ ਭਰਮਾ ਨਹੀਂ ਸਕੇ। ਨਾ ਹੀ ਉਹਨਾ ਨੂੰ 5 ਕਿਲੋ ਮੁਫ਼ਤ ਅਨਾਜ ਭਾਇਆ ਹੈ, ਕਿਉਂਕਿ ਇਸ ਨਾਲ ਉਹਨਾਂ ਦਾ ਪੇਟ ਨਹੀਂ ਭਰਦਾ। ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ।

ਇਸ ਵੇਰ ਚੋਣਾਂ 'ਚ ਨਰਿੰਦਰ ਮੋਦੀ ਦੇ ਲਈ ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਦਾ ਵੋਟ ਨਹੀਂ ਪਿਆ, ਕਿਉਂਕਿ ਪਿਛਲੇ ਇੱਕ ਦਹਾਕੇ ਦੇ ਮੋਦੀ ਰਾਜ ਵੇਲੇ ਉਹਨਾ ਦੇ ਜੀਵਨ 'ਚ ਕੋਈ ਤਬਦੀਲੀ ਨਹੀਂ ਆਈ। ਉਹ ਅੱਛੇ ਦਿਨਾਂ ਦਾ ਸੁਪਨਾ ਵੀ ਭੁੱਲ ਚੁੱਕੇ ਹਨ, ਭਾਵੇਂ ਕਿ ਇਸ ਦਹਾਕੇ 'ਚ ਵੱਡੇ-ਵੱਡੇ ਰਨ-ਵੇ ਬਣੇ, ਪਿੰਡਾਂ ਦੀਆਂ ਸੜਕਾਂ ਦਾ ਨਿਰਮਾਣ ਵੀ ਹੋਇਆ, ਪਰ ਲੋਕਾਂ ਨੂੰ ਇਸਦਾ ਲਾਭ ਨਹੀਂ ਹੋਇਆ।

ਪਰ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਅਗਲੇ 100 ਦਿਨਾਂ 'ਚ ਮੋਦੀ ਕੀ ਲੋਕਾਂ ਲਈ ਕੋਈ ਨਿਵੇਕਲਾ, ਅਸਲੀ ਰੋਡ ਮੈਪ ਦੇਣਗੇ, ਆਪਣਾ ਤਾਨਾਸ਼ਾਹੀ ਚਿਹਰਾ ਸੁਧਾਰਨ ਦਾ ਯਤਨ ਕਰਨਗੇ? ਗੱਠਜੋੜ ਭਾਈਵਾਲਾਂ ਦੀ ਗੱਲ ਸੁਣਨਗੇ?

ਅਸਲ 'ਚ ਜਿਹਨਾ ਰਾਹਾਂ 'ਤੇ ਨਰਿੰਦਰ ਮੋਦੀ ਸਰਕਾਰ ਪਿਛਲੇ ਦਹਾਕੇ ਤੁਰੀ, ਉਹਨੂੰ ਲੋਕਤੰਤਰੀ ਨਹੀਂ ਤਾਨਾਸ਼ਾਹੀ ਕਹਿੰਦੇ ਹਨ। ਇਹੋ ਜਿਹੀ ਤਾਨਾਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਸੀ, ਜੋ ਲੋਕਾਂ ਨੇ ਲੋਕ ਸਭਾ ਚੋਣਾਂ 'ਚ ਪਾ ਦਿੱਤੀ ਹੈ ਅਤੇ ਹਾਕਮ ਅਤੇ ਇਥੋਂ ਤੱਕ ਕਿ ਵਿਰੋਧੀ ਧਿਰਾਂ ਦੇ ਵੀ ਕਈ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ ਭਾਵੇਂ ਕਿ ਨਰਿੰਦਰ ਮੋਦੀ ਹਾਰਨ ਬਾਅਦ ਵੀ ਇਹ ਕਹਿੰਦੇ ਹਨ, ਨਾ ਹਮ ਹਾਰੇ ਥੇ ਨਾ ਹਾਰੇ ਹੈਂ।

***

## ਮੋਦੀ ਸਰਕਾਰ ਦਾ

ਉਹ ਲੰਬੇ ਸਮੇਂ ਤੋਂ ਆਪਣੇ-ਆਪਣੇ ਰਾਜਾਂ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰਦੇ ਰਹੇ ਹਨ ਅਤੇ ਆਪਣੇ ਫਿਸਲਣ ਭਰੇ ਚਰਿੱਤਰ ਲਈ ਜਾਣੇ ਜਾਂਦੇ ਹਨ। ਨਿਤਿਸ਼ ਕੁਮਾਰ, ਜਿਨ੍ਹਾਂ ਨੂੰ ਉਨ੍ਹਾਂ ਦੇ ਲਗਾਤਾਰ ਪਲਟੀ ਮਾਰਨ ਕਾਰਨ 'ਪਲਟੂ ਕੁਮਾਰ' ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ, ਨੇ 2014 'ਚ ਭਾਜਪਾ ਵਲੋਂ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨਣ ਦੇ ਮੁੱਦੇ 'ਤੇ ਭਾਜਪਾ ਨਾਲ ਆਪਣੀ ਸਾਂਝੇਦਾਰੀ ਖ਼ਤਮ ਕਰ ਲਈ ਸੀ। ਬਾਅਦ 'ਚ ਉਹ ਐਨ.ਡੀ.ਏ. 'ਚ ਸ਼ਾਮਿਲ ਹੋ ਗਏ ਅਤੇ 2022 'ਚ ਫਿਰ ਤੋਂ ਭਾਜਪਾ ਨਾਲੋਂ ਨਾਤਾ ਤੋੜ ਕੇ ਆਰ.ਜੇ.ਡੀ. ਦੇ ਨਾਲ ਸਰਕਾਰ ਬਣਾ ਲਈ। ਇਸ ਸਾਲ ਉਹ ਫਿਰ ਤੋਂ ਐਨ.ਡੀ.ਏ. 'ਚ ਪਰਤ ਆਏ ਹਨ।

ਗੱਠਜੋੜ ਦੀ ਰਾਜਨੀਤੀ ਅਤੇ ਕਮਜ਼ੋਰ ਲੋਕ ਮੱਤ ਕਾਰਨ ਸਰਕਾਰ ਦੀਆਂ ਸੁਧਾਰ ਯੋਜਨਾਵਾਂ ਸੰਬੰਧੀ ਕਾਨੂੰਨ ਪਾਸ ਕਰਨ 'ਚ ਸਮਾਂ ਲੱਗ ਸਕਦਾ ਹੈ ਅਤੇ ਕੋਸ਼ਿਸ਼ਾਂ ਕਰਨੀਆਂ ਪੈ ਸਕਦੀਆਂ ਹਨ। ਬਹੁਮਤ ਨਾ ਹੋਣ ਦੇ ਬਾਵਜੂਦ, ਵਿਰੋਧੀ ਧਿਰ ਦੇ ਕੋਲ ਸੰਸਦੀ ਕਮੇਟੀਆਂ 'ਚ ਵਿਵਾਦਤ ਕਾਨੂੰਨਾਂ ਨੂੰ ਪਾਸ ਹੋਣ ਨਾਲ ਰੋਕਣ ਲਈ ਪੂਰੇ ਮੈਂਬਰ ਹੋਣਗੇ। ਇਸ ਦਾ ਮਤਲਬ ਹੈ ਕਿ ਭਾਜਪਾ ਦੇ ਏਜੰਡੇ ਨੂੰ ਅੱਗੇ ਵਧਾਉਣ ਦੀ ਮੋਦੀ ਦੀ ਸਮਰੱਥਾ ਨੂੰ ਚੁਣੌਤੀ ਦਿੱਤੀ ਜਾਵੇਗੀ। 'ਸਮਾਨ ਨਾਗਰਿਕ ਕਾਨੂੰਨ' ਅਤੇ 'ਇੱਕ ਰਾਸ਼ਟਰ, ਇੱਕ ਚੋਣ' ਵਰਗੀਆਂ ਮਹੱਤਵਪੂਰਨ ਨੀਤੀਆਂ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਨੀਤੀ-ਨਿਰਮਾਣ ਦੀ ਗਤੀ ਧੀਮੀ ਹੋ ਸਕਦੀ ਹੈ ਅਤੇ ਸਰਕਾਰ ਦੇ ਸੁਧਾਰ ਚਾਰਟ 'ਤੇ ਮੁੜ ਵਿਚਾਰ ਹੋ ਸਕਦਾ ਹੈ। ਰਾਜਨੀਤਕ ਗੱਠਜੋੜਾਂ 'ਚ ਬਦਲਾਅ ਹੈਰਾਨੀਜਨਕ ਨਹੀਂ ਹੋਵੇਗਾ। ਮੋਦੀ ਅਗਲੇ ਦੋ ਜਾਂ ਤਿੰਨ ਸਾਲਾਂ 'ਚ ਆਪਣੀ ਘੱਟ-ਗਿਣਤੀ ਸਰਕਾਰ ਨੂੰ ਬਹੁਮਤ 'ਚ ਬਦਲਣ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ ਪਰ ਸ਼ੁਰੂ 'ਚ ਸੱਤਾ ਸੰਤੁਲਨ ਲਈ ਇਹ ਇੱਕ ਮੁਸ਼ਕਿਲ ਕੰਮ ਹੋਵੇਗਾ।

***

## ਨਛੱਤਰ ਛੱਤਾ

ਕੇਵਲ ਭਦੌੜ, ਸੁੱਖਾ ਸਾਦਿਕ ਵਾਲਾ, ਬਲਵੰਤ ਖੰਨਾਂ ਆਦਿ ਗੀਤਕਾਰਾਂ ਦੇ ਗੀਤ ਗਾਏ। ਪ੍ਰੋਫ਼ੈਸਰ ਮੋਹਨ ਸਿੰਘ ਮੇਲਾ ਜਗਦੇਵ ਸਿੰਘ ਜੱਸੋਵਾਲ ਦੀ ਬਦੌਲਤ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਖੱਟ ਗਿਆ ਸੀ। ਮੇਲਿਆਂ ਦਾ ਅਗਾਜ਼ ਪ੍ਰੋਫ਼ੈਸ਼ਰ ਮੋਹਨ ਸਿੰਘ ਮੇਲੇ ਤੋਂ ਹੀ ਹੋਇਆ ਸੀ। ਬਾਰਾਂ ਤੇਰਾਂ ਸਾਲ ਮੇਲਾ ਪੂਰੇ ਜੋਬਨ 'ਤੇ ਰਿਹਾ। 20 ਅਕਤੂਬਰ ਨੂੰ ਲੋਕ ਪੰਜਾਬੀ ਭਵਨ ਲੁਧਿਆਣਾ ਵੱਲ ਵਹੀਰਾਂ ਘੱਤ ਦਿੰਦੇ ਸਨ। ਉਥੇ ਆਪਣੀ ਗਾਇਕੀ ਦਾ ਜੌਹਰ ਵਿਖਾ ਕੇ ਕਈ ਕਲਾਕਾਰ ਨਾਮਵਰ ਗਾਇਕ ਬਣ ਗਏ ਸਨ, ਇਸ ਤਰਾਂ ਹੀ ਉਥੇ ਛੱਤੇ ਨੇ ਜਦ ਉੱਚੀ ਹੇਕ ਅਤੇ ਉੱਚੀ ਆਵਾਜ਼ ਵਿੱਚ ਗੀਤ ਗਾਇਆ ਤਾਂ ਉਥੇ ਮਾਣਕ ਗੱਲ ਵਿੱਚ ਹਾਰ ਪਾਈ ਬੈਠਾ ਸੀ ਉਸ ਨੇ ਆਪਣੇ ਗੱਲ ਵਿਚੋਂ ਹਾਰ ਲਾ ਕੇ ਛੱਤੇ ਦੇ ਗੱਲ ਵਿੱਚ ਪਾਉਂਦਾ ਹੋਇਆ ਕਹਿਣ ਲੱਗਾ ਕਿ ਬਠਿੰਡੇ ਜ਼ਿਲ੍ਹੇ ਵਿੱਚ ਇੱਕ ਮਾਣਕ ਹੋਰ ਪੈਦਾ ਹੋ ਗਿਆ ਹੈ। ਕੁਲਦੀਪ ਮਾਣਕ ਨੇ ਛੱਤੇ ਦੀ ਗਇਕੀ 'ਤੇ ਮੋਹਰ ਲਾ ਦਿੱਤੀ ਸੀ।

ਨਛੱਤਰ ਛੱਤਾ ਸਾਡੇ ਕੋਲੋਂ 7 ਮਈ 1992 ਨੂੰ ਬੱਤੀ ਸਾਲ ਦੀ ਉਮਰ ਵਿੱਚ ਸਦਾ ਲਈ ਵਿਛੜ ਗਿਆ। ਉਹ ਗਾਉਂਦਾ ਹੁੰਦਾ ਸੀ 'ਸਾਭ ਕੇ ਹੱਡਾਂ ਦੀ ਮੁੱਠੀ ਰੱਬ ਨੂੰ ਫੜਾਦੂ, ਕਹਿਦੂ ਗੀ ਕੇ ਯਾਰ ਜਿੰਦ ਲੈ ਗਿਆ।' ਪਤਾ ਨਹੀਂ ਉਹ ਕਿਹੋ ਜਿਹਾ ਸਮਾਂ ਆਇਆ ਆਪਣੇ ਪ੍ਰੀਵਾਰ ਅਤੇ ਸਰੋਤਿਆਂ ਤੋਂ ਚੋਰੀ ਅਪਣੇ ਹੱਡਾਂ ਦੀ ਮੁਠੀ ਰੱਬ ਨੂੰ ਫੜਾ ਆਇਆ। ਭਰ ਜਵਾਨੀ ਵਿੱਚ ਸਾਥ ਛੱਡ ਕੇ ਚੱਲਿਆ ਗਿਆ। ਛੱਤੇ ਦੇ ਇਸ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਇਸ ਪ੍ਰੀਵਾਰ ਦੀ ਆਰਥਿਕ ਹਾਲਤ ਬਹੁਤ ਮਾੜੀ ਹੋ ਗਈ। ਇਸ ਦਾ ਇੱਕ ਬੇਟਾ ਸੰਦੀਪ ਛੱਤਾ, ਉਸ ਦਾ ਖੂਨ ਨਾ ਬਣਦਾ ਕਰਕੇ ਸਰੀਰਕ ਰੋਗੀ ਸੀ। ਇਲਾਜ ਨਾਂ ਕਰਵਾ ਸਕਣ ਕਰਕੇ ਭਰ ਜਵਾਨੀ 24 ਸਾਲ ਦੀ ਉਮਰ ਵਿੱਚ 6 ਅਗਸਤ 2015 ਨੂੰ ਉਸ ਦੀ ਮੌਤ ਹੋ ਗਈ ਸੀ। ਇਸ ਸਦਮੇ ਨਾਲ ਪ੍ਰੀਵਾਰ 'ਤੇ ਦੁੱਖਾਂ ਦਾ ਪਹਾੜ ਹੋਰ ਟੁੱਟ ਪਿਆ। ਅਜਿਹੇ ਦੁੱਖਾਂ ਕਰਕੇ ਛੱਤੇ ਦੇ ਘਰਵਾਲੀ ਰਾਣੀ ਕੌਰ ਦਿਮਾਗੀ ਸੰਤੁਲਨ ਗਵਾ ਬੈਠੀ ਸੀ ਜੋ ਕੁਝ ਸਮਾਂ ਪਹਿਲਾਂ ਸਰੀਰ ਛੱਡ ਚੁੱਕੀ ਹੈ। ਨਛੱਤਰ ਛੱਤੇ ਦੇ ਦੋ ਲੜਕੀਆਂ ਹਨ। ਵੱਡੀ ਲੜਕੀ ਹਰਮਨ ਛੱਤਾ ਇੱਥੇ ਰਹਿ ਕੇ ਗਾਇਕੀ ਨੂੰ ਹੱਥ ਮਾਰ ਰਹੀ ਹੈ। ਕਿਸੇ ਸਰਕਾਰ ਜਾਂ ਕਿਸੇ ਵੀ ਸੰਸਥਾ ਨੇ ਇਸ ਪ੍ਰੀਵਾਰ ਦੀ ਕੋਈ ਬਾਂਹ ਨਹੀਂ ਫੜੀ। ਪ੍ਰੀਵਾਰ ਨੂੰ ਕੁਝ ਵਿਅਕਤੀ ਛੱਡ ਕੇ ਬਾਕੀ ਉਹਨਾਂ ਵਿਅਕਤੀਆਂ 'ਤੇ ਗਿਲਾ ਸ਼ਿਕਵਾ ਰਿਹਾ ਹੈ ਜੋ ਨਛੱਤਰ ਛੱਤੇ ਦੇ ਜਿਉਂਦੇ ਜੀ ਛੱਤੇ ਦੇ ਘਰ ਆਉਂਦੇ ਸਨ ਪਰ ਪ੍ਰੀਵਾਰ ਦੇ ਮਸੀਬਤ ਵਿੱਚ ਘਿਰਨ ਤੋਂ ਬਾਅਦ ਉਹ ਵੀ ਮੁੱਖ ਮੋੜ ਗਏ ਕਿਸੇ ਨੇ ਆਕੇ ਇਸ ਪ੍ਰੀਵਾਰ ਦੀ ਬਾਤ ਨਹੀਂ ਪੁੱਛੀ। ਨਛੱਤਰ ਛੱਤੇ ਦਾ ਛੋਟਾ ਭਰਾ ਹਰਬੰਸ ਛੱਤਾ ਵੀ ਵਧੀਆ ਗਾਇਕ ਹੈ।

***

## ਪੰਜਾਬ ਕਿਤੇ ਬਣ ਨਾ ਜਾਵੇ

ਪਰ ਇਸ ਦੇ ਬਾਵਜੂਦ ਪਾਣੀ ਦੀ ਕਮੀ ਦੇ ਪੱਖ ਤੋਂ ਪੰਜਾਬ ਦੇ ਕਿਸਾਨਾਂ ਸਮੇਤ ਹਰ ਵਰਗ ਨੂੰ ਸੋਚਣ ਦੀ ਲੋੜ ਹੈ ਕਿਉਂਕਿ ਜੇਕਰ ਇਸੇ ਤਰ੍ਹਾਂ ਰਾਜ ਵਿੱਚ ਪਾਣੀ ਦਾ ਪੱਧਰ ਹੇਠਾਂ ਜਾਂਦਾ ਰਿਹਾ ਅਤੇ ਬਰਸਾਤ ਦੇ ਪਾਣੀ ਨੂੰ ਧਰਤੀ ਵਿੱਚ ਰਚਾਉਣ ਲਈ ਜੰਗੀ ਪੱਧਰ 'ਤੇ ਢੁਕਵੇਂ ਪ੍ਰਬੰਧ ਨਾ ਕੀਤੇ ਗਏ ਤਾਂ ਇਥੇ ਬੇਹੱਦ ਗੰਭੀਰ ਹਾਲਾਤ ਪੈਦਾ ਹੋ ਸਕਦੇ ਹਨ। ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਜਲ ਸੰਕਟ ਬਾਰੇ ਸਹੀ ਨੀਤੀਆਂ ਘੜਨ ਦੀ ਲੋੜ ਹੈ।

ਧਰਤੀ ਹੇਠਲੇ ਘੱਟ ਹੁੰਦੇ ਪਾਣੀ ਦੀ ਇਸ ਸਮੱਸਿਆ ਲਈ ਸਿਰਫ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਬਲਕਿ ਹੋਰਨਾਂ ਖੇਤਰਾਂ ਵਿੱਚ ਵੀ ਪਾਣੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਮੀਂਹ ਆਦਿ ਦੇ ਪਾਣੀ ਨੂੰ ਸੋਧ ਕੇ ਵਰਤਿਆ ਜਾਂਦਾ ਹੈ। ਇਸ ਕਰ ਕੇ ਇੱਥੋਂ ਦੇ ਬਰਸਾਤੀ ਨਾਲਿਆਂ ਨੂੰ ਸਾਫ਼ ਕਰਕੇ ਤੇ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਉਪਰਾਲੇ ਕਰਨੇ ਜ਼ਰੂਰੀ ਹਨ।

ਪਾਣੀ ਬਚਾਉਣ ਲਈ ਝੋਨੇ ਵਿਰੁਧ ਛਿੜੀ ਮੁਹਿੰਮ

ਜ਼ਿਲ੍ਹਾ ਬਠਿੰਡਾ ਦੇ ਪਿੰਡ ਬੱਲ੍ਹੋ ਨੇ ਹੁਣ ਜ਼ਮੀਨੀ ਪਾਣੀ ਬਚਾਉਣ ਲਈ 'ਬੱਲ੍ਹੋ ਮਾਡਲ' ਤਿਆਰ ਕੀਤਾ ਹੈ। ਪੰਜਾਬ ਵਿੱਚ ਝੋਨੇ ਦੀ ਲੁਆਈ ਸ਼ੁਰੂ ਹੋ ਚੁੱਕੀ ਹੈ ਅਤੇ ਜੂਨ ਦੇ ਆਖ਼ਰੀ ਹਫ਼ਤੇ ਮੌਨਸੂਨ ਆਉਣ ਦੀ ਸੰਭਾਵਨਾ ਹੈ। ਪਿੰਡ ਬੱਲ੍ਹੋ ਦੀ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਨੇ ਐਲਾਨ ਕੀਤਾ ਹੈ ਕਿ ਪਿੰਡ ਬੱਲ੍ਹੋ ਦਾ ਜੋ ਵੀ ਕਿਸਾਨ 25 ਜੂਨ ਤੋਂ ਬਾਅਦ ਝੋਨੇ ਦੀ ਲੁਆਈ ਕਰੇਗਾ, ਉਸ ਨੂੰ ਸੰਸਥਾ ਵੱਲੋਂ ਪ੍ਰਤੀ ਏਕੜ 500 ਰੁਪਏ ਦਾ ਵਿੱਤੀ ਇਨਾਮ ਦਿੱਤਾ ਜਾਵੇਗਾ।

ਗੁਰਬਚਨ ਸਿੰਘ ਸੇਵਾ ਸਮਿਤੀ ਸੁਸਾਇਟੀ ਵੱਲੋਂ ਉਨ੍ਹਾਂ ਕਿਸਾਨਾਂ ਨੂੰ ਵੀ ਵਿੱਤੀ ਮਦਦ ਦਿੱਤੀ ਜਾਂਦੀ ਹੈ ਜਿਨ੍ਹਾਂ ਵੱਲੋਂ ਪਰਾਲੀ ਨੂੰ ਸਾੜਿਆ ਨਹੀਂ ਜਾਂਦਾ। ਸੰਸਥਾ ਦੇ ਸਰਪ੍ਰਸਤ ਗੁਰਮੀਤ ਸਿੰਘ ਮਾਨ ਅਤੇ ਦਵਿੰਦਰ ਸਿੰਘ ਫਰਾਂਸ ਨੇ ਕਿਹਾ ਕਿ ਪੰਜਾਬ ਦੀ ਆਬੋ-ਹਵਾ ਵਿੱਚ ਪਹਿਲਾਂ ਹੀ ਵਿਗਾੜ ਪੈਦਾ ਹੋ ਗਏ ਹਨ ਅਤੇ ਜ਼ਮੀਨੀ ਪਾਣੀ ਬਚਾਉਣਾ ਹੁਣ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪ੍ਰੇਰਿਤ ਕਰਨ ਵਾਸਤੇ ਉਨ੍ਹਾਂ ਨੇ 25 ਜੂਨ ਤੋਂ ਬਾਅਦ ਝੋਨਾ ਲਾਉਣ ਵਾਲੇ ਕਿਸਾਨਾਂ ਨੂੰ ਨਗਦ ਇਨਾਮ ਦੇਣ ਦਾ ਫ਼ੈਸਲਾ ਕੀਤਾ ਹੈ। ਪਿੰਡ ਬੱਲ੍ਹੋ ਵਿੱਚ ਕਰੀਬ 2800 ਏਕੜ ਰਕਬੇ ਵਿੱਚ ਝੋਨੇ ਦੀ ਲੁਆਈ ਹੁੰਦੀ ਹੈ।

ਇਸ ਦੌਰਾਨ ਮਾਨਸਾ ਜ਼ਿਲ੍ਹੇ ਦਾ ਪਿੰਡ ਭੈਣੀਬਾਘਾ ਵੀ ਸਮੇਂ ਤੋਂ ਪਹਿਲਾਂ ਹੀ ਝੋਨਾ ਲਾਉਣ ਕਾਰਨ ਚਰਚਾ ਵਿੱਚ ਆਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਅਤੇ ਸਮਾਜਿਕ ਕਾਰਕੁਨ ਲੱਖਾ ਸਿਧਾਣਾ ਨੇ ਪਿੰਡ ਭੈਣੀਬਾਘਾ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਜ਼ਮੀਨੀ ਪਾਣੀ ਬਚਾਉਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉਹ 20 ਦਿਨ ਪਛੜ ਕੇ ਝੋਨਾ ਲਾਉਣ ਤਾਂ ਕਿ ਜ਼ਮੀਨੀ ਪਾਣੀ ਬਚਾਇਆ ਜਾ ਸਕੇ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਕਿਹਾ ਹੈ ਕਿ ਜੇ ਝੋਨਾ 20 ਦਿਨ ਪਛੜ ਕੇ ਲਾਇਆ ਜਾਂਦਾ ਹੈ ਤਾਂ ਜ਼ਮੀਨੀ ਪਾਣੀ ਵੱਡੇ ਪੱਧਰ 'ਤੇ ਬਚ ਸਕਦਾ ਹੈ। ਲੱਖਾ ਸਿਧਾਣਾ ਨੇ ਨਹਿਰੀ ਬੰਦੀ 'ਤੇ ਸੁਆਲ ਉਠਾਏ ਹਨ ਕਿ ਪਾਣੀ ਦੀ ਲੋੜ ਸਮੇਂ ਨਹਿਰਾਂ ਬੰਦ ਕਰ ਦਿੱਤੀਆਂ ਗਈਆਂ ਹਨ। ਲੋਕ ਅਧਿਕਾਰ ਲਹਿਰ ਦੇ ਆਗੂ ਰੁਪਿੰਦਰਪਾਲ ਸਿੰਘ ਤਲਵੰਡੀ ਸਾਬੋ ਦਾ ਕਹਿਣਾ ਸੀ ਕਿ ਪੰਜਾਬ ਵਿੱਚ ਤਾਂ ਪਹਿਲਾਂ ਹੀ 17 ਬਿਲੀਅਨ ਕਿਊਬਿਕ ਮੀਟਰ ਦੀ ਥਾਂ ਸਾਲਾਨਾ 27 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਵਿਚੋਂ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਝੋਨੇ ਦੀ ਲੁਆਈ ਲਈ ਤੇਜ਼ੀ ਨਾ ਦਿਖਾਉਣ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com